ਸ਼ੁੱਕਰਵਾਰ, 10 ਅਕਤੂਬਰ, 2025
25 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 130

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 10 OCTOBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# 3100 ਤੋਂ ਵੱਧ ਅੱਤ-ਆਧੁਨਿਕ ਸਟੇਡੀਅਮ ਬਣਨਗੇ

## ਖੇਡ ਮੈਦਾਨ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ 'ਚ ਅਹਿਮ ਭੂਮਿਕਾ ਨਿਭਾਉਣਗੇ : ਕੇਜਰੀਵਾਲ

## ਨਸ਼ਿਆਂ ਰਾਹੀਂ ਜਵਾਨੀ ਦਾ ਘਾਣ ਕਰਨ ਵਾਲਿਆਂ ਨਾਲ ਨਰਮੀ ਨਹੀਂ ਵਰਤੀ ਜਾਵੇਗੀ : ਮਾਨ

**ਕਾਲਝਰਾਨੀ (ਬਠਿੰਡਾ)** : ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰ ਕੇ ਨਸ਼ਿਆਂ ਵਿਰੁੱਧ ਜੰਗ ਨੂੰ ਸਿਖ਼ਰ ਉੱਤੇ ਲਿਜਾਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵੀਰਵਾਰ 1194 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਭਰ ਵਿੱਚ 3100 ਤੋਂ ਵੱਧ ਅਤਿ-ਆਧੁਨਿਕ ਸਟੇਡੀਅਮ ਬਣਾਉਣ ਦੀ ਇਕ ਵੱਡ-ਆਕਾਰੀ ਯੋਜਨਾ ਦੀ ਸ਼ੁਰੂਆਤ ਕੀਤੀ।

ਇੱਥੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੂਬੇ ਦੇ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਢੰਗ ਨਾਲ ਵਰਤਣ ਲਈ ਇਹ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ।ਇਹ ਖੇਡ ਮੈਦਾਨ 'ਯੁੱਧ ਨਸ਼ਿਆਂ ਵਿਰੁੱਧ' ਅਤੇ 'ਰੰਗਲਾ ਪੰਜਾਬ' ਮੁਹਿੰਮ ਨੂੰ ਸਿਖ਼ਰ ਉੱਤੇ ਲੈ ਜਾ ਕੇ ਮਹੱਤਵਪੂਰਨ ਯੋਗਦਾਨ ਪਾਉਣਗੇ। ਕੇਜਰੀਵਾਲ ਨੇ ਕਿਹਾ ਕਿ ਪਹਿਲੇ ਪੜਾਅ ਵਿੱਚ



ਵੱਡੀ ਆਬਾਦੀ ਵਾਲੇ ਪਿੰਡਾਂ ਦੀ ਚੋਣ ਕੀਤੀ ਗਈ ਹੈ, ਇਹ ਖੇਡ ਮੈਦਾਨ ਅੱਧੇ ਏਕੜ ਤੋਂ ਚਾਰ ਏਕੜ ਤੱਕ ਦੇ ਰਕਬੇ ਵਿੱਚ ਬਣਾਏ ਜਾਣਗੇ।ਉਨ੍ਹਾ ਕਿਹਾ ਕਿ 2022 ਤੋਂ ਪਹਿਲਾਂ ਖੇਡਾਂ ਦਾ ਬਜਟ ਸਿਰਫ਼ 100 ਕਰੋੜ ਰੁਪਏ ਸੀ, ਜਦੋਂ ਕਿ ਮੌਜੂਦਾ ਸਰਕਾਰ ਨੇ ਇਸ ਨੂੰ ਵਧਾ ਕੇ ਇਕ ਹਜ਼ਾਰ ਕਰੋੜ ਰੁਪਏ ਕਰ ਦਿੱਤਾ ਹੈ। ਕੇਜਰੀਵਾਲ ਨੇ ਕਿਹਾ ਕਿ ਇਕ ਸੀਨੀਅਰ ਸਿਆਸੀ ਆਗੂ, ਜਿਸ ਨੂੰ ਕਦੇ ਅਜਿੱਤ ਮੰਨਿਆ ਜਾਂਦਾ ਸੀ, ਹੁਣ ਜੇਲ੍ਹ ਵਿੱਚ ਸੜ ਰਿਹਾ ਹੈ। ਉਨ੍ਹਾ ਕਿਹਾ ਕਿ ਲੋਕ ਕਹਿੰਦੇ ਸਨ ਕਿ ਕੋਈ ਉਸ ਨੂੰ ਗ੍ਰਿਫ਼ਤਾਰ ਨਹੀਂ ਕਰ ਸਕਦਾ, ਪਰ ਅਸੀਂ ਅਜਿਹਾ ਕਰ ਕੇ ਦਿਖਾਇਆ, ਜਿਸ ਤੋਂ ਬਾਅਦ ਵਿਰੋਧੀ ਪਾਰਟੀਆਂ ਦਾ ਨਾਪਾਕ ਗਠਜੋੜ ਬੇਨਕਾਬ ਹੋਇਆ।

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪਹਿਲਾਂ ਖੇਡਾਂ ਦੇ ਖੇਤਰ ਵਿੱਚ ਬੁਨਿਆਦੀ ਢਾਂਚਾ ਨਿਗੂਣਾ ਸੀ, ਪਰ ਹੁਣ ਆਧੁਨਿਕ ਖੇਡ ਮੈਦਾਨ ਬਣਾਏ ਜਾਣਗੇ। ਉਨ੍ਹਾ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਚਾਰ ਕੌਮੀ ਟੀਮਾਂ ਦੀ ਕਪਤਾਨੀ ਪੰਜਾਬੀਆਂ ਵੱਲੋਂ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚ ਹਰਮਨਪ੍ਰੀਤ ਕੌਰ, ਸ਼ੁਭਮਨ ਗਿੱਲ ਅਤੇ ਹਰਮਨਪ੍ਰੀਤ ਸਿੰਘ ਸ਼ਾਮਲ ਹਨ।ਮੁੱਖ ਮੰਤਰੀ ਨੇ ਕਿਹਾ ਕਿ ਅੱਜ ਨੌਂ ਪੰਜਾਬੀ ਖਿਡਾਰੀ ਕੌਮੀ ਹਾਕੀ ਟੀਮ ਦੇ ਮੈਂਬਰ ਹਨ, ਜੋ ਦਰਸਾਉਂਦਾ ਹੈ ਕਿ ਸੂਬਾ ਖੇਡਾਂ • ਬਾਕੀ ਸਫਾ 2 'ਤੇ

# ਲੇਬਰ ਸ਼ਕਤੀ ਨੀਤੀ-2025 ਦਾ ਮਸੌਦਾ ਏਟਕ ਵੱਲੋਂ ਰੱਦ

## ਭਾਰਤੀ ਲੇਬਰ ਕਾਨਫਰੰਸ ਤੁਰੰਤ ਬੁਲਾਉਣ ਦੀ ਮੰਗ

**ਲੁਧਿਆਣਾ (ਐੱਮ ਐੱਸ ਭਾਟੀਆ)**

ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਨੇ ਲੇਬਰ ਸ਼ਕਤੀ ਨੀਤੀ-2025 ਦੇ ਮਸੌਦੇ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ।ਇਹ ਨੀਤੀ ਭਾਜਪਾ ਸਰਕਾਰ ਵੱਲੋਂ ਇੱਕਤਰਫਾ ਤੌਰ 'ਤੇ ਥੋਪੀ ਗਈ ਧੌਂਸ ਵਜੋਂ ਸਾਹਮਣੇ ਆਈ ਹੈ, ਜੋ ਕਿ ਸਥਾਪਤ ਤ੍ਰਿਪੱਖੀ ਪ੍ਰਕਿਰਿਆ ਦਾ ਸਾਫ਼ ਉਲੰਘਣ ਹੈ। ਇਹ ਗੰਭੀਰ ਅਤੇ ਗੈਰ-ਲੋਕਤੰਤਰਿਕ ਕਦਮ ਮਜ਼ਦੂਰਾਂ ਅਤੇ ਟਰੇਡ ਯੂਨੀਅਨਾਂ ਲਈ ਧੱਕਾ ਹੈ।ਏਟਕ ਨੇ ਲੇਬਰ ਅਤੇ ਰੁਜ਼ਗਾਰ ਮੰਤਰਾਲੇ ਤੋਂ ਮੰਗ ਕੀਤੀ ਹੈ ਕਿ ਉਹ ਤੁਰੰਤ ਇਹ ਮਸੌਦਾ ਵਾਪਸ ਲਏ ਅਤੇ ਕਿਸੇ ਵੀ ਜਨਮਤ ਤੋਂ ਪਹਿਲਾਂ ਕੇਂਦਰੀ ਟਰੇਡ ਯੂਨੀਅਨਾਂ ਨਾਲ ਵਿਚਾਰ-ਵਟਾਂਦਰਾ ਕਰੇ।

ਸ਼੍ਰਮ ਨੀਤੀ ਦਾ ਅਰਥ ਹੈ—ਸਰਕਾਰ ਵੱਲੋਂ ਕੰਮ ਦੀਆਂ ਥਾਵਾਂ ਨੂੰ ਨਿਯਮਿਤ ਕਰਨ ਅਤੇ ਦੇਸ਼ ਦੇ ਰੁਜ਼ਗਾਰ ਢਾਂਚੇ ਨੂੰ ਪ੍ਰਬੰਧਿਤ ਕਰਨ ਲਈ ਇੱਕ ਸਮੁੱਚੀ ਰਣਨੀਤੀ, ਜੋ ਮਜ਼ਦੂਰਾਂ ਦੇ ਅਧਿਕਾਰਾਂ ਅਤੇ ਸੁਰੱਖਿਆ ਦੀ ਗਾਰੰਟੀ ਦਿੰਦੀ ਹੈ।ਭਾਰਤ ਵਿੱਚ ਐਸੀ ਨੀਤੀ ਤਿਆਰ ਕਰਨ ਤੋਂ ਪਹਿਲਾਂ ਟਰੇਡ ਯੂਨੀਅਨਾਂ ਨਾਲ ਸਲਾਹ-ਮਸ਼ਵਰਾ ਕਰਨਾ ਇੱਕ ਮਿਆਰੀ ਅਤੇ ਲਾਜ਼ਮੀ ਰਵਾਇਤ ਹੈ।ਇਹੀ ਪ੍ਰਕਿਰਿਆ ਨੀਤੀ ਨੂੰ ਜਾਇਜ਼ ਅਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ। ਟਰੇਡ ਯੂਨੀਅਨਾਂ ਨਾਲ ਵਿਚਾਰ-ਵਟਾਂਦਰਾ ਕੋਈ ਚੋਣ ਨਹੀਂ, ਸਗੋਂ ਸਫਲ ਲੇਬਰ ਨੀਤੀ ਦੀ ਨੀਂਹ ਹੈ।ਏਟਕ ਨੇ ਲੇਬਰ ਮੰਤਰਾਲੇ ਵੱਲੋਂ ਟਰੇਡ ਯੂਨੀਅਨਾਂ ਨਾਲ ਲਾਜ਼ਮੀ ਗੱਲਬਾਤ ਤੋਂ ਬਿਨਾਂ ਮਸੌਦਾ ਜਾਰੀ ਕਰਨ ਦੇ ਤਾਨਾਸ਼ਾਹੀ ਭਰੇ ਤਰੀਕੇ ਦੀ ਨਿੰਦਾ ਕੀਤੀ ਹੈ।ਰਾਸ਼ਟਰੀ ਲੇਬਰ ਨੀਤੀ ਕਿਸੇ ਵੀ ਸਰਕਾਰ ਦੀ ਕਾਰਜ-ਸ਼ਕਤੀ ਲਈ ਰਣਨੀਤੀ ਤੈਅ ਕਰਦੀ ਹੈ।ਇਸ ਵਿੱਚ ਰੋਜ਼ਗਾਰ ਸੁਰੱਖਿਆ, ਨਵੇਂ ਰੁਜ਼ਗਾਰ ਸਿਰਜਣ, ਸਮਾਜਿਕ ਸੁਰੱਖਿਆ (ਜਿਸ ਵਿੱਚ ਮਾਤ੍ਰਿਤਵ ਲਾਭ ਵੀ ਸ਼ਾਮਲ ਹੈ), ਕੰਮ ਦੇ ਘੰਟੇ, ਸੁਰੱਖਿਆ, ਹੁਨਰ ਵਿਕਾਸ ਆਦਿ ਸ਼ਾਮਲ ਹੋਣੇ ਚਾਹੀਦੇ ਹਨ, ਪਰ ਮੌਜੂਦਾ ਮਸੌਦਾ ਨੀਤੀ ਇਨ੍ਹਾਂ ਮਾਪਦੰਡਾਂ 'ਤੇ ਖਰੀ ਨਹੀਂ ਉਤਰਦੀ ਅਤੇ ਇਸ ਦੀ ਭਰੋਸੇਯੋਗਤਾ ਉੱਤੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ।ਮਸੌਦੇ ਦੇ ਸੰਖੇਪ ਅਧਿਐਨ ਨਾਲ ਇਹ ਸਪੱਸ਼ਟ ਹੈ ਕਿ ਇਹ ਕੇਵਲ ਉਹਨਾਂ ਲੇਬਰ ਕੋਡਾਂ ਨੂੰ ਪੂਰਾ ਕਰਨ ਲਈ ਹੈ, ਜਿਨ੍ਹਾਂ ਦਾ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਤਿੱਖਾ ਵਿਰੋਧ ਕੀਤਾ ਗਿਆ ਸੀ। ਇਸ ਵਿੱਚ ਰੁਜ਼ਗਾਰ ਸੁਰੱਖਿਆ, ਨਵੇਂ ਰੁਜ਼ਗਾਰ ਸਿਰਜਣ ਅਤੇ ਘੱਟੋ-ਘੱਟ ਮਜ਼ਦੂਰੀ ਐਕਟ ਅਨੁਸਾਰ ਘੱਟੋ-ਘੱਟ ਮਜ਼ਦੂਰੀ ਦੇ ਲਾਜ਼ਮੀ ਪ੍ਰਾਵਧਾਨਾਂ ਬਾਰੇ ਕੋਈ ਠੋਸ ਨੀਤੀ ਨਹੀਂ ਹੈ। ਬਣਾਉਟੀ ਬੁੱਧੀ ਅਤੇ ਜਸਟ ਟ੍ਰਾਂਜ਼ੀਸ਼ਨ ਬਾਰੇ ਨੀਤੀ ਦੀ ਗੈਰ-ਹਾਜ਼ਰੀ ਵਿੱਚ ਅਤੇ ਅਧੂਰੇ, ਸ਼ੱਕੀ ਡਾਟਾ ਪ੍ਰਣਾਲੀ ਦੇ ਪਿਛੋਕੜ ਵਿੱਚ, ਮਸੌਦੇ ਵਿੱਚ ਕੀਤੇ ਦਾਅਵੇ ਸਿਰਫ਼ ਅੱਖਾਂ ਵਿੱਚ ਘੱਟਾ ਪਾਉਣ ਵਰਗੇ ਹਨ। ਏਟਕ ਨੇ ਲੇਬਰ ਮੰਤਰਾਲੇ ਵੱਲੋਂ ਪ੍ਰਚਾਰਿਤ ਸਾਰਵਭੌਮ ਸਮਾਜਿਕ ਸੁਰੱਖਿਆ ਦੇ ਝੂਠੇ ਦਾਅਵੇ ਨੂੰ ਸਖ਼ਤੀ ਨਾਲ ਚੁਣੌਤੀ ਦਿੱਤੀ ਹੈ।ਕਲਿਆਣ ਯੋਜਨਾਵਾਂ ਸਮਾਜਿਕ ਸੁਰੱਖਿਆ ਨਹੀਂ ਹੁੰਦੀਆਂ।ਹਰ ਮਜ਼ਦੂਰ ਚਾਹੇ ਉਹ ਅਸੰਗਠਿਤ ਖੇਤਰ, ਦਿਹਾੜੀਦਾਰ, ਗਿਗ, ਠੇਕੇਦਾਰ, ਖੇਤੀਬਾੜੀ, ਘਰੇਲੂ ਜਾਂ ਘਰ-ਅਧਾਰਤ ਮਜ਼ਦੂਰ ਹੋਵੇ, ਉਸ ਨੂੰ ਘੱਟੋ-ਘੱਟ ਮਜ਼ਦੂਰੀ ਅਤੇ ਸਮਾਜਿਕ ਸੁਰੱਖਿਆ ਕਾਨੂੰਨੀ ਹੱਕ ਵਜੋਂ ਮਿਲਣੀ ਚਾਹੀਦੀ ਹੈ ਅਤੇ ਇਸਦੀ ਪਾਲਣਾ ਕੜੀ ਜਾਂਚ ਨਾਲ ਹੋਣੀ ਚਾਹੀਦੀ ਹੈ।ਇਸ ਤੋਂ ਘੱਟ ਕੋਈ ਵੀ ਨੀਤੀ ਕਬੂਲ ਨਹੀਂ ਕੀਤੀ ਜਾਵੇ।ਏਟਕ ਦੁਬਾਰਾ ਲੇਬਰ ਸ਼ਕਤੀ ਨੀਤੀ-2025 ਦੇ ਮਸੌਦੇ ਨੂੰ ਰੱਦ ਕਰਦੀ ਹੈ ਅਤੇ ਮੰਤਰਾਲੇ ਤੋਂ ਮੰਗ ਕਰਦੀ ਹੈ ਕਿ ਇਸ ਨੂੰ ਤੁਰੰਤ ਵਾਪਸ ਲਿਆ ਜਾਵੇ ਤੇ ਕੇਂਦਰੀ ਟਰੇਡ ਯੂਨੀਅਨਾਂ ਨਾਲ ਸੰਵਾਦ ਸ਼ੁਰੂ ਕੀਤਾ ਜਾਵੇ, ਜਿਸ ਲਈ ਭਾਰਤੀ ਲੇਬਰ ਕਾਨਫਰੰਸ ਨੂੰ ਜਲਦ ਬੁਲਾਇਆ ਜਾਵੇ।

# ਭਾਰਤ ਤੇ ਬਰਤਾਨੀਆ ਵੱਲੋਂ ਫ਼ੌਜੀ ਸਹਿਯੋਗ ਦਾ ਐਲਾਨ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਬਰਤਾਨਵੀ ਹਮਰੁਤਬਾ ਕੀਰ ਸਟਾਰਮਰ ਨੇ ਮੁੰਬਈ ਵਿੱਚ ਵਿਸ਼ੇਸ ਮੁੱਦਿਆਂ 'ਤੇ ਕੇਂਦਰਤ ਦੁਵੱਲੀ ਮੀਟਿੰਗ ਕੀਤੀ। ਇਹ ਜੁਲਾਈ ਵਿੱਚ ਦੋਵਾਂ ਧਿਰਾਂ ਵੱਲੋਂ ਮੁਕਤ ਵਪਾਰ ਸਮਝੌਤੇ 'ਤੇ ਹਸਤਾਖਰ ਕਰਨ ਤੋਂ ਬਾਅਦ ਉਨ੍ਹਾਂ ਦੀ ਪਹਿਲੀ ਮੁਲਾਕਾਤ ਸੀ। ਭਾਰਤ ਅਤੇ ਯੂ ਕੇ ਨੇ ਵਿਸ਼ੇਸ਼ ਖਣਿਜਾਂ ਵਿੱਚ ਵਿਆਪਕ ਸਹਿਯੋਗ ਦਾ ਐਲਾਨ ਕੀਤਾ, ਜਿਸ ਵਿੱਚ ਫ਼ੌਜੀ ਉਪਕਰਨਾਂ ਦਾ ਸਹਿ-ਵਿਕਾਸ ਅਤੇ ਭਾਰਤ ਵਿੱਚ ਯੂ ਕੇ-ਅਧਾਰਤ ਯੂਨੀਵਰਸਿਟੀਆਂ ਦੇ ਹੋਰ ਕੈਂਪਸ ਖੋਲ੍ਹਣੇ ਸ਼ਾਮਲ ਹਨ। ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਯੂ ਕੇ ਵਿੱਚ ਹੋਰ ਬਾਲੀਵੁੱਡ ਫ਼ਿਲਮਾਂ ਬਣਾਉਣ ਲਈ ਸਹਿਯੋਗ ਸੰਬੰਧੀ ਇੱਕ ਵਿਸ਼ੇਸ਼ ਐਲਾਨ ਵੀ ਕੀਤਾ। ਮੀਟਿੰਗ ਤੋਂ ਬਾਅਦ ਸਟਾਰਮਰ ਨਾਲ ਇੱਕ ਸਾਂਝੇ ਪ੍ਰੈੱਸ ਬਿਆਨ ਵਿੱਚ ਮੋਦੀ ਨੇ ਕਿਹਾ ਕਿ ਭਾਰਤ ਅਤੇ ਯੂ ਕੇ ਵਿਚਕਾਰ ਤਕਨਾਲੋਜੀ ਭਾਈਵਾਲੀ ਵਿੱਚ ਬੇਅੰਤ ਸਮਰੱਥਾ ਹੈ। ਮੋਦੀ ਨੇ ਕਿਹਾ, "ਅਸੀਂ ਯੂ ਕੇ ਦੀ ਉਦਯੋਗਿਕ ਮੁਹਾਰਤ ਅਤੇ ਖੋਜ ਤੇ ਵਿਕਾਸ ਨੂੰ ਭਾਰਤ ਦੀ ਪ੍ਰਤਿਭਾ ਅਤੇ ਪੈਮਾਨੇ ਨਾਲ ਜੋੜਨ 'ਤੇ ਧਿਆਨ ਕੇਂਦਰਤ ਕਰ ਰਹੇ ਹਾਂ।" ਨਾਜ਼ੁਕ ਖਣਿਜ (ਜੋ ਕਿ ਫ਼ੌਜੀ ਵਰਤੋਂ ਸਮੇਤ ਸਾਰੀਆਂ ਇਲੈਕਟ੍ਰਾਨਿਕ ਵਸਤੂਆਂ ਵਿੱਚ ਵਰਤੇ ਜਾਂਦੇ ਹਨ) ਬਾਰੇ ਮੋਦੀ ਨੇ ਐਲਾਨ ਕਰਦਿਆਂ ਕਿਹਾ, "ਅਸੀਂ ਵਿਸ਼ੇਸ਼ ਖਣਿਜਾਂ 'ਤੇ ਸਹਿਯੋਗ ਲਈ ਇੱਕ ਇੰਡਸਟਰੀ ਗਿਲਡ ਅਤੇ ਇੱਕ ਸਪਲਾਈ ਚੇਨ ਆਬਜ਼ਰਵੇਟਰੀ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਇਸ ਦਾ ਸੈਟੇਲਾਈਟ ਕੈਂਪਸ ਆਈ ਐੱਸ ਐੱਮ ਧਨਬਾਦ ਵਿੱਚ ਸਥਿਤ ਹੋਵੇਗਾ।" ਸਟਾਰਮਰ ਨੇ ਆਪਣੇ ਵੱਲੋਂ ਮੌਜੂਦਾ ਭਾਰਤ-ਯੂ ਕੇ 'ਤਕਨਾਲੋਜੀ ਸੁਰੱਖਿਆ ਪਹਿਲਕਦਮੀ' ਦਾ ਜ਼ਿਕਰ ਕੀਤਾ ਅਤੇ ਕਿਹਾ, ਯੂ ਕੇ ਅਤੇ ਭਾਰਤ ਤਕਨਾਲੋਜੀ ਅਤੇ ਨਵੀਨਤਾ ਵਿੱਚ ਵਿਸ਼ਵ ਨੇਤਾਵਾਂ ਵਜੋਂ ਨਾਲ-ਨਾਲ ਖੜ੍ਹੇ ਹਨ। ਦੋਵਾਂ ਨੇਤਾਵਾਂ ਨੇ 'ਇੰਡੀਆ-ਯੂ ਕੇ ਆਫਸ਼ੋਰ ਵਿੰਡ ਟਾਸਕ ਫੋਰਸ' ਅਤੇ 'ਕਲਾਈਮੇਟ ਟੈਕਨਾਲੋਜੀ ਸਟਾਰਟਅੱਪ ਫੰਡ' ਦੇ ਗਠਨ ਦਾ ਸਵਾਗਤ ਕੀਤਾ, ਜੋ ਜਲਵਾਯੂ ਤਕਨਾਲੋਜੀ ਅਤੇ ਏ.ਆਈ. ਵਿੱਚ ਕੰਮ ਕਰ ਰਹੇ ਦੋਵਾਂ ਦੇਸ਼ਾਂ ਦੇ ਨਵੀਨਤਾਕਾਰਾਂ ਅਤੇ ਉੱਦਮੀਆਂ ਦਾ ਸਮਰਥਨ ਕਰੇਗਾ। ਉਨ੍ਹਾਂ ਨੇ ਜਲ ਸੈਨਾ ਅਭਿਆਸਾਂ ਦੇ ਦਾਇਰੇ ਨੂੰ ਵਧਾਉਣ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ।

# ਸਤਲੁਜ 'ਚ ਵਧਿਆ ਪਾਣੀ ਦਾ ਪੱਧਰ, ਲੋਕ ਮੁੜ ਘਰ ਛੱਡਣ ਲਈ ਮਜਬੂਰ

**ਫਿਰੋਜ਼ਪੁਰ** : ਸਤਲੁਜ ਵਿੱਚ ਪਾਣੀ ਵਧਣ ਕਾਰਨ ਪਿੰਡਾਂ ਵਿੱਚ ਮੁੜ ਸਹਿਮ ਦਾ ਮਾਹੌਲ ਬਣ ਗਿਆ। ਇੱਥੋਂ ਦੇ ਖੇਤ ਪਹਿਲਾਂ ਹੀ ਪਾਣੀ ਵਿੱਚ ਡੁੱਬੇ ਹੋਏ ਸਨ। ਪ੍ਰਭਾਵਿਤ ਪਿੰਡਾਂ ਵਿੱਚ ਨਵੀਂ ਗੱਟੀ ਰਾਜੋਕੇ, ਟੈਂਡੀਵਾਲਾ, ਕਾਲੂਵਾਲਾ, ਨਿਹਾਲਾ ਕਿਲਚਾ, ਨਿਹਾਲਾ ਲਵੇਰਾ, ਧੀਰਾ ਘਾਰਾ ਅਤੇ ਬੰਡਾਲਾ ਸ਼ਾਮਲ ਹਨ। ਸਤਲੁਜ ਵਿੱਚ ਪਾਣੀ ਦੇ ਵਹਾਅ ਦੀ ਗਤੀ ਐਨੀ ਵਧ ਗਈ ਹੈ ਕਿ ਦਰਿਆ ਦੇ ਕਿਨਾਰੇ ਖੁਰਨ ਲੱਗ ਪਏ ਹਨ, ਜਿਸ ਨਾਲ ਵਸਨੀਕ ਚਿੰਤਤ ਹਨ। ਉਹ ਡਰੇ ਹੋਏ ਹਨ ਕਿ ਦਰਿਆ ਆਪਣਾ ਰਾਹ ਬਦਲ ਕੇ ਪਿੰਡਾਂ ਵੱਲ ਨਾ ਆ ਜਾਵੇ। ਲੱਗਭੱਗ 250 ਵਸਨੀਕਾਂ ਨੂੰ ਜੋ ਹਾਲ ਹੀ ਦੇ ਹੜ੍ਹਾਂ ਤੋਂ ਬਾਅਦ ਮੁਸ਼ਕਿਲ ਨਾਲ ਮੁੜ ਵਸੇ ਸਨ, ਪਾਣੀ ਦਾ ਪੱਧਰ ਵਧਣ ਕਾਰਨ ਦੁਬਾਰਾ ਘਰ ਛੱਡਣ ਲਈ ਮਜਬੂਰ ਹੋਣਾ ਪਿਆ ਹੈ। ਇਹ ਪਰਵਾਰ ਨੇੜਲੇ ਲੰਗਿਆਣਾ ਪਿੰਡ ਵੱਲ ਚਲੇ ਗਏ ਹਨ, ਜੋ ਕਿ ਤਰਪਾਲਾਂ ਦੇ ਅਸਥਾਈ ਆਸਰਿਆਂ ਹੇਠ ਰਹਿ ਰਹੇ ਹਨ ਅਤੇ ਸਰਕਾਰੀ ਸਹਾਇਤਾ ਦੀ ਉਡੀਕ ਕਰ ਰਹੇ ਹਨ। ਪਿੰਡ ਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਟਿਊਬਵੈੱਲ ਅਤੇ ਬੋਰਵੈੱਲ ਅਜੇ ਵੀ ਖਰਾਬ ਪਏ ਹਨ ਅਤੇ ਹੜ੍ਹਾਂ ਦੌਰਾਨ ਡਿੱਗੇ ਬਿਜਲੀ ਦੇ ਖੰਭੇ ਅਜੇ ਠੀਕ ਨਹੀਂ ਹੋਏ ਹਨ। ਜਿਸ ਨਾਲ ਇਲਾਕੇ ਵਿੱਚ ਪੂਰਾ ਹਨੇਰਾ ਛਾਇਆ ਹੋਇਆ ਹੈ।


# ਜਲੰਧਰ 'ਚ ਢਾਈ ਕਿੱਲੋ ਵਿਸਫੋਟਕ ਸਣੇ ਦੋ ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ/ ਇਕਬਾਲ ਸਿੰਘ ਉੱਭੀ)**

ਕਾਊਂਟਰ ਇੰਟੈਲੀਜੈਂਸ ਜਲੰਧਰ ਨੇ ਬੱਬਰ ਖਾਲਸਾ ਇੰਟਰਨੈਸ਼ਨਲ (ਬੀ ਕੇ ਆਈ) ਅੱਤਵਾਦੀ ਮਡਿਊਲ ਦੇ ਦੋ ਕਾਰਕੁਨਾਂ ਨੂੰ ਲਗਭਗ 2.5 ਕਿਲੋਗ੍ਰਾਮ ਆਰ ਡੀ ਐੱਕਸ ਅਧਾਰਤ ਆਈ ਈ ਡੀ ਅਤੇ ਇੱਕ ਰਿਮੋਟ ਕੰਟਰੋਲ ਸਮੇਤ ਗ੍ਰਿਫਤਾਰ ਕਰਕੇ ਗਰੋਹ ਦਾ ਪਰਦਾ ਫਾਸ਼ ਕੀਤਾ ਹੈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਇਹ ਮਡਿਊਲ ਬੀ ਕੇ ਆਈ. ਦੇ ਮਾਸਟਰਮਾਈਂਡ ਹਰਵਿੰਦਰ ਸਿੰਘ ਉਰਫ ਰਿੰਦਾ ਦੇ ਨਿਰਦੇਸ਼ਾਂ 'ਤੇ ਯੂ ਕੇ ਅਧਾਰਤ ਹੈਂਡਲਰਾਂ ਨਿਸ਼ਾਨ ਜੌੜੀਆਂ ਅਤੇ ਆਦੇਸ਼ ਜਾਮਾਰਾਏ ਦੁਆਰਾ ਚਲਾਇਆ ਜਾ ਰਿਹਾ ਸੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਜਿੰਦਰ ਸਿੰਘ ਉਰਫ ਰਿੱਕੂ ਵਾਸੀ ਪਿੰਡ ਅਠਵਾਲ ਅਤੇ ਦੀਵਾਨ ਸਿੰਘ ਉਰਫ ਨਿੱਕੂ ਵਾਸੀ ਨਿੱਕੋ ਸਰਾਂ ਕਲਾਂ (ਗੁਰਦਾਸਪੁਰ) ਵਜੋਂ ਹੋਈ ਹੈ। ਪੁਲਸ ਟੀਮਾਂ ਨੇ ਉਨ੍ਹਾਂ ਦਾ ਕਾਲੇ ਰੰਗ ਦਾ ਹੀਰੋ ਸਪਲੈਂਡਰ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ, ਜਿਸ 'ਤੇ ਉਹ ਸਵਾਰ ਸਨ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬਰਾਮਦ ਕੀਤਾ ਗਿਆ ਆਰ ਡੀ ਐੱਕਸ ਅਧਾਰਤ ਆਈ ਈ ਡੀ ਮਿੱਥੇ ਹੋਏ ਅੱਤਵਾਦੀ ਹਮਲੇ ਲਈ ਵਰਤਿਆ ਜਾਣਾ ਸੀ।ਡੀ ਜੀ ਪੀ ਨੇ ਕਿਹਾ ਕਿ ਭਰੋਸੇਯੋਗ ਸੂਤਰਾਂ ਤੋਂ ਮਿਲੀ ਪੁਖ਼ਤਾ ਇਤਲਾਹ 'ਤੇ ਸੀ ਆਈ ਜਲੰਧਰ ਦੀਆਂ ਟੀਮਾਂ ਨੇ ਜਲੰਧਰ ਦੇ ਗੁਰੂ ਨਾਨਕਪੁਰਾ ਖੇਤਰ ਤੋਂ ਦੋਵਾਂ ਸ਼ੱਕੀਆਂ ਨੂੰ ਉਦੋਂ ਗ੍ਰਿਫਤਾਰ ਕੀਤਾ, ਜਦੋਂ ਉਹ ਖੇਪ ਨੂੰ ਕਿਸੇ ਹੋਰ ਟਿਕਾਣੇ 'ਤੇ ਪਹੁੰਚਾਉਣ ਜਾ ਰਹੇ ਸਨ।

# ਸਾਹਿਤ ਦਾ ਨੋਬੇਲ ਪੁਰਸਕਾਰ ਹੰਗਰੀ ਦੇ ਲਾਸਜ਼ਲੋ ਨੂੰ

**ਸਟਾਕਹੋਮ** : ਇਸ ਸਾਲ ਦਾ ਸਾਹਿਤ ਦਾ ਨੋਬੇਲ ਪੁਰਸਕਾਰ ਹੰਗਰੀ ਦੇ ਲੇਖਕ ਲ ਾ ਸ ਜ਼ ਲੋ ਕਰਾਸਹੋਰਕਾਈ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ।



ਸਵੀਡਨ ਦੀ ਸਵੀਡਿਸ਼ ਅਕਾਦਮੀ ਨੇ ਕਿਹਾ ਕਿ ਲਾਸਜ਼ਲੋ ਦੀਆਂ ਰਚਨਾਵਾਂ ਬਹੁਤ ਪ੍ਰਭਾਵਸ਼ਾਲੀ ਤੇ ਦੂਰਦਰਸ਼ੀ ਹਨ। ਨੋਬੇਲ ਪੁਰਸਕਾਰ ਦੇ ਜੇਤੂ ਨੂੰ 110 ਲੱਖ ਸਵੀਡਿਸ਼ ਕਰੋਨਾ (ਦਸ ਕਰੋੜ ਰੁਪਏ ਤੋਂ ਜ਼ਿਆਦਾ) ਮਿਲਣਗੇ। ਭਾਰਤੀ ਮੂਲ ਦੇ ਸਲਮਾਨ ਰਸ਼ਦੀ ਵੀ ਪੁਰਸਕਾਰ ਦੀ ਦੌੜ ਵਿੱਚ ਸਨ।

## ਦੀਵਾਲੀ ਵਿਸ਼ੇਸ਼ ਸਪਲੀਮੈਂਟ


ਡਾ. ਰਮਨ (ਫਗਵਾੜਾ) 88378-31314


ਰਮੇਸ਼ ਕਟਾਰੀਆ ਰਾਜਪੁਰਾ 99880-13675


ਕ੍ਰਿਸ਼ਨ ਗਰਗ ਚੰਡੀਗੜ੍ਹ 94175-93500


ਸੁਖਵਿੰਦਰ ਸਫਰੀ ਟੂਟੋਮਜਾਰਾ 99158-16713


ਸੰਜੀਵ ਅਰੋੜਾ ਜਗਰਾਓਂ 98145-56990


ਹਰਬਿੰਦਰ ਸਿੰਘ ਰਾਣਾ ਵੇਰਕਾ (ਅੰਮ੍ਰਿਤਸਰ) 98881-45991


ਰੀਨਾ ਸ਼ਰਮਾ ਨਕੋਦਰ 79861-27371


ਯੋਗੇਸ਼ਵਰ ਨਕੋਦਰ 86990-08966


ਮਲਵਿੰਦਰ ਮੱਲ੍ਹੀ ਬਟਾਲਾ 98550-20576

**ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।**

*-ਜਨਰਲ ਮੈਨੇਜਰ*

# ਬਿਹਾਰ ਵੋਟਰ ਸੂਚੀਆਂ 'ਤੇ ਫੈਸਲਾ ਟਲਿਆ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਵੀਰਵਾਰ ਬਿਹਾਰ ਰਾਜ ਕਾਨੂੰਨੀ ਸੇਵਾ ਅਥਾਰਟੀ ਨੂੰ ਕਿਹਾ ਕਿ ਅੰਤਮ ਵੋਟਰ ਸੂਚੀਆਂ ਤੋਂ ਬਾਹਰ ਕੀਤੇ ਗਏ ਵੋਟਰਾਂ ਦੀ ਸਹਾਇਤਾ ਲਈ ਆਪਣੀ ਜ਼ਿਲ੍ਹਾ ਪੱਧਰੀ ਸੰਸਥਾ ਨੂੰ ਨਿਰਦੇਸ਼ ਜਾਰੀ ਕਰੇ। ਉਸ ਨੇ ਕਿਹਾ ਕਿ ਵੋਟਾਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਤੋਂ ਬਾਅਦ ਕੱਢੇ ਗਏ ਵੋਟਰਾਂ ਦੀਆਂ ਅਪੀਲਾਂ 'ਤੇ ਨਿਸ਼ਚਿਤ ਸਮੇਂ ਦੇ ਅੰਦਰ ਅਤੇ ਤਰਕਪੂਰਨ ਆਦੇਸ਼ ਦੇ ਨਾਲ ਫੈਸਲਾ ਕਰਨ ਦੇ ਸਵਾਲ 'ਤੇ ਚੋਣ ਕਮਿਸ਼ਨ ਦੇ ਅਭਿਆਸ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਦੀ ਅਗਲੀ ਤਰੀਕ 16 ਅਕਤੂਬਰ ਨੂੰ ਵਿਚਾਰ ਕੀਤਾ ਜਾਵੇਗਾ। ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਜੋਯਮਾਲਿਆ ਬਾਗਚੀ ਦੀ ਬੈਂਚ ਨੇ ਕਿਹਾ ਕਿ ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਟੀ ਬਾਹਰ ਕੀਤੇ ਗਏ ਵੋਟਰਾਂ ਦੀ ਸਹਾਇਤਾ ਲਈ ਪੈਰਾ-ਲੀਗਲ ਵਲੰਟੀਅਰਾਂ ਦੀ ਸੂਚੀ ਜਾਰੀ ਕਰੇਗੀ। ਬੈਂਚ ਨੇ ਕਿਹਾ, 'ਅਸੀਂ ਚਾਹੁੰਦੇ ਹਾਂ ਕਿ ਹਰ ਕਿਸੇ ਨੂੰ ਅਪੀਲ ਕਰਨ ਦਾ ਵਾਜਬ ਮੌਕਾ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਇਸ ਬਾਰੇ ਵਿਸਤ੍ਰਿਤ ਆਦੇਸ਼ ਦਿੱਤੇ ਜਾਣੇ ਚਾਹੀਦੇ ਹਨ ਕਿ ਉਨ੍ਹਾਂ ਦੇ ਨਾਂਅ ਬਾਹਰ ਕਿਉਂ ਰੱਖੇ ਗਏ ਹਨ।' ਜ਼ਿਕਰਯੋਗ ਹੈ ਕਿ ਕਈ ਵਿਅਕਤੀਆਂ ਨੇ ਇਸ ਵੋਟਰ ਸੂਚੀ ਵਿੱਚੋਂ ਨਾਂਅ ਕੱਢਣ 'ਤੇ ਇਤਰਾਜ਼ ਜਤਾਇਆ ਹੈ।

# ਚੀਮਾ ਵੱਲੋਂ ਵੇਰਕਾ ਆਊਟਸੋਰਸਡ ਯੂਨੀਅਨ ਦੇ ਮੁੱਦਿਆਂ ਦੇ ਹੱਲ ਲਈ ਉੱਚ ਪੱਧਰੀ ਕਮੇਟੀ ਬਣਾਉਣ ਦੇ ਨਿਰਦੇਸ਼



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਜੋ ਮੁਲਾਜ਼ਮਾਂ ਦੇ ਮਸਲਿਆਂ ਦੇ ਹੱਲ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਵੀਰਵਾਰ ਇਥੇ ਵੇਰਕਾ ਮਿਲਕ ਅਤੇ ਕੈਟਲ ਫੀਡ ਪਲਾਂਟ ਆਊਟਸੋਰਸਡ ਮੁਲਜ਼ਮ ਯੂਨੀਅਨ ਦੀਆਂ ਜਾਇਜ਼ ਮੰਗਾਂ ਦੇ ਹੱਲ ਲਈ ਮਿਲਕਫੈੱਡ ਦੇ ਅਧਿਕਾਰੀਆਂ ਨੂੰ ਤੁਰੰਤ ਇੱਕ ਉੱਚ-ਪੱਧਰੀ ਕਮੇਟੀ ਬਣਾਉਣ ਦੇ ਨਿਰਦੇਸ਼ ਦਿੱਤੇ।

ਇਹ ਨਿਰਦੇਸ਼ ਵੇਰਕਾ ਮੁੱਖ ਦਫ਼ਤਰ ਵਿਖੇ ਯੂਨੀਅਨ ਦੇ ਨੁਮਾਇੰਦਿਆਂ ਨਾਲ ਹੋਈ ਮੀਟਿੰਗ ਦੌਰਾਨ ਜਾਰੀ ਕੀਤੇ ਗਏ, ਜਿਸ ਦੌਰਾਨ ਚੀਮਾ ਨੇ ਯੂਨੀਅਨ ਦੀਆਂ ਮੰਗਾਂ, ਚਿੰਤਾਵਾਂ ਅਤੇ ਮੁੱਦਿਆਂ ਨੂੰ ਗੌਰ ਨਾਲ ਸੁਣਿਆ। ਵਿੱਤ ਮੰਤਰੀ ਨੇ ਨਿਰਦੇਸ਼ ਦਿੱਤਾ ਕਿ ਯੂਨੀਅਨ ਦੇ ਮੁੱਦਿਆ ਦੇ ਵਿਆਪਕ ਹੱਲ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਨੁਮਾਇੰਦਿਆਂ ਦੀ ਇੱਕ ਕਮੇਟੀ ਬਣਾਈ ਜਾਵੇ, ਜਿਸ ਵਿੱਚ ਵਿੱਤ ਵਿਭਾਗ ਦਾ ਇੱਕ ਸੀਨੀਅਰ ਅਧਿਕਾਰੀ, ਮਿਲਕਫੈੱਡ ਦੇ ਚੇਅਰਮੈਨ, ਮਿਲਕਫੈੱਡ ਦੇ ਐੱਮ ਡੀ, ਮਿਲਕਫੈੱਡ ਦੇ ਡਾਇਰੈਕਟਰ, ਜਨਰਲ ਮੈਨੇਜਰ ਐੱਚ ਆਰ ਮਿਲਕਫੈੱਡ, ਮੈਨੇਜਰ ਵਿੱਤ ਅਤੇ ਯੂਨੀਅਨ ਦੇ ਦੋ ਨੁਮਾਇੰਦੇ ਸ਼ਾਮਲ ਕੀਤੇ ਜਾਣ। • ਬਾਕੀ ਸਫਾ 2 'ਤੇ

# ਜਾਇਦਾਦਾਂ ਵੇਚਣ ਦੀ ਤਜਵੀਜ਼ ਖਿਲਾਫ਼ ਬਿਜਲੀ ਕਰਮਚਾਰੀਆਂ ਵੱਲੋਂ ਰੋਸ ਪ੍ਰਦਰਸ਼ਨ



**ਤਰਨ ਤਾਰਨ** : ਪੰਜਾਬ ਸਰਕਾਰ ਵੱਲੋਂ ਪਾਵਰਕਾਮ ਅਤੇ ਟ੍ਰਾਂਸਕੋ ਦੇ ਅਦਾਰਿਆਂ ਦੀਆਂ ਬਹੁਤ ਕੀਮਤੀ ਜਾਇਦਾਦਾਂ ਆਪਣੇ ਸੌੜੇ ਰਾਜਸੀ ਹਿੱਤਾਂ ਲਈ ਵੇਚਣ ਦੀ ਤਜਵੀਜ਼ ਦੇ ਖਿਲਾਫ਼ ਪੀ ਐੱਸ ਈ ਬੀ ਇੰਪਲਾਈਜ਼ ਜਾਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ : 24) ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ (ਸੰਬੰਧਤ ਏਟਕ) ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਜਥੇਬੰਦੀਆਂ ਦੇ ਸੂਬਾ ਪੱਧਰੀ ਫੈਸਲੇ ਤਹਿਤ ਵੀਰਵਾਰ ਪਾਵਰਕਾਮ ਦੇ ਸਥਾਨਕ ਸਰਕਲ ਦਫਤਰ ਦੇ ਗੇਟ 'ਤੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ • ਬਾਕੀ ਸਫਾ 2 'ਤੇ

# ਹਮਾਸ ਤੇ ਇਜ਼ਰਾਈਲ ਬੰਦੀ ਤੇ ਕੈਦੀ ਛੱਡਣ ਲਈ ਰਾਜ਼ੀ

**ਵਾਸ਼ਿੰਗਟਨ** : ਇਜ਼ਰਾਈਲ ਤੇ ਹਮਾਸ ਗਾਜ਼ਾ ਵਿੱਚ ਲੜਾਈ ਰੋਕਣ ਅਤੇ ਕੁਝ ਬੰਦੀਆਂ ਤੇ ਕੈਦੀਆਂ ਨੂੰ ਰਿਹਾਅ ਕਰਨ ਲਈ ਸਹਿਮਤ ਹੋ ਗਏ ਹਨ। ਟਰੰਪ ਪ੍ਰਸ਼ਾਸਨ ਦੀ ਵਿਚੋਲਗੀ ਨਾਲ ਕਰਵਾਏ ਜਾ ਰਹੇ ਸਮਝੌਤੇ ਦਾ ਇਹ ਪਹਿਲਾ ਪੜਾਅ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿਖਿਆ, "ਇਸ ਦਾ ਮਤਲਬ ਹੈ ਕਿ ਸਾਰੇ ਬੰਦੀਆਂ ਨੂੰ ਜਲਦੀ ਹੀ ਰਿਹਾਅ ਕਰ ਦਿੱਤਾ ਜਾਵੇਗਾ ਅਤੇ ਇਜ਼ਰਾਈਲ ਕੁਝ ਹੱਦ ਤੱਕ ਆਪਣੀਆਂ ਫੌਜਾਂ ਵਾਪਸ ਬੁਲਾ ਲਵੇਗਾ, ਜੋ ਕਿ ਇੱਕ ਮਜ਼ਬੂਤ, ਟਿਕਾਊ ਅਤੇ ਸਥਾਈ ਸ਼ਾਂਤੀ ਵੱਲ ਪਹਿਲਾ ਕਦਮ ਹੋਵੇਗਾ। ਸਾਰੀਆਂ ਧਿਰਾਂ ਨਾਲ ਨਿਰਪੱਖ ਵਿਵਹਾਰ ਕੀਤਾ ਜਾਵੇਗਾ!"

ਉਧਰ, ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਸੋਸ਼ਲ ਮੀਡੀਆ 'ਤੇ ਕਿਹਾ, "ਰੱਬ ਦੀ ਮਿਹਰ ਨਾਲ ਅਸੀਂ ਉਨ੍ਹਾਂ ਸਾਰਿਆਂ ਨੂੰ ਘਰ ਵਾਪਸ ਲਿਆਵਾਂਗੇ।"

ਇਸ ਦੌਰਾਨ ਹਮਾਸ ਨੇ ਕਿਹਾ ਕਿ ਉਸ ਨੇ ਇੱਕ ਅਜਿਹੇ ਸਮਝੌਤੇ ਲਈ ਸਹਿਮਤੀ ਦਿੱਤੀ ਹੈ, ਜੋ ਗਾਜ਼ਾ ਵਿੱਚ ਜੰਗ ਨੂੰ ਖਤਮ ਕਰੇਗਾ, ਇਜ਼ਰਾਈਲੀ ਫੌਜਾਂ ਦੀ ਵਾਪਸੀ ਹੋਵੇਗੀ, ਗਾਜ਼ਾ ਵਿੱਚ ਮਾਨਵੀ ਸਹਾਇਤਾ ਦੀ ਆਮਦ ਹੋਵੇਗੀ ਅਤੇ ਬੰਦੀਆਂ ਬਦਲੇ ਕੈਦੀਆਂ ਦੀ ਅਦਲਾ-ਬਦਲੀ ਹੋਵੇਗੀ। ਹਮਾਸ ਨੇ ਹਾਲਾਂਕਿ ਟਰੰਪ ਅਤੇ ਵਿਚੋਲਿਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਇਜ਼ਰਾਈਲ 'ਬਿਨਾਂ ਕਿਸੇ ਦੇਰੀ ਜਾਂ ਇਨਕਾਰ' ਦੇ ਸਮਝੌਤੇ ਵਿਚਲੀਆਂ ਉਨ੍ਹਾਂ ਸਾਰੀਆਂ ਸ਼ਰਤਾਂ ਨੂੰ ਲਾਗੂ ਕਰੇ, ਜਿਨ੍ਹਾਂ ਬਾਰੇ ਸਹਿਮਤੀ ਹੋਈ ਸੀ। ਇਸ ਪੂਰੇ ਘਟਨਾਕ੍ਰਮ ਤੋਂ ਜਾਣੂੰ ਲੋਕਾਂ ਨੇ ਦੱਸਿਆ ਕਿ ਹਮਾਸ ਇਸ ਹਫਤੇ ਦੇ ਅੰਤ ਵਿੱਚ ਸਾਰੇ 20 ਬਚੇ ਹੋਏ ਬੰਦੀਆਂ ਨੂੰ ਰਿਹਾਅ ਕਰਨ ਦੀ ਯੋਜਨਾ ਬਣਾ ਰਿਹਾ ਹੈ, ਜਦੋਂ ਕਿ ਇਜ਼ਰਾਈਲੀ ਫੌਜਾਂ ਗਾਜ਼ਾ ਦੇ ਜ਼ਿਆਦਾਤਰ ਹਿੱਸੇ ਤੋਂ ਪਿੱਛੇ ਹਟਣਾ ਸ਼ੁਰੂ ਕਰ ਦੇਣਗੀਆਂ।

# ਰਾਜਵੀਰ ਜਵੰਦਾ ਨੂੰ ਨਮ ਅੱਖਾਂ ਨਾਲ ਵਿਦਾਈ

**ਜਗਰਾਉਂ** : ਪੰਜਾਬੀ ਗਾਇਕ ਰਾਜਵੀਰ ਜਵੰਦਾ ਦਾ ਉਨ੍ਹਾਂ ਦੇ ਜੱਦੀ ਪਿੰਡ ਪੋਨਾ ਵਿਚ ਸਸਕਾਰ ਕੀਤਾ ਗਿਆ। ਪ੍ਰਸ਼ੰਸਕਾਂ ਨੇ ਆਪਣੇ ਚਹੇਤੇ ਗਾਇਕ ਨੂੰ ਨਮ ਅੱਖਾਂ ਨਾਲ ਵਿਦਾਇਗੀ ਦਿੱਤੀ। ਸਸਕਾਰ ਸਕੂਲ ਦੇ ਉਸੇ ਮੈਦਾਨ ਵਿਚ ਕੀਤਾ ਗਿਆ, ਜਿੱਥੇ ਰਾਜਵੀਰ ਬਚਪਨ ਵਿੱਚ ਖੇਡਿਆ ਕਰਦਾ ਸੀ ਅਤੇ ਆਪਣੇ ਪੇਸ਼ੇਵਰ ਕਰੀਅਰ ਦੌਰਾਨ ਉਸ ਨੇ ਇੱਕ ਸਟਾਰ ਪਰਫਾਰਮਰ ਵਜੋਂ ਕੰਸਰਟ ਵੀ ਕਰਵਾਏ ਸਨ। ਜਵੰਦਾ ਨਿਵਾਸ ਤੋਂ ਪਿੰਡ ਦੇ ਸਰਕਾਰੀ ਸਕੂਲ ਤੱਕ ਦੀ ਅੰਤਿਮ ਯਾਤਰਾ ਵਿਚ ਸੰਗੀਤ ਜਗਤ ਦੀਆਂ ਨਾਮਵਰ ਹਸਤੀਆਂ ਅਤੇ ਕਲਾ ਪ੍ਰੇਮੀਆਂ ਸਮੇਤ ਹਜ਼ਾਰਾਂ ਪ੍ਰਸ਼ੰਸਕ ਸ਼ਾਮਲ ਹੋਏ। ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਜਵੰਦਾ ਨਿਵਾਸ ਪਹੁੰਚ ਕੇ ਮਰਹੂਮ ਗਾਇਕ ਦੀ ਵਿਧਵਾ ਮਾਤਾ ਪਰਮਜੀਤ ਕੌਰ ਤੇ ਹੋਰ ਪਰਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ।



ਮਾਨ ਨੇ ਕਿਹਾ ਕਿ ਨੌਜਵਾਨ ਗਾਇਕ ਦੇ ਦੇਹਾਂਤ ਨਾਲ ਸੂਬੇ ਦੇ ਸਮਕਾਲੀ ਸਾਹਿਤ, ਸੱਭਿਆਚਾਰ ਤੇ ਕਲਾ ਦੇ ਖ਼ੇਤਰ ਨੂੰ ਵੱਡਾ ਘਾਟਾ ਪਿਆ ਹੈ। ਮਾਨ ਨੇ ਕਿਹਾ ਕਿ ਜਵੰਦਾ ਭਰ ਜਵਾਨੀ ਵਿੱਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਰਾਜਵੀਰ ਜਵੰਦਾ ਦੇ ਦੇਹਾਂਤ ਨਾਲ ਪੈਦਾ ਹੋਇਆ ਖਲਾਅ ਨੇੜ ਭਵਿੱਖ ਵਿੱਚ ਭਰਿਆ ਜਾਣਾ ਆਸਾਨ ਨਹੀਂ ਹੋਵੇਗਾ।ਉਨ੍ਹਾ ਕਿਹਾ ਕਿ ਰਾਜਵੀਰ ਦੀ ਮੌਤ ਨਾਲ ਪੰਜਾਬੀ ਗਾਇਕੀ ਦੇ ਇਕ ਯੁੱਗ ਦਾ ਅੰਤ ਹੋ ਗਿਆ ਹੈ। ਰਾਜਵੀਰ ਹਮੇਸ਼ਾ ਆਪਣੇ ਪ੍ਰਸੰਸਕਾਂ ਦੇ ਚੇਤਿਆਂ ਵਿੱਚ ਵਸਿਆ ਰਹੇਗਾ। ਰਾਜਵੀਰ ਨੇ ਪੰਜਾਬੀ ਕਲਾ ਤੇ ਸੱਭਿਆਚਾਰ ਦੀ ਤਰੱਕੀ ਲਈ ਅਹਿਮ • ਬਾਕੀ ਸਫਾ 2 'ਤੇ

## ਅੱਜ-ਨਾਮਾ

ਚੱਲਦਾ ਚੁਸਤ ਬਿਹਾਰ ਵੱਲ ਚੋਣ ਸੀਜ਼ਨ,
ਕੜਾਹੀ ਅੰਦਰ ਹੈ ਉੱਬਲਦਾ ਤੇਲ ਬੇਲੀ।
ਜਿਨ੍ਹਾਂ ਨਾਲ ਨਹੀਂ ਰੱਖੀ ਕੋਈ ਸਾਂਝ ਹੈਸੀ,
ਲੁਕਵਾਂ ਹੁੰਦਾ ਈ ਉਨ੍ਹਾਂ ਨਾਲ ਮੇਲ ਬੇਲੀ।
ਠਿੱਲ੍ਹੇ ਵੰਡਣ ਜੀ ਰਿਉੜੀਆਂ ਵੋਟ ਮੰਗਤੇ,
ਲੱਗਦੀ ਵਾਅਦਿਆਂ ਦੀ ਜਾਪੇ ਸੇਲ ਬੇਲੀ।
ਕਰਨੇ ਵਾਅਦੇ ਤੇ ਪਿੱਛੋਂ ਸਭ ਭੁੱਲ ਜਾਣੇ,
ਚੱਲਦਾ ਚੋਣਾਂ ਲਈ ਮੁੱਢਾਂ ਤੋਂ ਖੇਲ ਬੇਲੀ।
ਝਾਂਸਾ ਦੇਣ ਦੀ ਲੱਗੀ ਪਈ ਦੌੜ ਦਿੱਸਦੀ,
ਜਨਤਕ ਹਿੱਤਾਂ ਦੀ ਹੁੰਦੀ ਹੈ ਆੜ ਬੇਲੀ।
ਲਾਰਿਆਂ ਨਾਲ ਜਦ ਜਾਪਦੀ ਜਿੱਤ ਹੋਣੀ,
ਸਾਰੇ ਈ ਲੱਗੇ ਆ ਕਰਨ ਜੁਗਾੜ ਬੇਲੀ।

-ਤੀਸ ਮਾਰ ਖਾਂ

# ਚੀਫ ਜਸਟਿਸ 'ਤੇ ਹਮਲੇ ਦੀ ਮੋਦੀ ਵੱਲੋਂ ਅੱਧੇ ਮਨ ਨਾਲ ਨਿੰਦਾ ਚਿੰਤਾਜਨਕ : ਏਟਕ

**ਲੁਧਿਆਣਾ (ਐੱਮ ਐੱਸ ਭਾਟੀਆ)**

ਏਟਕ ਦੀ ਜਨਰਲ ਸਕੱਤਰ ਅਮਰਜੀਤ ਕੌਰ ਨੇ ਕਿਹਾ ਕਿ ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ (ਏਟਕ) ਸੁਪਰੀਮ ਕੋਰਟ ਦੇ ਇੱਕ ਵਕੀਲ ਵੱਲੋਂ ਭਾਰਤ ਦੇ ਚੀਫ ਜਸਟਿਸ 'ਤੇ ਜੁੱਤੀ ਸੁੱਟਣ ਦੀ ਘਿਣਾਉਣੀ ਕੋਸ਼ਿਸ਼ ਦੀ ਘੋਰ ਨਿੰਦਾ ਕਰਦੀ ਹੈ। ਇਸ ਨਫ਼ਰਤੀ ਅਤੇ ਅਪਮਾਨਜਨਕ ਘਟਨਾ ਨੇ ਦੇਸ਼ ਨੂੰ ਇੱਕ ਵਾਰ ਫਿਰ ਸ਼ਰਮਸਾਰ ਕਰ ਦਿੱਤਾ ਹੈ। ਇਹ ਘਟਨਾ ਸੰਵਿਧਾਨਕ ਕਦਰਾਂ-ਕੀਮਤਾਂ 'ਤੇ ਹਮਲਾ ਕਰਨ ਵਾਲੇ ਵਾਪਰ ਰਹੇ ਖਤਰਨਾਕ ਰੁਝਾਨਾਂ ਦੇ ਉਭਾਰ ਦਾ ਸਪੱਸ਼ਟ ਸਬੂਤ ਹੈ। ਇਹ ਘਟਨਾ ਮੋਦੀ ਸਰਕਾਰ ਦੀ ਹਿੰਦੂਤਵ ਵਿਚਾਰਧਾਰਾ ਦੇ ਤਹਿਤ ਸਮਾਜਿਕ ਅਤੇ ਧਰਮ-ਨਿਰਪੱਖ ਤਾਣੇ-ਬਾਣੇ ਨੂੰ ਤਾਰ-ਤਾਰ ਕਰਨ ਦੀ ਉਦਾਹਰਣ ਹੈ।

ਉਨ੍ਹਾ ਕਿਹਾ ਕਿ ਇਹ ਕਾਰਵਾਈ ਸਾਡੇ ਲੋਕਤੰਤਰ ਦੀਆਂ ਨੀਹਾਂ ਅਤੇ ਕਾਨੂੰਨ ਦੇ ਰਾਜ 'ਤੇ ਹਮਲਾ ਹੈ। ਭਾਰਤ ਦੀ ਸੁਪਰੀਮ ਕੋਰਟ, ਨਿਆਂ ਦਾ ਮੰਦਰ, ਸੰਵਿਧਾਨ ਅਤੇ ਹਰੇਕ ਨਾਗਰਿਕ ਦੇ ਅਧਿਕਾਰਾਂ ਦੀ ਸਰਵਉਚ ਰੱਖਿਅਕ ਹੈ। ਚੀਫ਼ ਜਸਟਿਸ ਦੇ ਵਿਅਕਤੀਤਵ 'ਤੇ ਹਮਲਾ ਅਸਲ ਵਿੱਚ ਇਸ ਦੀ ਸੰਸਥਾ ਅਤੇ ਨਿਆਂਇਕ ਪ੍ਰਕਿਰਿਆ ਦੀ ਪਵਿੱਤਰਤਾ'ਤੇ ਹਮਲਾ ਹੈ। ਸੁਪਰੀਮ ਕੋਰਟ ਨੂੰ ਇਕ ਬੇਮਿਸਾਲ ਬਦਨਾਮੀ, ਬੇਅਦਬੀ ਅਤੇ ਅਪਮਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਸਨਾਤਨ ਧਰਮ ਦੇ ਨਾਂਅ 'ਤੇ ਖੁੱਲ੍ਹੇਆਮ ਕੀਤਾ ਜਾ ਰਿਹਾ ਇਹ ਕੰਮ ਨਫ਼ਰਤ ਭਰਪੂਰ ਜਾਤੀਵਾਦੀ ਅੱਗ ਨੂੰ ਹੋਰ ਹਵਾ ਦਿੰਦਾ ਹੈ। ਏਟਕ ਦਾ ਵਿਸ਼ਵਾਸ ਹੈ ਕਿ ਹਿੰਸਾ, ਨਿਰਾਦਰ ਅਤੇ ਗੁੰਡਾਗਰਦੀ ਨੂੰ ਜਾਇਜ਼ ਠਹਿਰਾਉਣ ਲਈ ਕਦੇ ਵੀ ਤੇ ਕਿਸੇ ਵੀ ਧਾਰਮਿਕ ਵਿਸ਼ਵਾਸ, ਫਿਲਾਸਫੀ ਜਾਂ ਵਿਚਾਰਧਾਰਾ ਦਾ ਸਹਾਰਾ ਨਹੀਂ ਲਿਆ ਜਾ ਸਕਦਾ। ਅਜਿਹੀਆਂ ਕਾਰਵਾਈਆਂ ਸਿਰਫ ਲੋਕਾਂ ਦੀ ਸਮਝ ਨੂੰ ਗੰਧਲਾ ਕਰਨ ਅਤੇ ਫਿਰਕੂ ਤਣਾਅ ਪੈਦਾ ਕਰਨ ਦਾ ਕੰਮ ਕਰਦੀਆਂ ਹਨ। ਜਦੋਂ ਤੋਂ ਮੋਦੀ ਪ੍ਰਧਾਨ ਮੰਤਰੀ ਬਣੇ ਹਨ, ਆਰ ਐੱਸ ਐੱਸ-ਭਾਜਪਾ ਗੱਠਜੋੜ ਧਰਮ ਨਿਰਪੱਖ ਭਾਰਤ ਨੂੰ ਤਬਾਹ ਕਰਨ ਲਈ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਸਾਜ਼ਿਸ਼ਾਂ ਘੜਦੇ ਰਹੇ ਹਨ।ਏਟਕ ਇਹੋ ਜਿਹੇ ਹੱਥਕੰਡਿਆਂ ਦੇ ਖਿਲਾਫ ਲੜਨ ਲਈ ਸਭ ਤੋਂ ਮੋਹਰੀ ਰਹਿੰਦੀ ਹੈ।ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਕੋਈ ਅਧਿਕਾਰਤ ਨਿੰਦਾ ਨਹੀਂ ਕੀਤੀ ਗਈ, ਨਰਿੰਦਰ ਮੋਦੀ ਆਪਣੇ 'ਐੱਕਸ' ਪਲੇਟਫਾਰਮ 'ਤੇ ਆਪਣੀ ਅੱਧੇ ਮਨ ਨਾਲ ਕੀਤੀ ਨਿੰਦਾ ਤੋਂ ਸੰਤੁਸ਼ਟ ਜਾਪਦੇ ਹਨ। ਭਾਜਪਾ ਦੀ ਸੱਤਾ ਦੇ ਅਧੀਨ ਜਾਤੀ ਅਤੇ ਫਿਰਕੂ ਹਿੰਸਾ ਦਾ ਵਰਤਾਰਾ ਆਮ ਹੋ ਗਿਆ ਹੈ ।ਸੁਪਰੀਮ ਕੋਰਟ ਦੇ ਰਜਿਸਟਰਾਰ ਦੁਆਰਾ ਉਸ ਦੋਸ਼ੀ ਵਿਰੁੱਧ ਕੋਈ ਦੋਸ਼ ਦਾਇਰ ਨਹੀਂ ਕੀਤਾ ਗਿਆ । ਉਸ ਆਦਮੀ ਵਿਚ ਏਨੀ ਹਿੰਮਤ ਹੈ ਕਿ ਉਸ ਨੇ ਕਿਹਾ ਹੈ ਕਿ ਮੈਨੂੰ ਇਸ ਦਾ ਕੋਈ ਪਛਤਾਵਾ ਨਹੀਂ। ਭਾਰਤ ਦੇ ਚੀਫ ਜਸਟਿਸ 'ਤੇ ਹਮਲੇ ਨੂੰ ਜਾਇਜ਼ ਠਹਿਰਾਉਣ ਵਾਲੇ ਭਾਜਪਾ ਸਮਰਥਕਾਂ ਦੇ ਸਮੂਹਾਂ ਵੱਲੋਂ ਜਸ਼ਨਾਂ ਦੀਆਂ ਕਾਰਵਾਈਆਂ ਪਰੇਸ਼ਾਨ ਕਰਨ ਵਾਲੀਆਂ ਹਨ।

ਜਸਟਿਸ ਗਵਈ ਦੀ ਇਹ ਪਛਾਣ ਕਿ ਉਹ ਭਾਰਤ ਦੇ ਇੱਕੋ-ਇੱਕ ਅੰਬੇਡਕਰਵਾਦੀ ਬੋਧੀ ਅਤੇ ਦੂਜੇ ਦਲਿਤ ਚੀਫ਼ ਜਸਟਿਸ ਹਨ, ਇਸ ਹਮਲੇ ਵਿੱਚ ਇੱਕ ਮਹੱਤਵਪੂਰਨ ਪਹਿਲੂ ਜੋੜਦੀ ਹੈ। ਇਹੀ ਤੱਥ ਇਸ ਹਮਲੇ ਨੂੰ ਖਾਸ ਤੌਰ 'ਤੇ ਭਿਆਨਕ ਬਣਾਉਂਦਾ ਹੈ ਅਤੇ ਜਾਤੀ-ਅਧਾਰਤ ਅਪਮਾਨ ਦੇ ਇਤਿਹਾਸਕ ਪਹਿਲੂ ਨੂੰ ਉਜਾਗਰ ਕਰਦਾ ਹੈ।

ਏਟਕ ਇਸ ਘਟਨਾ ਨੂੰ ਪੂਰੀ ਗੰਭੀਰਤਾ ਨਾਲ ਵਾਚਦੀ ਹੈ ਅਤੇ ਜ਼ੋਰ ਦਿੰਦੀ ਹੈ ਕਿ ਦੋਸ਼ੀ ਵਿਰੁੱਧ ਢੁਕਵੇਂ ਦੋਸ਼ ਦਾਇਰ ਕਰਨ ਅਤੇ ਉਸ ਨੂੰ ਕਾਨੂੰਨ ਦੇ ਤਹਿਤ ਸਭ ਤੋਂ ਸਖ਼ਤ ਸਜ਼ਾ ਦੇਣ ਵਿੱਚ ਕੋਈ ਸੰਸਥਾਗਤ ਅਸਫਲਤਾ ਨਹੀਂ ਹੋਣੀ ਚਾਹੀਦੀ, ਜਦੋਂ ਕਿ ਅਸੀਂ ਸੁਪਰੀਮ ਕੋਰਟ ਬਾਰ ਕੌਂਸਲ ਵੱਲੋਂ ਉਸ ਵਕੀਲ ਦੀ ਤੁਰੰਤ ਮੁਅੱਤਲੀ ਲਾਗੂ ਕਰਨ ਲਈ ਸ਼ਲਾਘਾ ਕਰਦੇ ਹਾਂ, ਉਥੇ ਹੀ ਅਸੀਂ ਜ਼ੋਰਦਾਰ ਰਾਏ ਦਿੰਦੇ ਹਾਂ ਕਿ ਸਿਰਫ਼ ਮੁਅੱਤਲੀ ਭਾਰਤੀ ਲੋਕਤੰਤਰ ਅਤੇ ਇਸ ਦੀ ਸੰਵਿਧਾਨਕ ਨੈਤਿਕਤਾ ਨੂੰ ਵਿਗਾੜਨ ਦੇ ਸੰਦਰਭ ਵਿੱਚ ਅਪਰਾਧ ਦੇ ਪਹਿਲੂ ਅਤੇ ਗੰਭੀਰਤਾ ਨੂੰ ਦੇਖਦੇ ਹੋਏ ਕਾਫ਼ੀ ਨਹੀਂ। ਅਸੀਂ ਮੰਗ ਕਰਦੇ ਹਾਂ ਕਿ ਉਸ ਨੂੰ ਸਥਾਈ ਤੌਰ 'ਤੇ ਬਰਖਾਸਤ ਕੀਤਾ ਜਾਵੇ।

ਏਟਕ ਦਾ ਮੰਨਣਾ ਹੈ ਕਿ ਇਹ ਪਲ ਸਾਡੇ ਨਿਆਂਇਕ ਸੰਸਥਾਵਾਂ ਦੇ ਅਟੱਲ ਮਾਣ ਨੂੰ ਸੰਵਿਧਾਨ ਪ੍ਰਤੀ ਸਾਡੀ ਵਚਨਬੱਧਤਾ ਦੀ ਸਮੂਹਿਕ ਪੁਸ਼ਟੀ ਦੀ ਮੰਗ ਕਰਦਾ ਹੈ। ਇਹ ਇੱਕ ਗੰਭੀਰ ਸਮਾਂ ਹੈ, ਜਦੋਂ ਜਾਤੀ ਵਿਤਕਰਾ ਦੇਸ਼ ਦੀਆਂ ਧਰਮ ਨਿਰਪੱਖ ਨੀਹਾਂ ਨੂੰ ਢਾਹ ਲਗਾਉਣ ਲਈ ਸੁਪਰੀਮ ਕੋਰਟ ਵਿੱਚ ਗੂੰਜਿਆ। ਏਟਕ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਅਜਿਹੀ ਘਿਣਾਉਣੀ ਘਟਨਾ ਕਦੇ ਵੀ ਨਾ ਵਾਪਰੇ।

# ਪਿੱਠ ਦਰਦ ਠੀਕ ਕਰਨ ਲਈ ਬੇਬੇ 8 ਡੱਡੂ ਨਿਗਲ ਗਈ

**ਬੀਜਿੰਗ** : ਪੂਰਬੀ ਚੀਨ ਦੇ ਝੇਜਿਆਂਗ ਸੂਬੇ ਦੀ 82 ਸਾਲਾ ਬੇਬੇ ਨੇ ਪਿੱਠ ਦੇ ਹੇਠਲੇ ਹਿੱਸੇ ਵਿੱਚ ਲੰਬੇ ਸਮੇਂ ਤੋਂ ਚੱਲ ਰਹੇ ਦਰਦ ਨੂੰ ਠੀਕ ਕਰਨ ਲਈ ਅੱਠ ਡੱਡੂ ਨਿਗਲ ਲਏ। ਇਸ ਤੋਂ ਬਾਅਦ ਝਾਂਗ ਨਾਂਅ ਦੀ ਬੇਬੇ ਨੂੰ ਸਤੰਬਰ ਦੇ ਸ਼ੁਰੂ ਵਿੱਚ ਤੇਜ਼ ਪੇਟ ਦਰਦ ਕਾਰਨ ਹੈਂਗਜ਼ੂ ਵਿੱਚ ਝੇਜਿਆਂਗ ਯੂਨੀਵਰਸਿਟੀ ਨੰਬਰ 1 ਐਫੀਲੀਏਟਿਡ ਹਸਪਤਾਲ ਵਿੱਚ ਦਾਖਲ ਕਰਵਾਉਣਾ ਪਿਆ। ਉਸ ਦੇ ਪੁੱਤਰ ਨੇ ਡਾਕਟਰਾਂ ਨੂੰ ਦੱਸਿਆ ਕਿ ਝਾਂਗ ਨੇ ਦੋ ਦਿਨਾਂ ਵਿੱਚ ਡੱਡੂ ਖਾਧੇ ਸਨ। ਪਹਿਲੇ ਦਿਨ ਤਿੰਨ ਅਤੇ ਅਗਲੇ ਦਿਨ ਪੰਜ। ਉਸ ਦਾ ਮੰਨਣਾ ਸੀ ਕਿ ਇਸ ਨਾਲ ਹਰਨੀਏਟਿਡ ਡਿਸਕ ਦੀ ਸਮੱਸਿਆ ਤੋਂ ਰਾਹਤ ਮਿਲੇਗੀ, ਜਿਸ ਤੋਂ ਉਹ ਕਈ ਸਾਲਾਂ ਤੋਂ ਪੀੜਤ ਸੀ।

ਝਾਂਗ ਨੇ ਆਪਣੇ ਇਰਾਦੇ ਦਾ ਖੁਲਾਸਾ ਕੀਤੇ ਬਿਨਾਂ ਆਪਣੇ ਪਰਵਾਰ ਨੂੰ ਡੱਡੂ ਫੜਨ ਲਈ ਕਿਹਾ ਸੀ। ਉਸ ਨੇ ਇੱਕ ਰਵਾਇਤੀ ਪਰ ਗੈਰ-ਪ੍ਰਮਾਣਤ ਲੋਕ ਉਪਾਅ ਦੇ ਆਧਾਰ 'ਤੇ ਉਨ੍ਹਾਂ ਨੂੰ ਜ਼ਿੰਦਾ ਨਿਗਲ ਲਿਆ। ਹਾਲਾਂਕਿ ਸ਼ੁਰੂ ਵਿੱਚ ਉਸ ਨੂੰ ਸਿਰਫ ਹਲਕੀ ਬੇਚੈਨੀ ਮਹਿਸੂਸ ਹੋਈ, ਪਰ ਫਿਰ ਦਰਦ ਕਾਫੀ ਵਧ ਗਿਆ, ਜਿਸ ਕਾਰਨ ਉਸ ਨੇ ਆਪਣੇ • ਬਾਕੀ ਸਫਾ 2 'ਤੇ

## ਮੈਰੀਟੋਰੀਅਸ ਸਕੂਲ 'ਚ ਉਤਸ਼ਾਹ ਨਾਲ ਮਨਾਇਆ ਵਿਸ਼ਵ ਅਧਿਆਪਕ ਦਿਵਸ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਾਰਾਗੜ੍ਹੀ ਮੈਮੋਰੀਅਲ ਮੈਰੀਟੋਰੀਅਸ ਸਕੂਲ ਹਕੂਮਤ ਸਿੰਘ ਵਾਲਾ ਵਿਖੇ ਵਿਸ਼ਵ ਅਧਿਆਪਕ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰਿੰਸੀਪਲ ਕਮ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਰੂਬਰੂ ਹੁੰਦਿਆਂ ਉਨ੍ਹਾਂ ਨੂੰ ਇਸ ਦਿਨ ਦੀ ਮੁਬਾਰਕਬਾਦ ਦਿੱਤੀ ਤੇ 35 ਅਧਿਆਪਕਾਂ ਨੂੰ ਉਨ੍ਹਾਂ ਦੇ ਵੱਖ-ਵੱਖ ਖੇਤਰਾਂ ਦੀਆਂ ਪ੍ਰਾਪਤੀਆਂ ਲਈ ਸਨਮਾਨਤ ਕੀਤਾ ਗਿਆ। ਉਨ੍ਹਾਂ ਨੇ ਇਕ ਆਦਰਸ਼ ਅਧਿਆਪਕ ਹੋਣ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਦੀ ਜ਼ਿੰਦਗੀ ਵਿਚ ਉਨ੍ਹਾਂ ਦਾ ਸਹੀ ਮਾਰਗ ਦਰਸ਼ਕ ਇਕ ਸੱਚਾ ਅਧਿਆਪਕ ਹੀ ਹੋ ਸਕਦਾ ਹੈ, ਜਿਸ ਦੀ ਉਚਿਤ ਅਗਵਾਈ ਤੇ ਪ੍ਰੇਰਨਾ ਸਦਕਾ ਵਿਦਿਆਰਥੀ ਜੀਵਨ ਵਿਚ ਸਫਲਤਾ ਦੇ ਉੱਚੇ ਮੁਕਾਮ ਹਾਸਲ ਕਰਦੇ ਹਨ। ਪ੍ਰਿੰਸੀਪਲ ਨੇ ਅਜਿਹੀਆਂ ਕਈ ਮਿਸਾਲਾਂ ਦਿੱਤੀਆਂ, ਜੋ ਸਫ਼ਲ ਅਧਿਆਪਕ ਬਣਨ ਲਈ ਪ੍ਰੇਰਨਾਤਮਕ ਰਾਹ-ਦਸੇਰਾ ਬਣਦੀਆਂ ਸਨ। ਇਸ ਸਨਮਾਨ ਸਮਾਰੋਹ ਦਾ ਵਿਸ਼ੇਸ਼ ਆਕਰਸ਼ਣ ਇਹ ਰਿਹਾ ਕਿ ਇਸ ਵਿਚ ਵਿਦਿਆਰਥੀਆਂ ਨੇ ਅਧਿਆਪਕਾਂ ਨੂੰ ਸਮਰਪਤ ਕਵਿਤਾਵਾਂ ਅਤੇ ਭਾਸ਼ਣ ਰਾਹੀਂ ਵਿਦਿਆਰਥੀਆਂ ਦਾ ਅਧਿਆਪਕਾਂ ਪ੍ਰਤੀ ਪਿਆਰ, ਅਪਣੱਤ ਤੇ ਸਨਮਾਨਜਨਕ ਨਜ਼ਰੀਆ ਬੇਹੱਦ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਗਟ ਕੀਤਾ। ਸਮਾਗਮ ਦੇ ਅੰਤ ਵਿਚ ਵਾਇਸ ਪ੍ਰਿੰਸੀਪਲ ਸੁਕੀਰਤੀ ਸ਼ਰਮਾ ਨੇ ਧੰਨਵਾਦ ਕਰਦਿਆਂ ਅਧਿਆਪਕਾਂ ਨੂੰ ਭਵਿੱਖ ਵਿਚ ਹੋਰ ਵਧੇਰੇ ਮਿਹਨਤ ਕਰਕੇ ਵਿਦਿਆਰਥੀਆਂ ਤੇ ਸਕੂਲ ਦੇ ਉਜਵੱਲ ਭਵਿੱਖ ਦੀ ਕਾਮਨਾ ਕੀਤੀ। ਸਮਾਗਮ ਵਿਚ ਸਟੇਜ ਸੰਚਾਲਨ ਦੀ ਭੂਮਿਕਾ ਲੈਕਚਰਾਰ ਸਾਕਸ਼ੀ ਸਹਿਗਲ ਵੱਲੋਂ ਨਿਭਾਉਂਦੇ ਹੋਏ ਅਧਿਆਪਕ ਦਿਵਸ ਦੀ ਮਹੱਤਤਾ ਤੇ ਵਿਦਿਆਰਥੀ ਜੀਵਨ ਵਿਚ ਉਨ੍ਹਾਂ ਦੀ ਮਹੱਤਤਾ ਉਪਰ ਸੁਚੱਜੇ ਢੰਗ ਨਾਲ ਚਾਨਣਾ ਪਾਇਆ।

# ਸ਼ਹਿਰ 'ਚ ਵਿੱਕ ਰਹੀ ਹੈ ਨਕਲੀ ਮਠਿਆਈ, ਵਿਭਾਗ ਖਾਮੋਸ਼



**ਬਰੇਟਾ (ਰੀਤਵਾਲ)**-ਖ਼ੁਸ਼ੀਆਂ ਭਰੇ ਤਿਉਹਾਰਾਂ ਮੌਕੇ ਹਰ ਕੋਈ ਆਪਣੀਆਂ ਖ਼ੁਸ਼ੀਆਂ ਸਾਂਝੀਆਂ ਕਰਨ ਵਿੱਚ ਲੱਗਾ ਹੁੰਦਾ ਹੈ ਤੇ ਖ਼ੁਸ਼ੀਆਂ ਸਾਂਝੀਆਂ ਕਰਨ ਲਈ ਮਿਠਾਈਆਂ ਵੱਡੀ ਤਾਦਾਦ ਵਿੱਚ ਵਰਤੀਆਂ ਜਾਂਦੀਆਂ ਹਨ, ਪਰ ਲਾਲਚੀ ਤੇ ਘਟੀਆ ਸੋਚ ਵਾਲੇ ਕੁਝ ਲੋਕ ਇਨ੍ਹਾਂ ਦਿਨਾਂ ਵਿੱਚ ਆਪਣਾ ਗੋਰਖ ਧੰਦਾ ਚਲਾ ਲੈਂਦੇ ਹਨ ਅਤੇ ਵੱਡੀ ਮਾਤਰਾ ਵਿੱਚ ਲੋਕਾਂ ਨੂੰ ਜ਼ਹਿਰ ਵੇਚ ਕੇ ਉਨ੍ਹਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ। ਇਸੇ ਤਰ੍ਹਾਂ ਬਜ਼ਾਰ ਵਿੱਚ ਖਾਣ ਵਾਲੀਆਂ ਚੀਜ਼ਾਂ ਵਿੱਚ ਮਿਲਾਵਟ ਕਰਕੇ ਗੈਰ ਮਿਆਰੀ ਚੀਜ਼ਾਂ ਵਿਕ ਰਹੀਆਂ ਹਨ। ਲੰਮੇ ਸਮੇਂ ਤੋਂ ਲੋਕਾਂ ਦੀ ਜ਼ਿੰਦਗੀ ਨਾਲ ਖੇਡਿਆ ਜਾ ਰਿਹਾ ਹੈ। ਦੁੱਧ ਦਾ ਉਤਪਾਦਨ ਘੱਟ ਹੈ, ਪਰ ਬਾਜ਼ਾਰ ਵਿੱਚ ਉਸ ਤੋਂ ਕਿਤੇ ਵੱਧ ਵਿਕ ਰਿਹਾ ਹੈ। ਸੈਂਥੈਟਿਕ ਦੁੱਧ, ਨਕਲੀ ਖੋਆ, ਨਕਲੀ ਪਨੀਰ ਤੇ ਨਕਲੀ ਦੁੱਧ ਦੀਆਂ ਮਿਠਾਈਆਂ ਸ਼ਰੇਆਮ ਵਿਕ ਰਹੀਆਂ ਹਨ, ਪਰ ਕਿਸੇ ਦੇ ਕੰਨ 'ਤੇ ਜੂੰ ਨਹੀਂ ਸਰਕਦੀ, ਜਿਸ ਤੋਂ ਸਾਬਿਤ ਹੋ ਰਿਹਾ ਹੈ ਕਿ ਇਸ ਲਾਪ੍ਰਵਾਹੀ ਦਾ ਸਿੱਧਾ ਸਬੰਧ ਰਿਸ਼ਵਤ ਨਾਲ ਜਾ ਜੁੜਦਾ ਹੈ। ਇੰਜ ਲੱਗਦਾ ਹੈ ਜਿਵੇਂ ਲੋਕਾਂ ਦੀ ਮੌਤ ਦੇ ਸੌਦੇ ਹੋ ਰਹੇ ਹੋਣ। ਪਹਿਲਾਂ ਵਿਭਾਗ ਵੱਲੋਂ ਗੁਪਤ ਤੌਰ 'ਤੇ ਛਾਪੇਮਾਰੀ ਕੀਤੀ ਜਾਂਦੀ ਸੀ ਤੇ ਦੁਕਾਨਦਾਰਾਂ 'ਚ ਵੀ ਪੂਰਾ ਡਰ ਹੁੰਦਾ ਸੀ, ਪਰ ਹੁਣ ਲਗਦਾ ਹੈ ਕਿ ਸਭ ਕੁਝ ਲੈ ਦੇ ਕੇ ਖ਼ਤਮ ਹੋ ਜਾਂਦਾ ਹੈ ਤੇ ਦੁਕਾਨਦਾਰਾਂ ਨੂੰ ਵਿਭਾਗ ਦੀ ਟੀਮ ਬਾਰੇ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ, ਜੋ ਪਹਿਲਾਂ ਹੀ ਆਪਣੀਆਂ ਦੁਕਾਨਾਂ ਬੰਦ ਕਰਕੇ ਰਫੂ ਚੱਕਰ ਹੋ ਜਾਂਦੇ ਹਨ ਅਤੇ ਅਜਿਹੇ ਦੁਕਾਨਦਾਰਾਂ 'ਤੇ ਬਣਦੀ ਸਹੀ ਕਾਰਵਾਈ ਨਾ ਹੁੰਦੀ ਦੇਖ ਕੇ ਲੋਕੀ ਕਹਿ ਰਹੇ ਹਨ ਕਿ ਇਹ ਕਹਾਵਤ ਕਿ ਕੁੱਤੀ ਚੋਰਾਂ ਨਾਲ ਰਲੀ ਹੋਈ ਹੈ, ਸੱਚ ਹੁੰਦੀ ਨਜ਼ਰ ਆ ਰਹੀ ਹੈ। ਗੁਪਤ ਸੂਤਰਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਸ਼ਹਿਰ 'ਚ ਸ਼ਰੇਆਮ ਮਿਲਾਵਟੀ ਨਕਲੀ ਮਿਠਾਈ ਦਾ ਕਾਰੋਬਾਰ ਧੜੱਲੇ ਨਾਲ ਚੱਲ ਰਿਹਾ ਹੈ ਤੇ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਦੀਵਾਲੀ ਦੇ ਤਿਉਹਾਰ 'ਤੇ ਮਿਠਾਈ ਵੇਚਣ ਵਾਲੇ ਕੁਝ ਦੁਕਾਨਦਾਰਾਂ ਵੱਲੋਂ ਵੱਡੇ ਪੱਧਰ 'ਤੇ ਮਿਠਾਈ ਦੇ ਆਰਡਰ ਹਰਿਆਣਾ ਦੇ ਸ਼ਹਿਰ ਟੋਹਾਣਾ 'ਚ ਬੁੱਕ ਕਰਵਾ ਦਿੱਤੇ ਗਏ ਹਨ ਅਤੇ ਅੱਜ ਦੁਸਹਿਰੇ ਦੇ ਤਿਉਹਾਰ 'ਤੇ ਵੀ ਕਈ ਮਿਠਾਈ ਦੀਆਂ ਦੁਕਾਨਾਂ 'ਤੇ ਨਕਲੀ ਮਿਠਾਈ ਦੀ ਵੱਡੇ ਪੱਧਰ 'ਤੇ ਵਿਕਰੀ ਹੋ ਰਹੀ ਹੈ, ਪਰ ਦੇਖਣਾ ਇਹ ਹੈ ਕਿ ਸਿਹਤ ਵਿਭਾਗ ਇਨ੍ਹਾਂ ਨਕਲੀ ਮਿਠਾਈਆਂ ਵੇਚਣ ਵਾਲਿਆਂ 'ਤੇ ਕੋਈ ਸ਼ਿਕੰਜਾ ਕਸੇਗਾ ਜਾਂ ਫਿਰ ਹਰ ਵਾਰ ਦੀ ਤਰ੍ਹਾਂ ਸ਼ਹਿਰ ਵਿਚ ਨਕਲੀ ਮਿਠਾਈ ਦਾ ਕਾਰੋਬਾਰ ਇਸੇ ਤਰ੍ਹਾਂ ਵਧਦਾ ਫੁੱਲਦਾ ਰਹੇਗਾ। ਸਰਕਾਰ ਨੂੰ ਵੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਤੇ ਸਖ਼ਤੀ ਵਰਤਣੀ ਚਾਹੀਦੀ ਹੈ। ਹਕੀਕਤ ਇਹ ਹੈ ਕਿ ਇਹ ਸਭ ਰਿਸ਼ਵਤ ਤੇ ਭ੍ਰਿਸ਼ਟਾਚਾਰ ਦੀ ਆੜ ਵਿੱਚ ਹੀ ਹੁੰਦਾ ਹੈ ਅਤੇ ਹੋ ਰਿਹਾ ਹੈ। ਕੀ ਸਰਕਾਰ, ਪ੍ਰਸ਼ਾਸਨ ਜਾਂ ਸੰਬੰਧਤ ਵਿਭਾਗ ਦੱਸ ਸਕਦਾ ਹੈ ਕਿ ਕਦੋਂ ਤੱਕ ਲੋਕਾਂ ਨੂੰ ਇਸ ਤਰ੍ਹਾਂ ਜ਼ਹਿਰ ਖਿਲਾਇਆ ਜਾਏਗਾ? ਜੇਕਰ ਸਰਕਾਰ ਤੇ ਪ੍ਰਸ਼ਾਸਨ ਇਮਾਨਦਾਰੀ ਨਾਲ ਸਖ਼ਤ ਕਦਮ ਚੁੱਕੇ ਤੇ ਮਿਲਾਵਟਖੋਰਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਵੇ ਤਾਂ ਇਸ ਧੰਦੇ ਨੂੰ ਪੱਕੇ ਤੌਰ 'ਤੇ ਰੋਕ ਲਾਈ ਜਾ ਸਕਦੀ ਹੈ, ਪਰ ਲਗਦਾ ਨਹੀਂ ਇਹ ਗੱਲ ਕਦੇ ਸੱਚ ਸਾਬਿਤ ਹੋ ਸਕੇਗੀ।

## ਪਟਾਕੇ ਵੇਚਣ ਦੇ ਆਰਜ਼ੀ ਲਾਇਸੰਸ ਲੈਣ ਵਾਸਤੇ ਦਰਖ਼ਾਸਤਾਂ ਅੱਜ ਤੋਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਧੀਕ ਜ਼ਿਲ੍ਹਾ ਮੈਜਿਸਟਰੇਟ ਅਮਿਤ ਸਰੀਨ ਨੇ ਦੱਸਿਆ ਕਿ ਸਾਲ 2025 ਦੌਰਾਨ ਦੀਵਾਲੀ, ਗੁਰਪੁਰਬ, ਕ੍ਰਿਸਮਿਸ ਤੇ ਨਿਊ-ਈਅਰ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 23548 ਆਫ 2017 ਵਿੱਚ ਦਿੱਤੇ ਗਏ ਆਦੇਸ਼ਾਂ ਦੀ ਪਾਲਣਾ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਸਮੂਹ ਵਾਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਟਾਕੇ ਵੇਚਣ ਦੇ ਆਰਜ਼ੀ ਲਾਇਸੰਸ ਲੈਣ ਲਈ ਚਾਹਵਾਨ ਵਿਅਕਤੀ ਆਪਣੀ ਮੁਕੰਮਲ ਦਰਖ਼ਾਸਤ ਸਮੇਤ ਸਾਰੇ ਦਸਤਾਵੇਜ਼ ਸਵੈ-ਘੋਸ਼ਣਾ, ਆਧਾਰ ਕਾਰਡ ਦੀ ਕਾਪੀ, ਚਲਾਨ ਫਾਰਮ ਆਦਿ ਭਰਨ ਉਪਰੰਤ 10 ਅਕਤੂਬਰ 2025 ਤੋਂ 12 ਅਕਤੂਬਰ 2025 ਸ਼ਾਮ 05 ਵਜੇ ਤੱਕ ਸੇਵਾ ਕੇਂਦਰ, ਮਿਨੀ ਸਕੱਤਰੇਤ, ਫਿਰੋਜ਼ਪੁਰ ਵਿੱਚ ਪੇਸ਼ ਕਰ ਸਕਦੇ ਹਨ। ਪ੍ਰਾਪਤ ਦਰਖ਼ਾਸਤਾਂ ਵਿੱਚ ਮਾਣਯੋਗ ਹਾਈਕੋਰਟ ਦੇ ਆਦੇਸ਼ਾਂ ਦੀ ਪਾਲਣਾ ਵਿੱਚ ਪਟਾਕੇ ਵੇਚਣ ਸਬੰਧੀ ਆਰਜ਼ੀ ਲਾਇਸੰਸ 13 ਅਕਤੂਬਰ 2025 ਨੂੰ ਬਾਅਦ ਦੁਪਹਿਰ 3 ਵਜੇ ਮੀਟਿੰਗ ਹਾਲ, ਦੂਜੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਰਾਅ ਰਾਹੀਂ ਜਾਰੀ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਨਿਰਧਾਰਤ ਮਿਤੀ ਤੇ ਸਮੇਂ ਤੋਂ ਬਾਅਦ ਵਿਚ ਪ੍ਰਾਪਤ ਹੋਈ ਕਿਸੇ ਵੀ ਦਰਖਾਸਤ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

## ਡਾ. ਜਗਜੀਤ ਸਿੰਘ ਧੂਰੀ ਨੂੰ ਨੂਰ-ਏ-ਤਾਲੀਮ ਖ਼ਿਤਾਬ ਨਾਲ ਨਿਵਾਜਿਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਤੇ ਚੰਡੀਗੜ੍ਹ ਯੂਨੀਵਰਸਿਟੀ ਸੀ. ਯੂ. ਵੱਲੋਂ ਸਾਂਝੇ ਤੌਰ 'ਤੇ ਭਾਰਤ ਦੇ ਵੱਖ ਵੱਖ ਪ੍ਰਦੇਸ਼ਾਂ ਵਿੱਚ ਸਿੱਖਿਆ ਸੰਸਥਾਵਾਂ, ਪ੍ਰਿੰਸੀਪਲਾਂ ਤੇ ਅਧਿਆਪਕਾਂ ਦਾ ਸਨਮਾਨ ਕੀਤਾ ਜਾਂਦਾ ਹੈ। ਜਾਣਕਾਰੀ ਦਿੰਦੇ ਹੋਏ ਫੈਡਰੇਸ਼ਨ ਦੇ ਮੀਤ ਪ੍ਰਧਾਨ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਕੇਰਲਾ, ਕਰਨਾਟਕਾ ਅਤੇ ਤਾਮਿਲਨਾਡੂ ਤੋਂ ਉਪਰੰਤ 5 ਅਕਤੂਬਰ ਨੂੰ ਫੈਪ ਸਟੇਟ ਐਵਾਰਡ ਸਮਾਗਮ ਜੰਮੂ ਤੇ ਕਸ਼ਮੀਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜੰਮੂ ਦੇ ਪ੍ਰਾਈਵੇਟ ਸਕੂਲਾਂ ਦੀ ਐਸੋਸੀਏਸ਼ਨ ਪੀ ਐੱਸ.ਏ.ਜੇ.ਕੇ. ਨਾਲ ਮਿਲ ਕੇ ਫੈਪ ਸਟੇਟ ਐਵਾਰਡ ਦਾ ਇਹ ਪਹਿਲਾ ਸੀਜ਼ਨ ਮੁਕੰਮਲ ਹੋਇਆ। ਉਨ੍ਹਾਂ ਦੱਸਿਆ ਕਿ ਇਸ ਫੈਪ ਸਟੇਟ ਐਵਾਰਡ ਦੇ ਮੌਕੇ ਡਾ. ਜੀ. ਐੱਨ. ਵਾਰ ਦੇ ਸੱਦੇ 'ਤੇ ਸ੍ਰੀ ਨਾਸਿਰ ਅਸਲਮ ਵਾਨੀ ਐਡਵਾਈਜ਼ਰ ਟੂ ਮੁੱਖ ਮੰਤਰੀ ਜੰਮੂ ਤੇ ਕਸ਼ਮੀਰ ਅਤੇ ਸ੍ਰੀ ਗੁਲਾਮ ਅਲੀ ਖਟਾਨਾ ਮੈਂਬਰ ਰਾਜ ਸਭਾ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਇਸ ਮੌਕੇ 265 ਸਿੱਖਿਆ ਸੰਸਥਾਵਾਂ, ਪ੍ਰਿੰਸੀਪਲਾਂ ਤੇ ਅਧਿਆਪਕਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਡਾ. ਜਗਜੀਤ ਸਿੰਘ ਧੂਰੀ ਨੂੰ ਨੂਰ-ਏ-ਤਾਲੀਮ ਖ਼ਿਤਾਬ ਨਾਲ ਨਿਵਾਜਿਆ ਗਿਆ। ਇਸ ਮੌਕੇ ਪਹੁੰਚੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਪ੍ਰ. ਆਰ. ਐੱਸ. ਬਾਵਾ ਨੇ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਦੇ ਸਾਰੇ ਰਿਸੋਰਸ ਹਮੇਸ਼ਾ ਸਕੂਲਾਂ ਲਈ ਖੁੱਲ੍ਹੇ ਹਨ ਅਤੇ ਚੰਡੀਗੜ੍ਹ ਯੂਨੀਵਰਸਿਟੀ ਅਧਿਆਪਕਾਂ ਨੂੰ ਇਹ ਸਨਮਾਨ ਦੇਣ ਵਿੱਚ ਯੋਗਦਾਨ ਪਾ ਕੇ ਬਹੁਤ ਖ਼ੁਸ਼ੀ ਮਹਿਸੂਸ ਕਰਦੀ ਹੈ। ਜੰਮੂ ਤੇ ਕਸ਼ਮੀਰ ਦੀ ਐਸੋਸੀਏਸ਼ਨ ਦੇ ਪ੍ਰਧਾਨ ਡਾ. ਜੀ. ਐੱਨ. ਵਾਰ ਨੇ ਕਿਹਾ ਕਿ ਡਾ. ਜਗਜੀਤ ਸਿੰਘ ਧੂਰੀ ਆਪਣੇ ਆਪ ਵਿੱਚ ਇੱਕ ਐਨਸਾਈਕਲੋਪੀਡੀਆ ਹਨ, ਜਿਨ੍ਹਾਂ ਤੋਂ ਦੇਸ਼ ਦੇ ਸਾਰੇ ਸੂਬੇ ਗਿਆਨ ਹਾਸਲ ਕਰਦੇ ਹਨ। ਇਸ ਮੌਕੇ ਪੰਜਾਬ ਤੋਂ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਦੇ ਅਹੁਦੇਦਾਰ ਸ੍ਰੀ ਸੰਜੈ ਗੁਪਤਾ, ਡਾ. ਸੰਜੀਵ ਸੈਣੀ, ਸ੍ਰੀ ਅਨਿਲ ਮਿੱਤਲ, ਸ. ਹਰਵਿੰਦਰ ਸਿੰਘ ਧਾਲੀਵਾਲ, ਸ. ਸੁਖਦੇਵ ਸਿੰਘ ਜੱਜ, ਸ. ਜੈ ਸਿੰਘ ਬਰਾੜ, ਮਿਸ ਗੁਰਮੀਤ ਕੌਰ ਤੇ ਸ. ਨਿਰਮਲ ਸਿੰਘ ਹਾਜ਼ਰ ਸਨ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਵਿੱਤ ਮੰਤਰੀ ਨਾਲ ਮੀਟਿੰਗ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਕੈਬਨਿਟ ਸਬ ਕਮੇਟੀ ਦੇ ਮੁਖੀ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ ਤੇ ਅਧਿਕਾਰੀਆਂ ਨਾਲ ਮੀਟਿੰਗ ਹੋਈ, ਜਿਸ ਵਿੱਚ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ, 2.59 ਫੈਕਟਰ, ਮੈਡੀਕਲ ਭੱਤੇ ਵਿੱਚ ਵਾਧਾ, ਪੇਅ ਕਮਿਸ਼ਨ ਦਾ ਰਹਿੰਦਾ ਬਕਾਇਆ ਦੇਣਾ, 200 ਰੁਪਏ ਵਿਕਾਸ ਟੈਕਸ ਬੰਦ ਕਰਨ ਆਦਿ ਮੰਗਾਂ 'ਤੇ ਵਿਸਥਾਰ ਪੂਰਵਕ ਵਿਚਾਰ ਹੋਣ ਤੇ ਵਿੱਤ ਮੰਤਰੀ ਵੱਲੋਂ ਇਨ੍ਹਾਂ 'ਤੇ ਜਲਦੀ ਕਾਰਵਾਈ ਕਰਨ ਦਾ ਵਿਸ਼ਵਾਸ ਦਿੱਤਾ ਗਿਆ। ਸਾਂਝੇ ਫਰੰਟ ਵੱਲੋਂ ਸਰਵਸ੍ਰੀ ਸਤੀਸ਼ ਰਾਣਾ, ਧਨਵੰਤ ਸਿੰਘ ਭੱਠਲ, ਸੁਖਦੇਵ ਸਿੰਘ ਸੈਣੀ, ਕਰਮ ਸਿੰਘ ਧਨੋਆ ਸਾਰੇ ਕਨਵੀਨਰਜ਼ ਬੀ ਐੱਸ ਸੈਣੀ, ਐੱਨ ਡੀ ਤਿਵਾੜੀ, ਬੋਬਿੰਦਰ ਸਿੰਘ, ਸੁਰਿੰਦਰ ਪਾਲ ਆਦਿ ਸ਼ਾਮਲ ਸਨ।

## ਪਾਬੰਦੀਸ਼ੁਦਾ ਗੋਲੀਆਂ ਤੇ ਕੈਪਸੂਲਾਂ ਸਮੇਤ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਹਜ਼ਾਰਾਂ ਪਾਬੰਦੀਸ਼ੁਦਾ ਗੋਲੀਆਂ, ਕੈਪਸੂਲਾਂ ਤੇ ਕਾਰ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਰੇਲਵੇ ਫਾਟਕ ਬਸਤੀ ਟੈਂਕਾਂ ਵਾਲੀ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਕੁਨਾਲ ਕਪੂਰ ਪੁੱਤਰ ਰਾਮ ਕੁਮਾਰ ਵਾਸੀ ਕ੍ਰਿਸ਼ਨਾ ਨਗਰੀ ਫਿਰੋਜ਼ਪੁਰ ਸ਼ਹਿਰ ਜੋ ਕਿ ਭਾਰੀ ਮਾਤਰਾ ਵਿੱਚ ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਵੇਚਣ ਦਾ ਆਦੀ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਕੁਨਾਲ ਕਪੂਰ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 86 ਹਜ਼ਾਰ 800 ਕੈਪਸੂਲ ਤੇ 40 ਹਜ਼ਾਰ ਗੋਲੀਆਂ ਕੁੱਲ 1 ਲੱਖ 26 ਹਜ਼ਾਰ 800 ਤੇ ਕਰੇਟਾ ਗੱਡੀ ਪੀਬੀ 05 ਏ ਐੱਨ 8999 ਬਰਾਮਦ ਕੀਤੀ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਸਵੀਰ ਰਾਏ)**-ਸਥਾਨਕ ਗੁਰਦੁਆਰਾ ਸਿੰਘ ਸਭਾ ਵਿਖੇ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸੰਗਤਾਂ ਵੱਲੋਂ ਬੜੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਮਾਤਾ ਹਰਦੇਈ ਇਸਤਰੀ ਸਤਿਸੰਗ ਸਭਾ ਦੀਆਂ ਸ਼ਰਧਾਲੂ ਔਰਤਾਂ ਵੱਲੋਂ ਸੁਖਮਨੀ ਸਾਹਿਬ ਪਾਠਾਂ ਦੇ ਭੋਗ ਪਾਏ ਗਏ ਤੇ ਕੀਰਤਨ ਕੀਤਾ ਗਿਆ। ਆਈ ਸੰਗਤ ਲਈ ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ ਗੁਰਪ੍ਰੀਤ ਕੌਰ, ਦਲਜੀਤ ਕੌਰ, ਪਰਮਜੀਤ ਕੌਰ, ਹਰਜੀਤ ਕੌਰ ਸੇਠੀ, ਚਰਨਜੀਤ ਕੌਰ, ਸਤਿੰਦਰ ਕੌਰ ਮੱਕੜ, ਦਲਵੀਰ ਕੌਰ ਮੱਕੜ, ਗੁਰਿੰਦਰ ਕੌਰ ਟੱਕਰ, ਹਰਬੰਸ ਕੌਰ, ਸੁਰਜੀਤ ਕੌਰ ਮੌਜੂਦ ਸਨ।

# ਮਾਲੇਰਕੋਟਲਾ 'ਚ 72 ਕਰੋੜ ਰੁਪਏ ਦੇ ਬਿਜਲੀ ਸੁਧਾਰ ਪ੍ਰੋਜੈਕਟਾਂ ਦਾ ਆਗ਼ਾਜ਼



**ਮਾਲੇਰਕੋਟਲਾ (ਅਸਗਰ ਪਰਿਹਾਰ)**-ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਸਦਕਾ ਪੰਜਾਬ ਦੇ ਬਿਜਲੀ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ 5016 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਪ੍ਰੋਜੈਕਟਾਂ 'ਦੀ ਰਸਮੀ ਸ਼ੁਰੂਆਤ ਜਲੰਧਰ ਤੋਂ ਕੀਤੀ ਗਈ। ਇਸੇ ਕੜੀ ਤਹਿਤ ਮਾਲੇਰਕੋਟਲਾ ਵਿਖੇ 72 ਕਰੋੜ ਰੁਪਏ ਦੀ ਲਾਗਤ ਨਾਲ ਬਿਜਲੀ ਸੁਪਲਾਈ ਸੁਧਾਰ ਦਾ ਆਗ਼ਾਜ਼ ਵਿਧਾਇਕ ਮਾਲੇਰਕੋਟਲਾ ਵੱਲੋਂ ਨੀਂਹ ਪੱਥਰ ਰੱਖ ਕੇ ਕੀਤਾ ਗਿਆ। ਇਸ ਉਪਰੰਤ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਯੋਜਿਤ 'ਰੌਸ਼ਨ ਪੰਜਾਬ, ਹੁਣ ਪਾਵਰ ਕੱਟ ਤੋਂ ਮੁਕਤੀ' ਸਮਾਗਮ ਦੀ ਜਲੰਧਰ ਤੋਂ ਲਾਈਵ ਸਟ੍ਰੀਮਿੰਗ ਪ੍ਰਦਰਸ਼ਤ ਕੀਤੀ ਗਈ। ਨੀਂਹ ਪੱਥਰ ਰੱਖਣ ਉਪਰੰਤ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਨੇ ਪੱਤਰਕਾਰਾਂ ਨਾਲ ਮੁਲਾਕਾਤ ਕੀਤੀ ਤੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਇਹ ਸਾਰੇ ਪ੍ਰੋਜੈਕਟ ਵਿਭਾਗੀ ਪੱਧਰ 'ਤੇ ਨਿਯਮਤ ਨਿਗਰਾਨੀ ਹੇਠ ਤੇ ਨਿਰਧਾਰਤ ਸਮਾਂ ਸੀਮਾ ਵਿੱਚ ਪੂਰੇ ਕੀਤੇ ਜਾਣਗੇ। ਇਨ੍ਹਾਂ ਕਾਰਜਾਂ ਨਾਲ ਮਾਲੇਰਕੋਟਲਾ ਖੇਤਰ ਵਿੱਚ ਨਿਰਵਿਘਨ ਤੇ ਸਥਿਰ ਵੋਲਟੇਜ਼ ਸਪਲਾਈ ਯਕੀਨੀ ਬਣੇਗੀ। ਵਧੀਕ ਨਿਗਰਾਨ ਇੰਜ. ਹਰਵਿੰਦਰ ਸਿੰਘ ਧੀਮਾਨ ਨੇ ਦੱਸਿਆ ਕਿ ਮਾਲੇਰਕੋਟਲਾ ਵਿਖੇ ਨਿਰਵਿਘਨ ਤੇ ਸਥਿਰ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਪੰਜਾਬ ਮਾਲੇਰਕੋਟਲਾ ਵਿਖੇ 72 ਕਰੋੜ ਰੁਪਏ ਦੀ ਲਾਗਤ ਦੇ ਪ੍ਰੋਜੈਕਟ ਉਲੀਕੇ ਗਏ ਹਨ। ਉਨ੍ਹਾਂ ਦੱਸਿਆ ਕਿ 11 ਕੇ.ਵੀ. ਫੀਡਰਾਂ ਨੂੰ ਡੀਲੋਡ ਕਰਨ ਲਈ ਨਵੇਂ 11 ਕੇ.ਵੀ. ਫੀਡਰਾਂ ਦੀ ਉਸਾਰੀ 'ਤੇ 32 ਕਰੋੜ 50 ਲੱਖ ਰੁਪਏ, ਨਵੇਂ ਟਰਾਂਸਫਾਰਮਰਾਂ ਦੀ ਸਥਾਪਨਾ ਤੇ ਮੌਜੂਦਾ ਦੀ ਸਮਰੱਥਾ ਵਧਾਉਣ ਲਈ 5 ਕਰੋੜ ਰੁਪਏ ਤੋਂ ਵੱਧ, ਇੰਡਸਟਰੀਅਲ ਏਰੀਆ ਵਿੱਚ ਨਵੇਂ 66 ਕੇ.ਵੀ. ਗਰਿਡ ਸਬ ਸਟੇਸ਼ਨ ਦੀ ਉਸਾਰੀ 'ਤੇ 10 ਕਰੋੜ ਰੁਪਏ ਤੋਂ ਵੱਧ, ਨਵੀਆਂ 66 ਕੇ.ਵੀ. ਲਾਈਨਾਂ ਦੀ ਉਸਾਰੀ ਤੇ ਮੌਜੂਦਾ ਲਾਈਨਾਂ ਦੀ ਸਮਰੱਥਾ ਵਾਧੇ ਲਈ 13 ਕਰੋੜ 30 ਲੱਖ ਰੁਪਏ, ਤੇ ਪਾਵਰ ਟਰਾਂਸਫਾਰਮਰਾਂ ਦੀ ਸਮਰੱਥਾ ਵਧਾਉਣ ਲਈ 10 ਕਰੋੜ 60 ਲੱਖ ਰੁਪਏ ਖਰਚੇ ਜਾਣਗੇ।

## ਸੀਨੀਅਰ ਸਿਟੀਜਨ ਐਸੋਸੀਏਸ਼ਨ ਦਾ ਵਫ਼ਦ ਓ ਐੱਸ ਡੀ ਨੂੰ ਮਿਲਿਆ



**ਧੂਰੀ (ਮਨੋਹਰ ਸਿੰਘ ਸੱਗੂ)**-ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ (ਮਿਊਂਸਪਲ ਪਾਰਕ) ਰਜਿ: ਧੂਰੀ ਦਾ ਵਫ਼ਦ ਸ਼ਹਿਰ ਦੀਆਂ ਸਮੱਸਿਆਵਾਂ ਨੂੰ ਲੈ ਕੇ ਪ੍ਰਧਾਨ ਜਗਦੀਸ਼ ਸ਼ਰਮਾ, ਮੀਤ ਪ੍ਰਧਾਨ ਗੁਰਦੀਪ ਸਿੰਘ ਸਾਰੋਂ ਤੇ ਸਕੱਤਰ ਚਰਨਜੀਤ ਸਿੰਘ ਕੈਂਥ ਦੀ ਅਗਵਾਈ ਹੇਠ ਮੁੱਖ ਮੰਤਰੀ ਪੰਜਾਬ ਦੇ ਓ ਐੱਸ ਡੀ ਨੂੰ ਮਿਲਿਆ। ਉਪਰੰਤ ਜਥੇਬੰਦੀ ਦੇ ਆਗੂਆਂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਸੋਸੀਏਸ਼ਨ ਦੀ ਓ ਐੱਸ ਡੀ ਸੁਖਵੀਰ ਸਿੰਘ ਨਾਲ ਸ਼ਹਿਰ ਦੀਆਂ ਲਮਕ ਰਹੀਆਂ ਸਮੱਸਿਆਵਾਂ ਬਾਰੇ ਲੰਘੇ ਜੂਨ ਮਹੀਨੇ ਦਿੱਤੇ ਗਏ 10 ਨੁਕਾਤੀ ਮੰਗ ਪੱਤਰ 'ਚ ਸ਼ਾਮਲ ਮੰਗਾਂ ਬਾਰੇ ਖੁੱਲ੍ਹ ਕੇ ਵਿਚਾਰ ਚਰਚਾ ਹੋਈ। ਆਗੂਆਂ ਨੇ ਕਿਹਾ ਕਿ ਮੰਗ ਪੱਤਰ 'ਚ ਜੰਤਾ ਨਗਰ, ਧਰਮਪੁਰਾ ਮੁਹੱਲਾ, ਸੰਗਤਪੁਰਾ ਮੁਹੱਲਾ ਤੇ ਬਾਗੜੀਆਂ ਰੋਡ ਦੇ ਨਾਲ ਨਾਲ ਰੇਲਵੇ ਫਾਟਕਾਂ ਦੇ ਪਰਲੇ ਪਾਸੇ ਦੇ ਗੰਦੇ ਪਾਣੀ ਦੀ ਨਿਕਾਸੀ ਲਈ ਮੇਨ ਪੰਪਿੰਗ ਸਟੇਸ਼ਨ ਤੇ ਟ੍ਰੀਟਮੈਂਟ ਪਲਾਂਟ ਲਗਾਉਣ ਦੀ ਮੰਗ ਅਜੇ ਤੱਕ ਪੂਰੀ ਨਹੀਂ ਹੋਈ, ਤੋਤਾਪੁਰੀ ਰੋਡ ਤੇ ਬਸ ਸਟੈਂਡ ਵਾਲੇ, ਵਾਟਰ ਸਪਲਾਈ ਵਾਲੇ ਟਿਊਬਵੈੱਲ ਚਾਲੂ ਨਹੀਂ ਹੋਏ, ਰੇਲਵੇ ਓਵਰ ਬਰਿੱਜ ਬਣਾਉਣ ਦਾ ਮਾਮਲਾ ਸਿਆਸਤ ਦੀ ਭੇਟ ਚੜ੍ਹਦਾ ਨਜ਼ਰ ਆ ਰਿਹਾ ਹੈ, ਸ਼ਹਿਰੀ ਪਾਰਕ, ਪਟਵਾਰਖਾਨਾ, ਹਸਪਤਾਲ ਦੀ ਪੁਰਾਣੀ ਇਮਾਰਤ ਤੇ ਸੰਗਰੂਰ ਵਾਲੀ ਕੋਠੀ ਆਦਿ ਇਮਾਰਤਾਂ ਖੰਡਰ ਬਣ ਰਹੀਆਂ ਹਨ। ਸਰਕਾਰੀ ਹਸਪਤਾਲ 'ਚ ਮਾਹਰ ਡਾਕਟਰਾਂ ਦੀ ਘਾਟ, ਦਵਾਈਆਂ ਦੇ ਨਾਕਸ ਪ੍ਰਬੰਧਾਂ ਕਾਰਨ ਮਰੀਜ਼ਾਂ ਨੂੰ ਖੱਜਲ ਖੁਆਰ ਹੋਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਆਗੂਆਂ ਅਨੁਸਾਰ ਉਪਰੋਕਤ ਮੰਗਾਂ 'ਤੇ ਵਿਚਾਰ ਚਰਚਾ ਉਪਰੰਤ ਓ ਐੱਸ ਡੀ ਵੱਲੋਂ ਮੰਗਾਂ ਨੂੰ ਜਲਦ ਪੂਰਾ ਕਰਵਾਉਣ ਦਾ ਭਰੋਸਾ ਦਿਵਾਇਆ ਗਿਆ। ਇਸ ਮੌਕੇ ਮਦਨ ਲਾਲ ਵਰਮਾ, ਹੰਸ ਰਾਜ, ਬੁੱਧ ਰਾਮ, ਭਾਰਤ ਭੂਸ਼ਣ, ਰਾਜ ਕੁਮਾਰ, ਪ੍ਰਲਾਦਿ ਕੁਮਾਰ ਤੇ ਚਰਨਜੀਤ ਆਦਿ ਮੌਜੂਦ ਸਨ।

## ਤੇਜ਼ ਝੱਖੜ ਨਾਲ ਵੋਹਰਾ ਸੋਲਵੈਕਸ ਦੀ ਚਿਮਨੀ ਨੁਕਸਾਨੀ



**ਕੋਟਕਪੂਰਾ (ਰਛਪਾਲ ਭੁੱਲਰ)**-ਬੀਤੇ ਦਿਨੀਂ ਦੇਰ ਰਾਤ ਆਏ ਤੇਜ਼ ਝੱਖੜ ਨੇ ਵੱਖ-ਵੱਖ ਥਾਵਾਂ 'ਤੇ ਕਾਫੀ ਨੁਕਸਾਨ ਪਹੁੰਚਾਇਆ ਹੈ। ਇਸੇ ਤਰ੍ਹਾਂ ਹੀ ਤੇਜ਼ ਝੱਖੜ ਕਾਰਨ ਸਾਦਿਕ ਰੋਡ ਫਰੀਦਕੋਟ ਵਿਖੇ ਸਥਿਤ ਵੋਹਰਾ ਸੋਲਵੈਕਸ ਪ੍ਰਾਈਵੇਟ ਲਿਮਟਿਡ ਦੇ ਬੁਆਇਲਰ ਦੀ ਚਿਮਨੀ ਵੀ ਨੁਕਸਾਨੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵੋਹਰਾ ਸੋਲਵੈਕਸ ਪ੍ਰਾਈਵੇਟ ਲਿਮ: ਕੰਪਨੀ ਦੇ ਪਲਾਂਟ ਮੈਨੇਜਰ ਸੁਦਰਸ਼ਨ ਸ਼ਰਮਾ ਨੇ ਦੱਸਿਆ ਕਿ ਲੰਘੀ 5 ਅਕਤੂਬਰ ਨੂੰ ਦੇਰ ਰਾਤ ਆਏ ਤੇਜ਼ ਮੀਂਹ ਤੇ ਝੱਖੜ ਕਾਰਨ ਬੁਆਇਲਰ ਦੀ ਚਿਮਨੀ ਨੁਕਸਾਨੀ ਗਈ ਜੋ ਕਿ ਡਿੱਗਣ ਕਿਨਾਰੇ ਹੈ। ਉਨ੍ਹਾ ਦੱਸਿਆ ਕਿ ਇਸ ਝੱਖੜ ਕਾਰਨ ਉਨ੍ਹਾਂ ਦਾ ਕਰੀਬ ਡੇਢ ਲੱਖ ਦਾ ਨੁਕਸਾਨ ਹੋਇਆ ਹੈ। ਇਸ ਮੌਕੇ ਵਪਾਰ ਮੰਡਲ ਤੇ ਸ਼ੈੱਲਰ ਐਸੋਸੀਏਸ਼ਨ ਦੇ ਆਗੂਆਂ ਨੇ ਮੰਗ ਕੀਤੀ ਕਿ ਇਸ ਝੱਖੜ ਵਿੱਚ ਵਪਾਰੀਆਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ।

## ਵਰਲਡ ਯੂਨੀਵਰਸਿਟੀ ਦੇ ਗਣਿਤ ਵਿਭਾਗ ਵੱਲੋਂ ਵਿਸ਼ੇਸ਼ ਭਾਸ਼ਣ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਦੇ ਗਣਿਤ ਵਿਭਾਗ ਨੇ 8 ਅਕਤੂਬਰ, 2025 ਨੂੰ 'ਰੂਟ ਫਾਇੰਡਿੰਗਜ਼ ਆਫ ਪੌਲੀਨੋਮੀਅਲਸ ਐਨਾਲਿਟਿਕ ਐਂਡ ਨਿਊਮੈਰੀਕਲ ਮੈਥਡਜ਼ ਰਾਹੀਂ' ਵਿਸ਼ੇ 'ਤੇ ਇੱਕ ਵਿਸ਼ੇਸ਼ ਭਾਸ਼ਣ ਦਾ ਆਯੋਜਨ ਕੀਤਾ। ਸੈਸ਼ਨ ਦੀ ਸ਼ੁਰੂਆਤ ਗਣਿਤ ਵਿਭਾਗ ਦੇ ਮੁਖੀ ਡਾ. ਰਿਚਾ ਬਰਾੜ ਦੇ ਰਸਮੀ ਸਵਾਗਤ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਡੀਨ ਅਕਾਦਮਿਕ ਮਾਮਲੇ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ, ਸਤਿਕਾਰਯੋਗ ਮਹਿਮਾਨ, ਫੈਕਲਟੀ ਮੈਂਬਰਾਂ ਤੇ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਨੇ ਸਰੋਤ ਵਿਅਕਤੀ ਡਾ. ਸੰਜੀਵ ਕੁਮਾਰ ਬਖ਼ਸ਼ੀ ਸਹਾਇਕ ਪ੍ਰੋਫੈਸਰ ਗਣਿਤ ਵਿਭਾਗ ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਪਟਿਆਲਾ ਨਾਲ ਜਾਣ-ਪਛਾਣ ਕਰਵਾਈ। ਡਾ. ਬਰਾੜ ਨੇ ਡਾ. ਬਖ਼ਸ਼ੀ ਦੇ ਸੰਖਿਆਤਮਕ ਤੇ ਵਿਸ਼ਲੇਸ਼ਣਾਤਮਕ ਵਿਧੀਆਂ ਦੇ ਖੇਤਰ ਵਿੱਚ ਅਕਾਦਮਿਕ ਯੋਗਦਾਨ ਤੇ ਮੁਹਾਰਤ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਨਿਊਟਨ-ਰੈਫਸਨ ਤੇ ਬਾਈਸੈਕਸ਼ਨ ਤਕਨੀਕਾਂ ਵਰਗੇ ਕਲਾਸੀਕਲ ਤਰੀਕਿਆਂ ਅਤੇ ਇੰਜੀਨੀਅਰਿੰਗ, ਤਕਨਾਲੋਜੀ ਤੇ ਅਪਲਾਈਡ ਸਾਇੰਸ ਸਮੇਤ ਵੱਖ-ਵੱਖ ਖੇਤਰਾਂ ਵਿੱਚ ਆਧੁਨਿਕ ਤੇ ਅਸਲ ਜੀਵਨ ਦੇ ਉਪਯੋਗਾਂ ਵਿੱਚ ਉਨ੍ਹਾਂ ਦੀ ਗਣਨਾਤਮਕ ਮਹੱਤਤਾ ਬਾਰੇ ਵਿਸਥਾਰ ਨਾਲ ਦੱਸਿਆ। ਲੈਕਚਰ ਡਾ. ਬ੍ਰਹਿਮੀਤ ਕੌਰ ਦੁਆਰਾ ਪ੍ਰਸਤਾਵਿਤ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਇਆ, ਜਿਨ੍ਹਾਂ ਨੇ ਆਪਣੇ ਕੀਮਤੀ ਗਿਆਨ ਨੂੰ ਸਾਂਝਾ ਕਰਨ ਲਈ ਤੇ ਡੀਨ ਅਕਾਦਮਿਕ ਮਾਮਲਿਆਂ ਦੇ ਉਨ੍ਹਾਂ ਦੇ ਨਿਰੰਤਰ ਮਾਰਗਦਰਸ਼ਨ ਅਤੇ ਉਤਸ਼ਾਹ ਲਈ ਧੰਨਵਾਦ ਪ੍ਰਗਟ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਨੇ ਗਣਿਤ ਵਿਭਾਗ ਦੀ ਸ਼ਲਾਘਾਯੋਗ ਪਹਿਲਕਦਮੀ ਲਈ ਪ੍ਰਸ਼ੰਸਾ ਕੀਤੀ।

## ਡਾ. ਅੰਬੇਡਕਰ ਬੁੱਧਾ ਟਰੱਸਟ ਸਾਹਨੇਵਾਲ ਵੱਲੋਂ ਲੜਕੀਆਂ ਦੇ ਸਮੂਹਿਕ ਵਿਆਹ



**ਦੋਰਾਹਾ (ਹਰਮਿੰਦਰ ਸੇਠ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਸੋਚ ਨੂੰ ਸਮਰਪਤ ਸਾਹਨੇਵਾਲ ਦੇ ਗਾਰਡਨ ਰੀਜ਼ੋਰਟ ਵਿੱਚ ਡਾ. ਬੀ ਆਰ ਅੰਬੇਡਕਰ ਬੁੱਧਾ ਟਰੱਸਟ ਸਾਹਨੇਵਾਲ ਵੱਲੋਂ ਲੋੜਵੰਦ ਲੜਕੀਆਂ ਦੇ ਸਮੂਹਿਕ ਵਿਆਹ ਕੀਤੇ ਗਏ। ਟਰੱਸਟ ਦੇ ਪ੍ਰਧਾਨ ਹਰਪ੍ਰੀਤ ਸਰਕਾਰੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਇਹ ਟਰੱਸਟ ਪਿਛਲੇ ਲਗਾਤਾਰ 16 ਸਾਲਾਂ ਤੋਂ ਲੋੜਵੰਦ ਲੜਕੀਆਂ ਦੇ ਵਿਆਹ ਕਰਦਾ ਆ ਰਿਹਾ ਹੈ ਤੇ ਇਸ ਸਾਲ ਵੀ 5 ਅਕਤੂਬਰ ਨੂੰ 7 ਲੜਕੀਆਂ ਦੇ ਸਮੂਹਕ ਵਿਆਹ ਕੀਤੇ ਗਏ, ਜਿਸ ਵਿੱਚ ਲੜਕੀਆਂ ਨੂੰ ਜ਼ਰੂਰਤਮੰਦ ਘਰੇਲੂ ਸਾਮਾਨ ਵੀ ਦਿੱਤਾ ਗਿਆ। ਇਸ ਮੌਕੇ ਜਿੱਥੇ ਸ਼ਹਿਰ ਨਿਵਾਸੀ ਟਰੱਸਟ ਦੇ ਮੈਂਬਰ ਸ਼ਾਮਲ ਸਨ, ਉਥੇ ਹੀ ਵੱਖ ਵੱਖ ਧਾਰਮਿਕ, ਰਾਜਨੀਤਕ ਆਗੂਆਂ ਨੇ ਵੀ ਸ਼ਾਮਲ ਹੋ ਕੇ ਬੱਚੀਆਂ ਨੂੰ ਅਸ਼ੀਰਵਾਦ ਦਿੱਤਾ। ਇਸ ਦੌਰਾਨ ਸਮੂਹ ਟਰੱਸਟ ਮੈਂਬਰਾਂ ਵੱਲੋਂ ਇਨ੍ਹਾਂ ਵਿਆਹਾਂ 'ਚ ਦਿੱਤੇ ਸਹਿਯੋਗ ਲਈ ਸਮੂਹ ਨਗਰ ਨਿਵਾਸੀਆਂ ਤੇ ਐੱਨ ਆਰ ਆਈ ਵੀਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਧਾਨ ਹਰਪ੍ਰੀਤ ਸਰਕਾਰੀਆ, ਪ੍ਰੀਤਮ ਸਿੰਘ ਗਿੱਲ, ਕੈਸ਼ੀਅਰ ਨਰੇਸ਼ ਕੁਮਾਰ ਨਾਗੀ, ਥਾਣੇਦਾਰ ਲਖਵੀਰ ਸਿੰਘ ਸੈਕਟਰੀ, ਸਾਬਕਾ ਡੀ ਐੱਸ ਪੀ ਬੁਲੰਦ ਸਿੰਘ, ਇੰਸਪੈਕਟਰ ਅੰਗਰੇਜ ਸਿੰਘ, ਰਾਜ ਕੁਮਾਰ, ਦਲਜੀਤ ਸਿੰਘ ਭੋਲਾ, ਨਿਰਪਿੰਦਰ ਸਿੰਘ ਲੁਧਿਆਣਾ, ਸਵਰਨਜੀਤ ਗਰਚਾ, ਐਕਸ ਐੱਮ ਸੀ ਕੁਲਦੀਪ ਸਿੰਘ, ਭਜਨ ਸਿੰਘ, ਰਾਕੇਸ਼ ਕੁਮਾਰ ਬੀਰੀ, ਹਰਬੰਸ ਸਿੰਘ ਬੰਸੀ, ਦਵਿੰਦਰ ਸਿੰਘ ਬਾਘਾ, ਅਕਾਸ਼ਦੀਪ ਕੌਲ, ਧਰਮਿੰਦਰ ਸਿੰਘ (ਯੂ ਕੋ ਬੈਂਕ), ਅਰੁਣ ਪਪਨੇਜਾ, ਸੰਪੂਰਨ ਸਿੰਘ, ਦਵਿੰਦਰ ਸਿੰਘ ਬਾਘਾ, ਏ ਐੱਸ ਆਈ ਦਰਸ਼ਨ ਸਿੰਘ, ਗੁਰਮੀਤ ਕੌਰ ਪਿੰਕੀ ਤੋਂ ਇਲਾਵਾ ਨਗਰ ਕੌਂਸਲ ਸਾਹਨੇਵਾਲ ਦੇ ਪ੍ਰਧਾਨ ਪੂਜਾ ਭਾਟੀਆ, ਟ੍ਰੇਡ ਵਿੰਗ ਪ੍ਰਧਾਨ ਰਾਜਦੀਪ ਭਾਟੀਆ, ਇੰਜਨੀਅਰ ਦਲਜੀਤ ਸਿੰਘ ਈਸ਼ਵਰ ਜੋਤ ਸਕੂਲ, ਮੈਡਮ ਜਤਿੰਦਰ ਕੌਰ ਸੰਧੂ, ਅਰਪ੍ਰੀਤ ਕੌਰ ਤੇ ਹੋਰ ਮੈਂਬਰ ਸ਼ਾਮਲ ਸਨ।

## ਬਿਜਲੀ ਦੇ ਬੁਨਿਆਦੀ ਢਾਂਚੇ ਦੀ ਉਸਾਰੀ, ਵਾਧੇ ਤੇ ਨਵੀਨੀਕਰਨ ਦੇ ਕਰਾਏ ਜਾਣਗੇ ਵਿਕਾਸ ਕਾਰਜ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਟਿੱਬੀ ਸਾਹਿਬ ਰੋਡ 'ਤੇ ਸਥਿਤ ਬਿਜਲੀ ਘਰ ਵਿਖੇ ਬ੍ਰੇਕਰ ਦਾ ਉਦਘਾਟਨ ਕੀਤਾ ਤੇ 107 ਕਰੋੜ ਰੁਪਏ ਦੀ ਲਾਗਤ ਨਾਲ ਬਿਜਲੀ ਦੇ ਬੁਨਿਆਦੀ ਢਾਂਚੇ ਦੀ ਉਸਾਰੀ, ਵਾਧੇ ਅਤੇ ਨਵੀਨੀਕਰਨ ਦੇ ਵਿਕਾਸ ਕਾਰਜਾਂ ਦਾ ਸ਼ੁਭ ਆਰੰਭ ਕੀਤਾ। ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਤੇ ਬਿਜਲੀ ਮੰਤਰੀ ਸ੍ਰੀ ਸੰਜੀਵ ਅਰੋੜਾ ਦੀ ਸੇਧ ਅਧੀਨ ਸ੍ਰੀ ਮੁਕਤਸਰ ਸਾਹਿਬ ਦੇ ਵਾਸੀਆਂ ਨੂੰ ਬਿਜਲੀ ਦੇ ਕੱਟਾਂ ਤੋਂ ਮੁਕਤੀ ਦੇਣ ਦੀ ਇਤਿਹਾਸਕ ਪਹਿਲ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਮੁਕਤਸਰ ਸਾਹਿਬ ਵਿਖੇ ਚੱਲਦੇ 28 ਨੰਬਰ ਫੀਡਰਾਂ ਨੂੰ ਅੰਡਰ ਲੋਡ ਕੀਤਾ ਜਾਣਾ ਹੈ। 234 ਨੰਬਰ ਪਹਿਲਾਂ ਚੱਲਦੇ ਟਰਾਂਸਫਾਰਮਰਾਂ ਨੂੰ ਵੱਡੇ ਕੀਤੇ ਜਾਣ ਦੀ ਤਜਵੀਜ ਤਿਆਰ ਕੀਤੀ ਜਾ ਚੁੱਕੀ ਹੈ ਤੇ ਇਸ ਤੋਂ ਇਲਾਵਾ ਵਡਮੁੱਲੇ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਦੀ ਸਪਲਾਈ ਦੇਣ ਲਈ 184 ਨੰਬਰ ਨਵੇਂ ਟਰਾਂਸਫਾਰਮਰ ਰੱਖੇ ਜਾਣਗੇ ਤੇ ਇਨ੍ਹਾਂ ਕੰਮਾਂ 'ਤੇ 2361 ਲੱਖ ਰੁਪਏ ਖਰਚ ਕੀਤੇ ਜਾਣਗੇ। ਵਿਧਾਇਕ ਬਰਾੜ ਨੇ ਕਿਹਾ ਕਿ ਵਿਕਾਸ ਦੇ ਕੰਮਾਂ ਦੀ ਲੜੀ ਵਿੱਚ ਪੀ.ਐਸ.ਪੀ.ਸੀ.ਐੱਲ ਵੱਲੋਂ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਕੀਤੇ ਜਾ ਰਹੇ ਯਤਨਾਂ ਦੀ ਪ੍ਰਸ਼ਸ਼ਨ, ਸਰਕਾਰ ਤੇ ਆਮ ਲੋਕਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ ਅਤੇ ਇਸ ਲਈ ਪੀ.ਐਸ.ਪੀ.ਸੀ.ਐੱਲ. ਸ੍ਰੀ ਮੁਕਤਸਰ ਸਾਹਿਬ ਦੇ ਸਮੂਹ ਅਫ਼ਸਰ ਤੇ ਕ੍ਰਮਚਾਰੀ ਵਧਾਈ ਦੇ ਪਾਤਰ ਹਨ।

## ਪਟਾਕਿਆਂ ਦੀ ਵਿਕਰੀ ਲਈ ਆਰਜ਼ੀ ਲਾਇਸੈਂਸ ਜਾਰੀ ਕਰਨ ਲਈ ਕੱਢੇ ਡਰਾਅ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਦੀਵਾਲੀ ਮੌਕੇ ਪਟਾਕਿਆਂ ਦੀ ਵਿਕਰੀ ਲਈ ਆਰਜ਼ੀ ਲਾਇਸੈਂਸ ਦੇਣ ਲਈ ਡਰਾਅ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੀ ਦੇਖ-ਰੇਖ ਵਿਚ ਅਪਲਾਈ ਕਰਨ ਵਾਲਿਆਂ ਦੀ ਹਾਜ਼ਰੀ 'ਚ ਕੱਢੇ ਗਏ। ਉਨ੍ਹਾਂ ਨਾਲ ਸਹਾਇਕ ਕਮਿਸ਼ਨਰ (ਜ) ਅਮਨਦੀਪ ਸਿੰਘ ਮਾਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਅਨੁਸਾਰ ਬਣੀ ਨੀਤੀ ਅਨੁਸਾਰ ਇਹ ਡਰਾਅ ਕੱਢੇ ਗਏ ਹਨ। ਉਨ੍ਹਾਂ ਕਿਹਾ ਕਿ ਨਿਰਧਾਰਤ ਥਾਂਵਾਂ ਤੋਂ ਬਿਨਾਂ ਹੋਰ ਕਿਤੇ ਵੀ ਪਟਾਖਿਆਂ ਦੀ ਵਿਕਰੀ ਨਹੀਂ ਕੀਤੀ ਜਾ ਸਕੇਗੀ। ਉਨ੍ਹਾਂ ਦੱਸਿਆ ਕਿ ਇਸ ਡ੍ਰਾਅ ਲਈ ਜ਼ਿਲ੍ਹੇ ਵਿੱਚ 2192 ਅਰਜ਼ੀਆਂ ਆਈਆਂ ਸਨ, ਜਿਨ੍ਹਾਂ ਵਿਚੋਂ ਡਰਾਅ ਰਾਹੀਂ ਅਬੋਹਰ ਲਈ 25, ਜਲਾਲਾਬਾਦ ਅਤੇ ਫ਼ਾਜ਼ਿਲਕਾ ਲਈ 18-18 ਤੇ ਅਰਨੀਵਾਲਾ ਲਈ 6 ਆਰਜੀ ਲਾਇਸੈਂਸ ਦੇਣ ਲਈ ਲਾਭਪਾਤਰੀਆਂ ਦੀ ਚੋਣ ਕੀਤੀ ਗਈ। ਇਸ ਪ੍ਰਕਾਰ ਜ਼ਿਲ੍ਹੇ ਵਿਚ ਕੁੱਲ 67 ਆਰਜ਼ੀ ਲਾਇਸੈਂਸ ਜਾਰੀ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਦੀਵਾਲੀ ਵਾਲੀ ਰਾਤ ਨੂੰ ਰਾਤ 8 ਤੋਂ ਰਾਤ 10 ਵਜੇ ਤੱਕ ਹੀ ਪਟਾਕੇ ਚਲਾਏ ਜਾ ਸਕਦੇ ਹਨ। ਆਰਜ਼ੀ ਲਾਇਸੈਂਸ ਧਾਰਕ ਫ਼ਾਜ਼ਿਲਕਾ ਵਿਖੇ ਬਹੁਮੰਤਵੀ ਖੇਡ ਸਟੇਡੀਅਮ ਐਮਆਰ ਕਾਲਜ ਰੋਡ (ਸਿਵਾਏ ਪਲੇਅ ਗਰਾਊਂਡ ਏਰੀਆ) ਵਿਖੇ, ਅਬੋਹਰ 'ਚ ਪੁੱਡਾ ਕਲੋਨੀ, ਫ਼ਾਜ਼ਿਲਕਾ ਰੋਡ ਅਬੋਹਰ ਵਿਖੇ ਜਲਾਲਾਬਾਦ 'ਚ ਖੇਡ ਸਟੇਡੀਅਮ (ਸਿਵਾਏ ਪਲੇਅ ਗਰਾਊਂਡ ਏਰੀਆ) ਅਤੇ ਅਰਨੀਵਾਲਾ ਵਿਚ ਥਾਣੇ ਦੇ ਨਾਲ ਲੱਗਦੀ ਪੰਚਾਇਤੀ ਜਮੀਨ ਵਿਚ ਆਪਣੇ ਸਟਾਲ ਲਾ ਸਕਨਗੇ। ਆਰਜ਼ੀ ਲਾਇਸੈਂਸ ਧਾਰਕਾਂ ਨੂੰ ਸਾਰੇ ਸਰਕਾਰੀ ਨਿਯਮਾਂ ਦਾ ਪਾਲਣਾ ਕਰਨਾ ਲਾਜ਼ਮੀ ਹੋਵੇਗਾ। ਸਟੇਜ ਦਾ ਸੰਚਾਲਨ ਸਿੱਖਿਆ ਵਿਭਾਗ ਤੋਂ ਸ੍ਰੀ ਵਿਜੈ ਪਾਲ ਨੇ ਬਾਖੂਬੀ ਢੰਗ ਨਾਲ ਕੀਤਾ।

## ਆਪਣੀਆਂ ਅੱਖਾਂ ਨਾਲ ਪਿਆਰ ਕਰੋ : ਡਾ. ਭਿੰਡਰ



**ਸ਼ੇਰਪੁਰ (ਰਵੀ ਟਿੱਬਾ)**-ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਦੇ ਹੁਕਮਾਂ ਅਤੇ ਸਿਵਲ ਸਰਜਨ ਮਲੇਰਕੋਟਲਾ ਡਾ. ਸੰਜੇ ਗੋਇਲ ਦੇ ਦਿਸ਼ਾ-ਨਿਰਦੇਸ਼ਾਂ ਤੇ ਸਿਹਤ ਬਲਾਕ ਫ਼ਤਿਹਗੜ੍ਹ ਪੰਜਗਰਾਈਆਂ 'ਚ ਅੰਤਰਰਾਸ਼ਟਰੀ ਦ੍ਰਿਸ਼ਟੀ ਦਿਵਸ ਮਨਾਇਆ ਗਿਆ। ਡਾ. ਗੁਰਪ੍ਰਕਾਸ਼ ਸਿੰਘ ਭਿੰਡਰ ਐਸ.ਐਮ.ਓ ਫਤਿਹਗੜ੍ਹ ਪੰਜਗਰਾਈਆਂ ਨੇ ਕਿਹਾ ਕਿ ਇਸ ਦਿਨ ਦਾ ਉਦੇਸ਼ ਲੋਕਾਂ ਨੂੰ ਅੱਖਾਂ ਦੀ ਸਿਹਤ ਬਾਰੇ ਜਾਗਰੂਕ ਕਰਨਾ ਤੇ ਨਜ਼ਰ ਬਚਾਉਣ ਲਈ ਸਮੇਂ-ਸਮੇਂ 'ਤੇ ਅੱਖਾਂ ਦੀ ਜਾਂਚ ਕਰਾਉਣ ਲਈ ਪ੍ਰੇਰਿਤ ਕਰਨਾ ਹੈ। ਇਸ ਮੌਕੇ ਮਾਸ ਐਜੂਕੇਸ਼ਨ ਤੇ ਮੀਡੀਆ ਵਿੰਗ ਤੋਂ ਬਲਾਕ ਐਜੂਕੇਟਰ ਜਗਸੀਰ ਸਿੰਘ ਟਿੱਬਾ, ਹਰਪ੍ਰੀਤ ਕੌਰ ਬਲਾਕ ਐਜੂਕੇਟਰ , ਹੈਲਥ ਇੰਸਪੈਕਟਰ ਗੁਲਜ਼ਾਰ ਖਾਨ, ਹੈਲਥ ਇੰਸਪੈਕਟਰ ਸਤਿੰਦਰ ਸਿੰਘ, ਚਰਨਜੀਤ ਕੌਰ ਮਪਹਸ ਤੇ ਜਸਪਿੰਦਰ ਸਿੰਘ ਮਪਹਵ ਆਦਿ ਹਾਜ਼ਰ ਸਨ।

## ਰਮਿੰਦਰ ਸਿੰਘ ਆਵਲਾ ਦੀ ਟੀਮ ਨੇ ਕਾਂਗਰਸ ਦਫ਼ਤਰ 'ਚ ਲੋਕਾਂ ਨੂੰ ਕੀਤਾ ਜਾਗਰੂਕ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-'ਵੋਟ ਚੋਰੀ' ਖਿਲਾਫ਼ ਰਾਹੁਲ ਗਾਂਧੀ ਵੱਲੋਂ ਚਲਾਏ ਗਏ ਅਭਿਆਨ ਤਹਿਤ 'ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਆਦੇਸ਼ ਅਨੁਸਾਰ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਦੀ ਟੀਮ ਵੱਲੋਂ ਇਸ ਨੂੰ ਅੱਗੇ ਵਧਾਉਂਦੇ ਹੋਏ ਹਲਕਾ ਗੁਰੂਹਰਸਹਾਏ ਦੇ ਕਾਂਗਰਸ ਦਫ਼ਤਰ ਵਿਖੇ ਇਸ ਅਭਿਆਨ ਨੂੰ ਹੋਰ ਤੇਜ਼ ਕਰ ਦਿੱਤਾ ਗਿਆ ਹੈ। ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ 'ਵੋਟ ਚੋਰੀ' ਬਾਰੇ ਜਾਣੂ ਕਰਾਉਂਦੇ ਹੋਏ ਹਸਤਾਖ਼ਰ ਮੁਹਿਮ ਨੂੰ ਹੋਰ ਤੇਜ਼ ਕੀਤਾ ਗਿਆ। ਬਲਾਕ ਪ੍ਰਧਾਨ ਭੀਮ ਕੰਬੋਜ਼ ਗੁਰੂ ਹਰਸਹਾਏ, ਅਮਰੀਕ ਸਿੰਘ ਬਲਾਕ ਪ੍ਰਧਾਨ ਲੱਖੋ ਕੇ, ਕਰਤਾਰ ਸਿੰਘ ਬਲਾਕ ਪ੍ਰਧਾਨ ਅਮੀਰ ਖਾਸ ਨੇ ਦੱਸਿਆ ਕਿ ਵੋਟ ਚੋਰ ਗੱਦੀ ਛੋੜ ਅਭਿਆਨ ਹੁਣ ਲਹਿਰ ਬਣ ਚੁੱਕੀ ਹੈ। ਹਲਕੇ ਦੇ ਵੱਖ-ਵੱਖ ਪਿੰਡਾਂ ਤੋਂ ਸ਼ਹਿਰਾਂ, ਕਸਬਿਆਂ, ਮਹੁੱਲੇ ਤੱਕ ਇਹ ਅਭਿਆਨ ਲੈ ਕੇ ਪਹੁੰਚਿਆ ਜਾਵੇਗਾ। ਇਸ ਮੌਕੇ ਕੁਲਵਿੰਦਰ ਸਿੰਘ ਸਰਪੰਚ ਕਾਹਨ ਸਿੰਘ ਵਾਲਾ, ਭਿੰਦਰ ਗਹਿਰੀ, ਜਸਵੰਤ ਸਿੰਘ ਸਰਪੰਚ ਜੁਆਏ ਸਿੰਘ ਵਾਲਾ, ਅਮਨ ਦੁੱਗਲ, ਸਿੰਮੂ ਪਾਸੀ, ਲਖਵੀਰ ਸਿੰਘ, ਰਸ਼ਪਾਲ ਮਹਿਮਾ, ਅਮ੍ਰਿਤਪਾਲ ਸਿੰਘ ਪੀ.ਏ, ਅਮਰ ਕੰਬੋਜ਼ ਪੀ.ਏ, ਨਿਸ਼ੂ ਦਹੂਜਾ ਓ.ਐੱਸ.ਡੀ. ਹਰਮੇਸ਼ ਸਿੰਘ ਰਾਣਾ ਪੰਜਗਰਾਈਂ, ਲਖਵਿੰਦਰ ਤੂਰ ਆਦਿ ਕਾਂਗਰਸ ਵਰਕਰ ਹਾਜ਼ਰ ਸਨ।

## ਪ੍ਰਾਇਮਰੀ ਸਕੂਲ ਖੇਡਾਂ 'ਚ ਕਰਾੜਵਾਲਾ ਦੇ ਵਿਦਿਆਰਥੀਆਂ ਮਾਰੀ ਬਾਜ਼ੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪ੍ਰਾਇਮਰੀ ਪੱਧਰ ਦੀਆਂ ਸਕੂਲ ਖੇਡਾਂ ਸੈਂਟਰ ਰਾਮਪੁਰਾ ਪਿੰਡ ਦਾ ਆਗਾਜ਼ ਮੰਡੀ ਕਲਾਂ ਦੇ ਖੇਡ ਮੈਦਾਨ ਵਿੱਚ ਹੋਇਆ, ਜਿਸ ਵਿੱਚ ਡੀ.ਐਮ ਸਕੂਲ ਕਰਾੜਵਾਲਾ ਦੇ ਨੰਨ੍ਹੇ-ਮੁੰਨੇ ਖਿਡਾਰੀਆਂ ਨੇ ਖੇਡਾਂ ਦੇ ਭਵਿੱਖ 'ਚ ਆਪਣੀ ਸ਼ੁਰੂਆਤ ਸੋਨੇ ਦੇ ਤਮਗੇ ਨੂੰ ਜਿੱਤ ਕੇ ਕੀਤੀ। ਸੰਸਥਾ ਦੇ ਚੇਅਰਮੈਨ ਇੰਜ. ਅਵਤਾਰ ਸਿੰਘ ਢਿੱਲੋਂ ਦੱਸਿਆ ਕਿ ਸਕੂਲ ਦੀਆਂ ਕੁੱਲ ਪੰਜ ਟੀਮਾਂ ਫੁੱਟਬਾਲ ਅੰਡਰ-11 (ਲੜਕੇ-ਲੜਕੀਆਂ), ਹੈਂਡਬਾਲ ਅੰਡਰ-11 (ਲੜਕੇ-ਲੜਕੀਆਂ) ਤੇ ਰੱਸਾਕਸ਼ੀ ਅੰਡਰ-11 (ਲੜਕੇ) ਦੀਆਂ ਟੀਮਾਂ ਨੇ ਖੇਡਾਂ ਵਿੱਚ ਭਾਗ ਲਿਆ ਤੇ ਇਨ੍ਹਾਂ ਖੇਡਾਂ ਵਿੱਚ ਸਾਰੇ ਹੀ ਖਿਡਾਰੀਆਂ ਨੇ ਆਪਣੇ ਭਵਿੱਖ ਦੀ ਸੁਨਹਿਰੀ ਸ਼ੁਰੂਆਤ ਕਰਦਿਆਂ ਖੇਡਾਂ ਦੀ ਨਰਸਰੀ ਵਜੋਂ ਜਾਣੀ ਜਾਂਦੀ ਸੰਸਥਾ ਦਾ ਨਾਂਅ ਵੀ ਸੁਨਹਿਰੀ ਅੱਖਰਾਂ 'ਚ ਦਰਜ ਕਰਾਇਆ। ਇੰਜ.ਢਿੱਲੋਂ ਨੇ ਸਾਰੇ ਵਿਦਿਆਰਥੀਆਂ ਨੂੰ ਅੱਗੇ ਵਧਣ ਲਈ ਪ੍ਰੇਰਿਆ ਤੇ ਨਾਲ ਹੀ ਸਕੂਲ ਦੇ ਪ੍ਰਿੰਸੀਪਲ, ਸੰਬੰਧਤ ਸਟਾਫ਼ ਤੇ ਵਿਦਿਆਰਥੀਆਂ ਦੇ ਮਾਤਾ-ਪਿਤਾ ਨੂੰ ਵੀ ਵਧਾਈ ਦਿੱਤੀ।

## ਸਪੈਸ਼ਲ ਬੱਚਿਆਂ ਨੂੰ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਨਾ ਸਾਡਾ ਸਾਰਿਆਂ ਦਾ ਫ਼ਰਜ਼ : ਅਸ਼ੋਕ ਕੁਮਾਰ ਚੌਹਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਪੈਸ਼ਲ ਬੱਚੇ, ਹੋਰਨਾਂ ਬੱਚਿਆਂ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ ਹਨ ਅਤੇ ਇਨ੍ਹਾਂ ਬੱਚਿਆਂ ਨੇ ਨਿਰੰਤਰ ਹੱਲਾਸ਼ੇਰੀ ਸਦਕਾ ਸਮਾਜ ਦੇ ਕਈ ਖੇਤਰਾਂ ਵਿੱਚ ਮਿਸਾਲੀ ਪ੍ਰਾਪਤੀਆਂ ਕੀਤੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਸ਼੍ਰੀ ਅਸ਼ੋਕ ਕੁਮਾਰ ਚੌਹਾਨ ਨੇ ਪਿੰਡ ਫ਼ਤਹਿਪੁਰ ਅਰਾਈਆਂ ਵਿਖੇ ਵਿਸ਼ਵ ਮਾਨਸਿਕ ਸਿਹਤ ਦਿਵਸ ਮੌਕੇ ਫ਼ਤਹਿਪੁਰ ਅਰਾਈਆਂ ਸਪੈਸ਼ਲ ਬੱਚਿਆਂ ਦੇ ਸਕੂਲ ਵਿੱਚ ਕਨਫਰਡੇਸ਼ਨ ਫਾਰ ਚੈਲੰਜਡ ਸੰਸਥਾ ਵੱਲੋਂ ਕਰਾਏ ਜਾਗਰੂਕਤਾ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਸਪੈਸ਼ਲ ਬੱਚਿਆਂ ਨੂੰ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਨਾ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਤਾਂ ਜੁ ਇਹ ਬੱਚੇ ਹੋਰ ਵੀ ਵਧੇਰੇ ਤਰੱਕੀਆਂ ਕਰ ਸਕਣ। ਉਨ੍ਹਾਂ ਕਿਹਾ ਕਿ ਮਾਨਸਿਕ ਸਿਹਤ ਪ੍ਰਤੀ ਹਰੇਕ ਨਾਗਰਿਕ ਨੂੰ ਵਧੇਰੇ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਸਮੇਤ ਹਰ ਉਮਰ ਵਰਗ ਦੇ ਲੋਕਾਂ ਨੂੰ ਮਾਨਸਿਕ ਤੌਰ ਉੱਤੇ ਤੰਦਰੁਸਤ ਰਹਿਣ ਲਈ ਉਚੇਚਾ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਇਸ ਮਾਮਲੇ ਵਿੱਚ ਅਵੇਸਲੇ ਰਹਿਣ ਨਾਲ ਕੋਈ ਵੀ ਵਿਅਕਤੀ ਜ਼ਿੰਦਗੀ ਵਿਚ ਸਰੀਰਕ ਤੇ ਮਾਨਸਿਕ ਤੌਰ ਉੱਤੇ ਪਛੜ ਸਕਦਾ ਹੈ। ਸ਼੍ਰੀ ਚੌਹਾਨ ਨੇ ਕਿਹਾ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹਰੇਕ ਲੋੜਵੰਦ ਵਿਅਕਤੀ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਾਉਣ ਲਈ ਪੂਰੀ ਦ੍ਰਿੜਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਸਕੂਲ ਦੇ ਪ੍ਰਬੰਧਕਾਂ ਨੂੰ ਕਿਹਾ ਕਿ ਜੇਕਰ ਕਿਸੇ ਵੀ ਸਪੈਸ਼ਲ ਬੱਚੇ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਕਾਨੂੰਨੀ ਸਹਾਇਤਾ ਦੀ ਲੋੜ ਹੋਵੇ ਤਾਂ ਉਹ ਬੇਝਿਜਕ ਉਨ੍ਹਾਂ ਦੇ ਦਫ਼ਤਰ ਵਿਖੇ ਆ ਕੇ ਸੇਵਾਵਾਂ ਹਾਸਲ ਕਰ ਸਕਦੇ ਹਨ। ਉਨ੍ਹਾਂ ਸਕੂਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਬੱਚਿਆਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਸਕੂਲ ਵੱਲੋਂ ਜੋ ਉਪਰਾਲਾ ਕੀਤਾ ਜਾ ਰਿਹਾ ਹੈ, ਉਹ ਸ਼ਲਾਘਾਯੋਗ ਹੈ ਤੇ ਸਪੈਸ਼ਲ ਬੱਚਿਆਂ ਲਈ ਹੋਰਨਾਂ ਨੂੰ ਵੀ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ।

## ...ਸ.ਫ਼ਾ 1 ਦੇ ਬਾਕੀ

### ਜਾਇਦਾਦਾਂ ਵੇਚਣ ਦੀ ...

ਦਾ ਜ਼ੋਰਦਾਰ ਪਿੱਟ-ਸਿਆਪਾ ਕੀਤਾ। ਇਸ ਮੌਕੇ ਇਕੱਤਰ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਸੂਬਾ ਪ੍ਰਧਾਨ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਸੁਖਚੈਨ ਸਿੰਘ ਸਰਹਾਲੀ ਨੇ ਕਿਹਾ ਕਿ ਦਹਾਕੇ ਪਹਿਲਾਂ ਪੰਚਾਇਤਾਂ ਵੱਲੋਂ ਦਾਨ ਦੇ ਤੌਰ 'ਤੇ ਬਿਜਲੀ ਬੋਰਡ ਨੂੰ ਦਿੱਤੀਆਂ ਜ਼ਮੀਨਾਂ ਜੋ ਹੁਣ ਬਹੁਤ ਮਹਿੰਗੇ ਮੁੱਲ ਦੀਆਂ ਹਨ, ਨੂੰ ਸਰਕਾਰ ਆਪਣੀਆਂ ਰਾਜਸੀ ਲੋੜਾਂ ਲਈ ਵੇਚਣ ਦੀ ਤਜਵੀਜ਼ ਬਣਾ ਰਹੀ ਹੈ, ਜਿਸ ਨੂੰ ਸੰਘਰਸ਼ਸ਼ੀਲ ਲੋਕ ਕਦਾਚਿਤ ਬਰਦਾਸ਼ਤ ਨਹੀਂ ਕਰਨਗੇ। ਮੁਲਾਜ਼ਮ ਅਤੇ ਕਿਸਾਨ ਆਗੂਆਂ ਨੇ ਹਾਕਮਾਂ ਦੇ ਕਾਰਪੋਰੇਟ ਘਰਾਣਿਆਂ ਨੂੰ ਸਰਕਾਰੀ ਅਦਾਰੇ ਕੌਡੀਆਂ ਦੇ ਮੁੱਲ ਵੇਚਣ ਦੇ ਤਬਾਹਕੁੰਨ ਮਨਸੂਬਿਆਂ ਨੂੰ ਭਾਂਜ ਦੇਣ ਲਈ ਪੰਜਾਬ ਦੀਆਂ ਸਮੁੱਚੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਇਕ ਪਲੇਟਫਾਰਮ ਤੇ ਇਕੱਤਰ ਹੋ ਕੇ ਇਸ ਲੋਕ ਅਤੇ ਮੁਲਾਜ਼ਮ ਵਿਰੋਧੀ ਨੀਤੀ ਵਿਰੁੱਧ ਤਿੱਖਾ ਅਤੇ ਸਿਰੜੀ ਸੰਘਰਸ਼ ਕਰਨ ਦਾ ਸੱਦਾ ਦਿੱਤਾ।

ਇਸ ਮੌਕੇ ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਦੇ ਆਗੂ ਮੇਜਰ ਸਿੰਘ ਮੱਲ੍ਹੀਆਂ, ਰਣਜੀਤ ਸਿੰਘ, ਫੈਡਰੇਸ਼ਨ ਏਟਕ ਦੇ ਪੂਰਨ ਦਾਸ, ਕਵਲਜੀਤ ਕੌਰ, ਮਨਜੀਤ ਸਿੰਘ ਖੇਲਾ, ਅਕਾਊਂਟ ਕੇਡਰ ਦੇ ਸਿਮਰਨਜੀਤ ਸਿੰਘ ਅਤੇ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਦੇ ਆਗੂ ਅਵਤਾਰ ਕ੍ਰਿਸ਼ਨ ਆਦਿ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

### ਪਿੱਠ ਦਰਦ ਠੀਕ ਕਰਨ...

ਘਰਦਿਆਂ ਨੂੰ ਆਪਣੇ ਇਸ ਇਲਾਜ ਦੇ ਤਰੀਕੇ ਬਾਰੇ ਦੱਸਿਆ, ਜੋ ਫਿਰ ਉਸ ਨੂੰ ਹਸਪਤਾਲ ਲੈ ਗਏ।

ਮੈਡੀਕਲ ਟੈਸਟਾਂ ਵਿੱਚ ਕੋਈ ਟਿਊਮਰ ਨਹੀਂ ਮਿਲਿਆ, ਪਰ ਆਕਸੀਫਿਲ ਸੈੱਲਾਂ ਵਿੱਚ ਅਸਾਧਾਰਨ ਵਾਧਾ ਜ਼ਰੂਰ ਦਿਖਾਈ ਦਿੱਤਾ, ਜੋ ਪਰਜੀਵੀ ਸੰਕਰਮਣ ਦਾ ਸੰਕੇਤ ਦਿੰਦਾ ਹੈ। ਡਾਕਟਰਾਂ ਨੇ ਬਾਅਦ ਵਿੱਚ ਪੁਸ਼ਟੀ ਕੀਤੀ ਕਿ ਝਾਂਗ ਸਪਾਰਗਨਮ, ਇੱਕ ਕਿਸਮ ਦੇ ਟੇਪਵਰਮ ਅਤੇ ਹੋਰ ਪਰਜੀਵੀਆਂ ਨਾਲ ਸੰਕਰਮਤ ਹੋ ਗਈ ਸੀ, ਜਿਸ ਨੇ ਉਸ ਦੀ ਪਾਚਨ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਇਆ ਸੀ। ਦੋ ਹਫਤਿਆਂ ਦੇ ਇਲਾਜ ਤੋਂ ਬਾਅਦ ਝਾਂਗ ਨੂੰ ਛੁੱਟੀ ਦੇ ਦਿੱਤੀ ਗਈ। ਹਸਪਤਾਲ ਦੇ ਇੱਕ ਸੀਨੀਅਰ ਫਿਜ਼ੀਸ਼ੀਅਨ ਡਾ. ਵੂ ਝੋਂਗਵੇਨ ਨੇ ਨੋਟ ਕੀਤਾ ਕਿ ਅਜਿਹੇ ਮਾਮਲੇ ਲਗਾਤਾਰ ਵਧ ਰਹੇ ਹਨ। ਉਨ੍ਹਾ ਕਿਹਾ, "ਅਸੀਂ ਉਨ੍ਹਾਂ ਮਰੀਜ਼ਾਂ ਦਾ ਇਲਾਜ ਕੀਤਾ ਹੈ ਜਿਨ੍ਹਾਂ ਨੇ ਡੱਡੂ ਨਿਗਲੇ ਹਨ, ਕੱਚੇ ਸੱਪ ਜਾਂ ਮੱਛੀ ਦਾ ਪਿੱਤ ਖਾਧਾ ਹੈ ਜਾਂ ਆਪਣੀ ਚਮੜੀ 'ਤੇ ਡੱਡੂ ਦੀ ਚਮੜੀ ਲਗਾਈ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਮਰੀਜ਼ ਬਜ਼ੁਰਗ ਸਨ ਅਤੇ ਜਦੋਂ ਤੱਕ ਕੋਈ ਪੇਚੀਦਗੀਆਂ ਪੈਦਾ ਨਹੀਂ ਹੋ ਜਾਂਦੀਆਂ, ਉਹ ਅਕਸਰ ਆਪਣੇ ਪਰਵਾਰਕ ਮੈਂਬਰਾਂ ਨਾਲ ਆਪਣੀ ਸਿਹਤ ਬਾਰੇ ਗੱਲ ਨਹੀਂ ਕਰਦੇ।"

ਡਾ. ਵੂ ਨੇ ਚੇਤਾਵਨੀ ਦਿੱਤੀ ਕਿ ਅਜਿਹੇ ਲੋਕ ਉਪਾਅ ਨਾ ਸਿਰਫ ਬੇਅਸਰ ਹਨ, ਸਗੋਂ ਖਤਰਨਾਕ ਵੀ ਹਨ। ਉਨ੍ਹਾ ਸਮਝਾਇਆ, "ਮਿਸਾਲ ਲਈ, ਸਰੀਰ 'ਤੇ ਡੱਡੂ ਦੀ ਚਮੜੀ ਲਗਾਉਣ ਨਾਲ ਚਮੜੀ ਦਾ ਰੋਗ ਠੀਕ ਹੋਣ ਦਾ ਵਿਸ਼ਵਾਸ ਕੀਤਾ ਜਾਂਦਾ ਹੈ, ਪਰ ਇਸ ਨਾਲ ਗੰਭੀਰ ਪਰਜੀਵੀ ਸੰਕਰਮਣ ਹੋ ਸਕਦਾ ਹੈ, ਜਿਸ ਨਾਲ ਨਜ਼ਰ ਦਾ ਨੁਕਸਾਨ, ਦਿਮਾਗ ਦਾ ਸੰਕਰਮਣ ਜਾਂ ਮੌਤ ਵੀ ਹੋ ਸਕਦੀ ਹੈ।"

ਇਸ ਘਟਨਾ ਨੇ ਸੋਸ਼ਲ ਮੀਡੀਆ 'ਤੇ ਗਲਤ ਜਾਣਕਾਰੀ ਦੇ ਖਤਰਿਆਂ ਨੂੰ ਵੀ ਉਜਾਗਰ ਕੀਤਾ ਹੈ। ਝੇਜਿਆਂਗ ਦੇ ਇੱਕ ਹੋਰ ਹਾਲੀਆ ਮਾਮਲੇ ਵਿੱਚ, ਇੱਕ ਛੇ ਮਹੀਨਿਆਂ ਦੀ ਬੱਚੀ ਨੂੰ ਸਿੱਕੇ ਦੇ ਜ਼ਹਿਰ ਨਾਲ ਪੀੜਤ ਪਾਇਆ ਗਿਆ ਸੀ, ਜਦੋਂ ਉਸ ਦੀ ਮਾਂ ਨੇ ਇਗਜ਼ੀਮਾ ਦਾ ਇਲਾਜ ਕਰਨ ਲਈ ਵਾਰ-ਵਾਰ ਬੱਚੀ ਦੇ ਹੱਥ ਨੂੰ ਲੀਡ ਐਸੀਟੇਟ ਵਿੱਚ ਭਿਉਂਤਾ ਸੀ। ਇਹ ਇੱਕ ਗੈਰ-ਵਿਗਿਆਨਕ ਇਲਾਜ ਸੀ, ਜੋ ਆਨਲਾਈਨ ਲੱਭਿਆ ਗਿਆ ਸੀ। ਚਮੜੀ ਰਾਹੀਂ ਜਜ਼ਬ ਹੋਏ ਸਿੱਕੇ ਨੇ ਗੰਭੀਰ ਸਿਹਤ ਪੇਚੀਦਗੀਆਂ ਪੈਦਾ ਕੀਤੀਆਂ।

### ਚੀਮਾ ਵੱਲੋਂ ਵੇਰਕਾ ਆਊਟਸੋਰਸਡ...

ਚੀਮਾ ਨੇ ਇਸ ਨਵ-ਗਠਿਤ ਕਮੇਟੀ ਨੂੰ ਯੂਨੀਅਨ ਦੇ ਮੁੱਦਿਆਂ ਦੇ ਹੱਲ ਵਾਸਤੇ ਵਿਸ਼ੇਸ਼ ਪ੍ਰਸਤਾਵ ਤਿਆਰ ਕਰਨ ਦੇ ਨਿਰਦੇਸ਼ ਦਿੱਤੇ। ਇਸ ਪ੍ਰਸਤਾਵ ਨੂੰ ਜਲਦ ਅਤੇ ਠੋਸ ਹੱਲ ਲਈ ਬਾਅਦ ਵਿੱਚ ਕੈਬਨਿਟ ਸਬ-ਕਮੇਟੀ ਨੂੰ ਭੇਜਿਆ ਜਾਵੇਗਾ। ਵਿੱਤ ਮੰਤਰੀ ਨੇ ਯੂਨੀਅਨ ਦੇ ਨੁਮਾਇੰਦਿਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਪੂਰੀਆਂ ਕੀਤੀਆਂ ਜਾਣਗੀਆਂ। ਮੀਟਿੰਗ ਵਿੱਚ ਮੌਜੂਦ ਅਧਿਕਾਰੀਆਂ ਵਿੱਚ ਮਿਲਕਫੈੱਡ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ, ਮਿਲਕਫੈੱਡ ਦੇ ਮੈਨੇਜਿੰਗ ਡਾਇਰੈਕਟਰ ਰਾਹੁਲ ਗੁਪਤਾ ਅਤੇ ਵਧੀਕ ਐਡਵੋਕੇਟ ਜਨਰਲ ਟੀ ਪੀ ਐੱਸ ਵਾਲੀਆ ਸ਼ਾਮਲ ਸਨ। ਯੂਨੀਅਨ ਦੀ ਨੁਮਾਇੰਦਗੀ ਕਰਦਿਆਂ ਪਵਨਦੀਪ ਸਿੰਘ ਅਤੇ ਜਸਬੀਰ ਸਿੰਘ ਨੇ ਵਿੱਤ ਮੰਤਰੀ ਅੱਗੇ ਯੂਨੀਅਨ ਦਾ ਪੱਖ ਰੱਖਿਆ।

### 3100 ਤੋਂ ਵੱਧ...

ਦੇ ਖੇਤਰ ਵਿੱਚ ਕਿਵੇਂ ਸ਼ਾਨਦਾਰ ਪ੍ਰਦਰਸ਼ਨ ਕਰ ਰਿਹਾ ਹੈ।

ਬਾਦਲ ਪਰਵਾਰ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਲੰਮੇ ਸਮੇਂ ਤੱਕ ਸੱਤਾ ਦਾ ਆਨੰਦ ਮਾਣਿਆ ਅਤੇ ਆਪਣੇ ਕੁਸ਼ਾਸਨ ਦੌਰਾਨ ਉਹ ਫ਼ਿਲਮੀ ਸਿਤਾਰਿਆਂ 'ਤੇ ਪੈਸਾ ਲੁਟਾਉਂਦੇ ਸਨ। ਪਹਿਲਾਂ ਖੇਡ ਮੰਤਰੀਆਂ ਨੂੰ ਖੇਡਾਂ ਦੀ ਕੋਈ ਸਮਝ ਨਹੀਂ ਸੀ, ਰਾਜਨੀਤਕ ਆਗੂਆਂ ਦਾ ਖੇਡ ਐਸੋਸੀਏਸ਼ਨਾਂ 'ਤੇ ਕੰਟਰੋਲ ਸੀ ਅਤੇ ਉਹ ਸਰਕਾਰੀ ਖ਼ਰਚੇ 'ਤੇ ਸੁੱਖ ਸਹੂਲਤਾਂ ਦਾ ਆਨੰਦ ਮਾਣਦੇ ਸਨ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ 300 ਕੋਚ ਨਿਯੁਕਤ ਕੀਤੇ ਹਨ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਦੀ ਤਿਆਰੀ ਕਰਨ ਵਾਲੇ ਖਿਡਾਰੀਆਂ ਨੂੰ ਅੱਠ ਲੱਖ ਰੁਪਏ ਦਿੱਤੇ ਜਾਂਦੇ ਹਨ। ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, 'ਆਪ' ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ, ਮੁੱਖ ਸਕੱਤਰ ਕੇ ਏ ਪੀ ਸਿਨਹਾ ਤੇ ਹੋਰ ਹਾਜ਼ਰ ਸਨ।

### ਰਾਜਵੀਰ ਜਵੰਦਾ ਨੂੰ...

ਯੋਗਦਾਨ ਦਿੱਤਾ। ਉਨ੍ਹਾਂ ਕਿਹਾ ਕਿ ਉਹ ਪੰਜਾਬੀ ਸੱਭਿਆਚਾਰ ਦਾ ਸਫ਼ੀਰ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਣਾਇਆ ਹੋਇਆ ਸੀ, ਜੋ ਆਪਣੇ ਗੀਤਾਂ ਰਾਹੀਂ ਪ੍ਰਸ਼ੰਸਕਾਂ ਦੇ ਦਿਲਾਂ ਵਿੱਚ ਹਮੇਸ਼ਾ ਵਸਦਾ ਰਹੇਗਾ। ਪੰਜਾਬੀ ਗਾਇਕੀ ਦਾ ਪ੍ਰਤੀਕ ਜਵੰਦਾ ਹਮੇਸ਼ਾ ਉੱਭਰ ਰਹੇ ਕਲਾਕਾਰਾਂ ਲਈ ਪ੍ਰੇਰਨਾ ਦਾ ਸਰੋਤ ਬਣਿਆ ਰਹੇਗਾ। ਕੁਲਵਿੰਦਰ ਬਿੱਲਾ, ਬੱਬੂ ਮਾਨ, ਕੰਵਰ ਗਰੇਵਾਲ, ਪੁਖਰਾਜ ਭੱਲਾ, ਕਰਮਜੀਤ ਅਨਮੋਲ ਅਤੇ ਮਲਕੀਤ ਰੌਣੀ ਸਮੇਤ ਸੰਗੀਤ ਤੇ ਫ਼ਿਲਮ ਉਦਯੋਗ ਦੇ ਦਰਜਨਾਂ ਕਲਾਕਾਰਾਂ ਨੇ ਰਾਜਵੀਰ ਨੂੰ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਸ਼ਰਧਾਂਜਲੀ ਭੇਟ ਕੀਤੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

10 Oct Page 3.qxd 10/9/2025 9:30 PM Page 1



## ਵਿਦਿਆਰਥੀਆਂ 'ਚ ਵਿਗਿਆਨਕ ਚੇਤਨਾ ਵਿਕਸਤ ਕਰਨਾ ਬੇਹੱਦ ਜ਼ਰੂਰੀ : ਪ੍ਰਤੀਕ ਸਹਿਦੇਵ

**ਅੰਮ੍ਰਿਤਸਰ (ਜਸਵੀਰ ਪੱਟੀ)**- ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀਆਂ ਵਿੱਚ ਵਿਗਿਆਨਕ ਸੋਚ ਪੈਦਾ ਕਰਨ ਦੇ ਮਕਸਦ ਨੂੰ ਲੈ ਕੇ ਪੰਜਾਬ ਪੱਧਰ ਦੇ ਪ੍ਰੋਗਰਾਮ ਤਹਿਤ ਅੰਮ੍ਰਿਤਸਰ ਇਕਾਈ ਵੱਲੋਂ ਖਾਲਸਾ ਪਬਲਿਕ ਸਕੂਲ ਇਸਲਾਮਾਬਾਦ ਅੰਮ੍ਰਿਤਸਰ ਵਿਖੇ ਤਰਕਸ਼ੀਲ ਗੁਲਾਬ ਚੰਦ ਨੂੰ ਸਮਰਪਤ ਸੱਤਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਮਿਡਲ ਅਤੇ ਸੈਕੰਡਰੀ ਗਰੁੱਪ ਦੇ 452 ਵਿਦਿਆਰਥੀਆਂ ਨੇ ਭਾਗ ਲਿਆ।ਇਸ ਮੌਕੇ ਪ੍ਰੀਖਿਆ ਸੰਬੰਧੀ ਸਕੂਲ ਦੇ ਨਿਰਦੇਸ਼ਕ ਪ੍ਰਤੀਕ ਸਹਿਦੇਵ, ਪ੍ਰਿੰਸੀਪਲ ਅੰਕਿਤਾ ਸਹਿਦੇਵ ਅਤੇ ਤਰਕਸ਼ੀਲ ਆਗੂ ਸੁਮੀਤ ਅੰਮ੍ਰਿਤਸਰ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿੱਚ ਵਿਦਿਆਰਥੀਆਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਅਪਣਾਉਣ ਅਤੇ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਅਤੇ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਟਾਕਰੇ ਲਈ ਸਵੈ ਵਿਸ਼ਵਾਸ ਦੀ ਭਾਵਨਾ ਵਿਕਸਤ ਕਰਨ ਲਈ ਵਿਦਿਅਕ ਅਦਾਰਿਆਂ ਵਿੱਚ ਅਜਿਹੀਆਂ ਵਿਗਿਆਨਕ ਚੇਤਨਾ ਪ੍ਰੀਖਿਆਵਾਂ ਬੇਹੱਦ ਜ਼ਰੂਰੀ ਹਨ ਅਤੇ ਖਾਲਸਾ ਪਬਲਿਕ ਸਕੂਲ ਸਕੂਲ ਪਿਛਲੇ ਸੱਤ ਸਾਲਾਂ ਤੋਂ



ਇਹ ਪ੍ਰੀਖਿਆ ਕਰਵਾ ਰਿਹਾ ਹੈ। ਇਸ ਪ੍ਰੀਖਿਆ ਨੂੰ ਪੂਰੇ ਸੁਚਾਰੂ ਢੰਗ ਨਾਲ ਕਰਵਾਉਣ ਲਈ ਸਕੂਲ ਦੇ ਪ੍ਰਿੰਸੀਪਲ ਅਤੇ ਅੰਮ੍ਰਿਤਸਰ ਇਕਾਈ ਦੇ ਤਰਕਸ਼ੀਲ ਆਗੂਆਂ ਜਸਪਾਲ ਬਾਸਰਕੇ ਪ੍ਰਿੰਸੀਪਲ ਮੇਲਾ ਰਾਮ ਮਾਸਟਰ ਬਲਦੇਵ ਰਾਜ ਵੇਰਕਾ, ਐਡਵੋਕੇਟ ਅਮਰਜੀਤ ਬਾਈ, ਦਮਨਜੀਤ ਕੌਰ, ਰਾਜ ਕੁਮਾਰ ਵੇਰਕਾ,ਰਮੇਸ਼ ਜੈਨ, ਪਰਮਜੀਤ ਸਿੰਘ, ਅਨਮੋਲ ਸਿੰਘ, ਹਰੀ ਕ੍ਰਿਸ਼ਨ, ਦਰਸ਼ਨ ਸਿੰਘ, ਸਲੋਨੀ,ਅਰਸ਼ਪ੍ਰੀਤ ਕੌਰ, ਨਵਦੀਪ, ਅਸ਼ਵਨੀ ਕੁਮਾਰ ਅਤੇ ਸੁਮੀਤ ਅੰਮ੍ਰਿਤਸਰ ਵੱਲੋਂ ਸਕੂਲ ਅਧਿਆਪਕਾਂ ਦੇ ਸਹਿਯੋਗ ਨਾਲ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ ਗਈ। ਤਰਕਸ਼ੀਲ ਸੁਸਾਇਟੀ ਨੇ ਸਕੂਲ ਦੇ ਮੁਖੀ ਅਤੇ ਮੁੱਖ ਅਧਿਆਪਕਾਂ ਵਾਇਸ ਪ੍ਰਿੰਸੀਪਲ ਸੁਭਾਸ਼ ਪਰਿਹਾਰ, ਨੀਤੂ ਪਰਿਹਾਰ, ਸੁਮਨ, ਕਾਮਿਨੀ, ਰੂਪਮ, ਨਾਨਕੀ ਚੀਮਾ, ਮੀਨਾਕਸ਼ੀ ਮਿਸ਼ਰਾ, ਕਿਰਨ ਜਯੋਤੀ, ਆਕਾਸ਼, ਸ਼ਿਵਾਨੀ, ਪ੍ਰਿਅੰਕਾ, ਪ੍ਰਵਰਾਜ, ਪ੍ਰੀਤੀ, ਅਮਨ ਜਯੋਤੀ ਆਦਿ ਵੱਲੋਂ ਦਿੱਤੇ ਪੂਰਨ ਸਹਿਯੋਗ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਹੁੰਗਾਰੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਇਸ ਪ੍ਰੀਖਿਆ ਦਾ ਨਤੀਜਾ ਬਹੁਤ ਜਲਦੀ ਐਲਾਨਿਆ ਜਾਵੇਗਾ ਅਤੇ ਵਿਦਿਆਰਥੀਆਂ ਨੂੰ ਨਕਦ ਇਨਾਮ, ਤਰਕਸ਼ੀਲ ਕਿਤਾਬਾਂ, ਯਾਦਗਾਰੀ ਚਿੰਨ੍ਹ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਜਾਵੇਗਾ।

## ਸ਼ੈਰੀ ਕਲਸੀ ਨੇ ਸਤਕੋਹਾ ਤੋਂ ਪੈਰੋਸ਼ਾਹ ਤੱਕ ਸੜਕ ਬਣਾਉਣ ਦਾ ਰੱਖਿਆ ਨੀਂਹ ਪੱਥਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਕਲਸੀ ਵੱਲੋਂ ਬਟਾਲਾ ਵਿਧਾਨ ਸਭਾ ਹਲਕੇ ਅੰਦਰ ਕੀਤੇ



ਜਾ ਰਹੇ ਵਿਕਾਸ ਕਾਰਜਾਂ ਦੀ ਮੁਹਿੰਮ ਤਹਿਤ ਬਲਾਕ ਧਾਰੀਵਾਲ ਦੇ ਪਿੰਡ ਪੈਰੋਸ਼ਾਹ ਤੋਂ ਸਤਕੋਹਾ ਤੱਕ ਸੜਕ ਬਣਾਉਣ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਰੀਬ ਸਾਢੇ ਤਿੰਨ ਕੁ ਸਾਲ ਦੇ ਕਾਰਜਕਾਲ ਦੌਰਾਨ ਹਰ ਵਰਗ ਦੇ ਹਿੱਤ ਵਿੱਚ ਇਤਿਹਾਸਕ ਫੈਸਲੇ ਲਏ ਹਨ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਬਟਾਲਾ ਸ਼ਹਿਰ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾ ਰਹੀ ਹੈ ਅਤੇ ਬਟਾਲਾ ਹਲਕੇ ਅੰਦਰ ਸਰਬਪੱਖੀ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ ਤੇ ਕਰੋੜਾਂ ਰੁਪਏ ਦੇ ਵਿਕਾਸ ਕੰਮ ਕਰਵਾਏ ਜਾ ਚੁੱਕੇ ਹਨ। ਪਿੰਡਾਂ 'ਚ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਖੇਡ ਮੈਦਾਨ ਤਿਆਰ ਕੀਤੇ ਗਏ ਹਨ। ਪਿੰਡਾਂ ਵਿੱਚ ਸ਼ਾਨਦਾਰ ਪਾਰਕਾਂ ਦੀ ਉਸਾਰੀ ਕੀਤੀ ਗਈ ਹੈ। ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਏ ਜਾ ਰਹੇ ਹਨ। ਹਲਕੇ ਦੇ ਪਿੰਡਾਂ ਵਿੱਚ ਵਿਕਾਸ ਕਾਰਜ ਨਿਰੰਤਰ ਜਾਰੀ ਹਨ। ਇਸ ਮੌਕੇ 'ਆਪ' ਦੇ ਜ਼ਿਲ੍ਹਾ ਯੂਥ ਪ੍ਰਧਾਨ ਮਨਦੀਪ ਸਿੰਘ ਗਿੱਲ, ਪਿੰਡ ਪੈਰੋਸ਼ਾਹ ਦੇ ਸਰਪੰਚ ਪ੍ਰਭਦੀਪਕ ਸਿੰਘ, ਪਿੰਡ ਤਾਰਾਗੜ੍ਹ ਦੇ ਸਰਪੰਚ ਬਚਿੱਤਰ ਸਿੰਘ, ਰਣਜੀਤ ਸਿੰਘ ਆਦਿ ਸਮੇਤ ਹੋਰ ਵੀ ਪਤਵੰਤੇ ਹਾਜ਼ਰ ਮੌਜੂਦ ਸਨ।

## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ 10 ਤੋਂ 2 ਤੱਕ ਰੋਜ਼ਗਾਰ ਮੇਲੇ

**ਗੁਰਦਾਸਪੁਰ (ਜਨਕ ਮਹਾਜਨ)**- ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਬੇਦੀ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਲੋਂ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਹਿਤ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਪ੍ਰਸ਼ੋਤਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਸ.ਆਈ.ਐਸ ਸਕਿਉਰਿਟੀ ਕੰਪਨੀ ਵਲੋਂ 10 ਅਕਤੂਬਰ ਤੋਂ 29 ਅਕਤੂਬਰ ਤੱਕ ਜ਼ਿਲ੍ਹਾ ਗੁਰਦਾਸਪੁਰ ਵਿਚ ਬਲਾਕ ਪੱਧਰ ਤੇ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ । 10 ਅਕਤੂਬਰ ਨੂੰ ਬੀ.ਡੀ.ਪੀ.ਓ ਦਫ਼ਤਰ ਦੋਰਾਂਗਲਾ, 13 ਅਕਤੂਬਰ ਨੂੰ ਬੀ.ਡੀ.ਪੀ.ਓ. ਦਫ਼ਤਰ ਗੁਰਦਾਸਪੁਰ, 14 ਅਕਤੂਬਰ ਨੂੰ ਬੀ.ਡੀ.ਪੀ.ਓ ਦਫ਼ਤਰ ਡੇਰਾ ਬਾਬਾ ਨਾਨਕ, 15 ਅਕਤੂਬਰ ਨੂੰ ਬੀ.ਡੀ.ਪੀ.ਓ ਦਫ਼ਤਰ ਬਟਾਲਾ, 16 ਅਕਤੂਬਰ ਨੂੰ ਬੀ.ਡੀ.ਪੀ.ਓ ਦਫ਼ਤਰ ਕਾਦੀਆਂ, 17 ਅਕਤੂਬਰ ਨੂੰ ਬੀ.ਡੀ.ਪੀ.ਓ ਦਫ਼ਤਰ ਸ੍ਰੀ ਹਰਗੋਬਿੰਦਪੁਰ 23 ਅਕਤੂਬਰ ਨੂੰ ਬੀ.ਡੀ.ਪੀ.ਓ ਦਫ਼ਤਰ ਕਾਹਨੂੰਵਾਨ, 24 ਅਕਤੂਬਰ ਨੂੰ



ਬੀ.ਡੀ.ਪੀ.ਓ ਦਫ਼ਤਰ ਫ਼ਤਿਹਗੜ੍ਹ ਚੂੜੀਆਂ, 27 ਅਕਤੂਬਰ ਨੂੰ ਬੀ.ਡੀ.ਪੀ.ਓ ਦਫ਼ਤਰ ਕਲਾਨੌਰ, 28 ਅਕਤੂਬਰ ਬੀ.ਡੀ.ਪੀ.ਓ ਦਫ਼ਤਰ ਦੀਨਾਨਗਰ, 29 ਅਕਤੂਬਰ ਨੂੰ ਬੀ.ਡੀ.ਪੀ.ਓ ਦਫ਼ਤਰ ਧਾਰੀਵਾਲ ਵਿਖੇ ਰੋਜ਼ਗਾਰ ਕੈਂਪ ਲਗਾਏ ਜਾ ਰਹੇ ਹਨ। ਇਨ੍ਹਾਂ ਰੋਜ਼ਗਾਰ ਮੇਲਿਆਂ ਵਿਚ ਐਸ.ਆਈ.ਐਸ ਸਕਿਉਰਿਟੀ ਕੰਪਨੀ ਵਲੋਂ ਸਕਿਉਰਿਟੀ ਗਾਰਡ ਦੀ ਭਰਤੀ ਕੀਤੀ ਜਾਣੀ ਹੈ। ਐਸ.ਆਈ.ਐਸ ਸਕਿਉਰਿਟੀ ਕੰਪਨੀ ਨੂੰ ਸਕਿਉਰਿਟੀ ਗਾਰਡ ਦੀ ਅਸਾਮੀ ਲਈ (ਕੇਵਲ ਲੜਕੇ) ਉਮੀਦਵਾਰਾਂ ਦੀ ਜ਼ਰੂਰਤ ਹੈ। ਸਕਿਉਰਿਟੀ ਗਾਰਡ ਦੀ ਭਰਤੀ ਲਈ ਘੱਟ ਤੋਂ ਘੱਟ ਯੋਗਤਾ 10ਵੀਂ ਪਾਸ, ਉਮਰ 19 ਤੋਂ 40 ਸਾਲ ਅਤੇ ਕੱਦ 5 ਫੁੱਟ 7 ਇੰਚ ਹੋਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਐਸ.ਆਈ.ਐਸ ਸਕਿਉਰਿਟੀ ਕੰਪਨੀ ਵਲੋਂ ਉਪਰ ਦਰਸਾਈਆਂ ਗਈਆਂ ਮਿਤੀਆਂ ਅਨੁਸਾਰ ਦਰਸਾਏ ਗਏ ਸਥਾਨਾਂ 'ਤੇ ਪ੍ਰਾਰਥੀਆਂ ਦੀ ਇੰਟਰਵਿਊ ਕੀਤੀ ਜਾਵੇਗੀ। ਇੰਟਰਵਿਊ ਕਰਨ ਉਪਰੰਤ ਚੁਣੇ ਗਏ ਪ੍ਰਾਰਥੀਆਂ ਨੂੰ 1 ਮਹੀਨੇ ਦੀ ਟਰੇਨਿੰਗ ਦਿੱਤੀ ਜਾਵੇਗੀ, ਟਰੇਨਿੰਗ ਮੁਕੰਮਲ ਕਰਨ ਉਪਰੰਤ 15000 ਤੋਂ 17000 ਰੁਪਏ ਤਨਖਾਹ ਮਿਲਣਯੋਗ ਹੋਵੇਗੀ। ਇਸ ਤੋਂ ਇਲਾਵਾ ਕੰਪਨੀ ਵਲੋਂ ਫੰਡ, ਬੋਨਸ ਆਦਿ ਵੀ ਦਿੱਤੇ ਜਾਂਦੇ ਹਨ। ਚੁਣੇ ਗਏ ਪ੍ਰਾਰਥੀਆਂ ਨੂੰ ਵੱਖ ਵੱਖ ਮਾਲ, ਏਅਰਪੋਰਟ, ਹੋਟਲ ਅਤੇ ਮਲਟੀਨੈਸ਼ਨਲ ਕੰਪਨੀਆਂ ਵਿਚ ਜਾਬ ਮੁਹੱਈਆ ਕਰਵਾਈ ਜਾਂਦੀ ਹੈ। ਇੰਟਰਵਿਊ ਦੇਣ ਦੇ ਚਾਹਵਾਨ ਪ੍ਰਾਰਥੀ ਆਪਣੇ ਵਿੱਦਿਅਕ ਯੋਗਤਾ ਦੇ ਦਸਤਾਵੇਜ਼ ਲੈ ਕੇ 10 ਅਕਤੂਬਰ ਤੋਂ 29 ਅਕਤੂਬਰ ਤੱਕ ਉਪਰ ਦਰਸਾਏ ਗਏ ਸਥਾਨਾਂ ਤੇ ਸਵੇਰੇ 10 ਵਜੇ ਪਹੁੰਚਣ ।

## ਬਾਬਾ ਬੁੱਢਾ ਜੀ ਬੀੜ ਸਾਹਿਬ ਦਾ ਸਾਲਾਨਾ ਜੋੜ ਮੇਲਾ ਕਬੱਡੀ ਦੇ ਮਹਾਂਕੁੰਭ ਨਾਲ ਸਮਾਪਤ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਦੇ ਤਪ ਅਸਥਾਨ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਮਾਝੇ ਦੇ ਪ੍ਰਸਿੱਧ ਅਸਥਾਨ ਗੁਰਦੁਆਰਾ ਵਿਖੇ ਤਿੰਨ ਰੋਜ਼ਾ ਸਲਾਨਾ ਜੋੜ ਮੇਲਾ ਬੀਤੇ ਦਿਨ ਧਾਰਮਿਕ ਦੀਵਾਨ ਦੀ ਸਮਾਪਤੀ ਉਪਰੰਤ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋ ਗਿਆ।ਇਸ ਮੇਲੇ ਵਿੱਚ ਸੰਗਤ ਨੇ ਦੇਸ਼ ਵਿਦੇਸ਼ ਵਿੱਚੋਂ ਲੱਖਾਂ ਦੀ ਗਿਣਤੀ ਵਿੱਚ ਹਾਜ਼ਰੀ ਭਰੀ। ਇਸ ਮੌਕੇ ਸਿੱਖ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਜਥੇਦਾਰ ਬਾਬਾ ਅਵਤਾਰ ਸਿੰਘ ਸੁਰ ਸਿੰਘ, ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਭਾਈ ਕੁਲਦੀਪ ਸਿੰਘ ਗੜਗੱਜ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ, ਕਾਰ ਸੇਵਾ ਭੂਰੀ ਵਾਲੇ, ਕਾਰ ਸੇਵਾ ਬੀੜ ਬਾਬਾ ਬੁੱਢਾ ਸਾਹਿਬ, ਮੀਤ ਸਕੱਤਰ ਗੁਰਨਾਮ ਸਿੰਘ, ਸ੍ਰੋਮਣੀ ਕਮੇਟੀ ਖੁਸ਼ਵਿੰਦਰ ਸਿੰਘ ਭਾਟੀਆ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਮੈਨੇਜਰ ਸਰਬਦਿਆਲ ਸਿੰਘ ਅਤੇ ਹੋਰ ਪੰਥਕ ਸ਼ਖ਼ਸੀਅਤਾਂ ਹਾਜ਼ਰ ਸਨ।ਇਸ ਮੌਕੇ ਪ੍ਰਮੁੱਖ ਸ਼ਖਸੀਅਤਾਂ ਨੂੰ ਮੈਨੇਜਰ ਸਰਬਦਿਆਲ ਸਿੰਘ ਘਰਿਆਲਾ ਵਲੋਂ ਸਿਰੋਪਾਓ, ਲੋਈ ਅਤੇ ਬਾਬਾ ਬੁੱਢਾ ਸਾਹਿਬ ਜੀ ਦੀ ਤਸਵੀਰ ਦੇ ਕੇ ਸਨਮਾਨਤ ਕੀਤਾ ਗਿਆ। ਸ਼ਾਮ ਨੂੰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਬੱਡੀ ਮੈਚ ਕਰਵਾਏ ਗਏ। ਜਿਸ



ਵਿੱਚ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਅਕੈਡਮੀ ਫਤਿਹਗੜ੍ਹ ਸਾਹਿਬ ਅਤੇ ਭਾਈ ਲਖਮੀਰ ਸਿੰਘ ਜੀ ਮਾਝਾ ਸਪੋਰਟਸ ਕਲੱਬ ਘਰਿਆਲਾ ਵਿਚਾਲੇ ਮੈਚ ਵਿੱਚ 28, 34 ਦੇ ਮੁਕਾਬਲੇ ਭਾਈ ਲਖਮੀਰ ਸਿੰਘ ਜੀ ਮਾਝਾ ਸਪੋਰਟਸ ਕਲੱਬ ਘਰਿਆਲਾ 34 ਅੰਕ ਲੈ ਕੇ ਜੇਤੂ ਰਹੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਜੇਤੂ ਟੀਮ 105000 ਰੁਪਏ ਅਤੇ ਉਪ ਜੇਤੂ ਟੀਮ 95000 ਰੁਪਏ ਅਤੇ ਟਰਾਫੀਆਂ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਮੈਨੇਜਰ ਸਰਬਦਿਆਲ ਸਿੰਘ, ਮੀਤ ਸਕੱਤਰ ਗੁਰਨਾਮ ਸਿੰਘ, ਜਗਦੀਸ਼ ਸਿੰਘ ਬੁੱਟਰ ਚੀਫ਼ ਗੁਰਦੁਆਰਾ ਇੰਸਪੈਕਟਰ, ਇੰਸਪੈਕਟਰ ਦਿਲਬਾਗ ਸਿੰਘ ਝਬਾਲ, ਕੰਵਲਪ੍ਰੀਤ ਕੌਰ, ਸਤਿਨਾਮ ਸਿੰਘ ਬਾਠ, ਚੇਅਰਮੈਨ ਹਰਵੰਤ ਸਿੰਘ ਝਬਾਲ, ਸਾਬਕਾ ਚੇਅਰਮੈਨ ਗੁਰਬੀਰ ਸਿੰਘ ਝਬਾਲ, ਸਾਬਕਾ ਸਰਪੰਚ ਪਰਮਜੀਤ ਸਿੰਘ ਗੱਗੋਬੂਹਾ, ਰਾਮ ਸਿੰਘ ਨਾਮਧਾਰੀ, ਵਰਿੰਦਰਜੀਤ ਸਿੰਘ ਸਰਪੰਚ ਹੀਰਾਪੁਰ, ਸਾਬਕਾ ਸਰਪੰਚ ਗੁਰਿੰਦਰ ਸਿੰਘ ਲੱਗਾਹ, ਸਾਬਕਾ ਸਰਪੰਚ ਜਗਤਾਰ ਸਿੰਘ ਸਾਂਵਰਗਾਪੁਰੀ, ਸਰਪੰਚ ਸੰਨੂੰ ਦੋਦੇ ਬਰਾੜ , ਸਾਬਕਾ ਸਕੱਤਰ ਹਰਜੀਤ ਸਿੰਘ ਲਾਲੂ ਘੁੰਮਣ,ਡੀ ਐਸ ਪੀ ਜਗਜੀਤ ਸਿੰਘ ਚਾਹਲ, ਇੰਸਪੈਕਟਰ ਗੁਰਚਰਨ ਸਿੰਘ ਐਸ ਐਚ ਓ ( ਸਿਟੀ ), ਸਾਬਕਾ ਚੀਫ਼ ਹਰਪਾਲ ਸਿੰਘ ਮੋਦਾ, ਗੁਰਜੀਤ ਸਿੰਘ ਮੀਤ ਮੈਨੇਜਰ, ਸੁਪਰਵਾਈਜ਼ਰ ਸੁਰਿੰਦਰ ਸਿੰਘ ਚੁਗਲਵਾੜ ,ਸੁਪਰਵਾਈਜ਼ਰ ਇਕਬਾਲ ਸਿੰਘ ਝਬਾਲ ਖੁਰਦ,ਅਮਰਬੀਰ ਸਿੰਘ ਅਕਾਊਂਟੈਂਟ, ਹਰਜੀਤ ਸਿੰਘ ਮੋਦਾ, ਪ੍ਰਿਥੀਪਾਲ ਸਿੰਘ, ਸੁਖਰਾਜ ਸਿੰਘ ਕਾਲਾ ਗੰਡੀਵਿੰਡ, ਬਲਕਾਰ ਸਿੰਘ ਛਾਪਾ, ਰੇਸ਼ਮ ਸਿੰਘ ਛਾਪਾ, ਜਸਪਾਲ ਸਿੰਘ ਨੁਸਿਹਰਾ, ਬਲਜੀਤ ਸਿੰਘ ਭਲਵਾਨ ਠੱਠਾ, ਪ੍ਰਧਾਨ ਨਿਸ਼ਾਨ ਸਿੰਘ ਦੋਦੇ, ਗੁਰਜੀਤ ਸਿੰਘ ਪੰਜਵੜ, ਗੁਰਵਿਕਰਮ ਸਿੰਘ ਅਕਾਊਂਟੈਂਟ, ਆਦਿ ਹਾਜ਼ਰ ਸਨ।

## ਵਧੀਕ ਡਿਪਟੀ ਕਮਿਸ਼ਨਰ (ਜ) ਨੇ ਲੜਕੀ ਦੀ ਐੱਮ ਕਾਮ 'ਚ ਐਡਮਿਸ਼ਨ ਕਰਵਾਈ

**ਗੁਰਦਾਸਪੁਰ (ਜਨਕ ਮਹਾਜਨ)**- ਡਾ. ਹਰਜਿੰਦਰ ਸਿੰਘ ਬੇਦੀ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਵੱਲੋਂ ਇੱਕ ਨੇਕ ਉਪਰਾਲਾ ਕਰਦਿਆਂ ਇੱਕ ਲੋੜਵੰਦ ਲੜਕੀ ਨੂੰ ਉਚੇਰੀ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਨਾਲ ਗੋਲਡਨ ਕਾਲਜ ਗੁਰਦਾਸਪੁਰ ਵਿਖੇ ਐੱਮ ਕਾਮ ਵਿਚ ਐਡਮਿਸ਼ਨ ਕਰਵਾਈ ਗਈ ਹੈ। ਇਸ ਮੌਕੇ ਕਰਦਿਆਂ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਪਿੰਡ ਗਾਹਲੜੀ ਦੀ ਵਸਨੀਕ ਮਿਸ ਪ੍ਰੀਤੀ ਅੰਸ਼ ਪੁੱਤਰੀ ਪਲਵਿੰਦਰ ਕੁਮਾਰ ਅਤੇ ਕਮਲੇਸ਼ ਕੁਮਾਰੀ ਮਿਲੇ ਸਨ। ਉਨ੍ਹਾਂ ਦੱਸਿਆ ਕਿ ਲੜਕੀ ਪ੍ਰੀਤੀ ਅੰਸ਼ ਜੋ ਬੀ.ਕਾਮ ਦੀ ਪੜ੍ਹਾਈ ਪੂਰੀ ਕਰ ਚੁੱਕੀ ਹੈ ਅਤੇ ਹੁਣ ਅੱਗੇ ਪੜ੍ਹਨਾ ਚਾਹੁੰਦੀ ਹੈ, ਲੜਕੀ ਪ੍ਰੀਤੀ ਅੰਸ਼ ਨੂੰ ਉਚੇਰੀ ਸਿੱਖਿਆ ਦਿਵਾਉਣ ਦੇ ਮੰਤਵ ਨਾਲ ਗੋਲਡਨ ਕਾਲਜ ਗੁਰਦਾਸਪੁਰ ਵਿਖੇ ਐੱਮ. ਕਾਮ ਦੀ ਮੁਫ਼ਤ ਪੜ੍ਹਾਈ ਕਰਵਾਉਣ ਲਈ ਦਾਖਲਾ ਕਰਵਾਇਆ ਗਿਆ ਹੈ। ਇਸ ਮੌਕੇ ਪ੍ਰੀਤੀ ਅੰਸ਼ ਨੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਨੂੰ ਪੜ੍ਹਾਈ ਦਾ ਬਹੁਤ ਸ਼ੌਕ ਸੀ ਅਤੇ ਉਹ ਅੱਗੇ ਪੜ੍ਹਨਾ ਚਾਹੁੰਦੀ ਸੀ, ਪਰ ਘਰ ਵਿਚ ਗ਼ਰੀਬੀ ਹੋਣ ਕਾਰਨ ਉਸ ਦਾ ਇਹ ਸੁਪਨਾ



ਅਧੂਰਾ ਸੀ। ਉਸ ਦੇ ਘਰ ਦੇ ਉਸ ਦੀ ਪੜ੍ਹਾਈ ਦਾ ਖਰਚਾ ਨਹੀਂ ਚੁੱਕ ਸਕਦੇ ਸੀ। ਉਸ ਨੇ ਕਿਹਾ ਕਿ ਉਹ ਵਧੀਕ ਡਿਪਟੀ ਕਮਿਸ਼ਨਰ (ਜ) ਦਾ ਧੰਨਵਾਦ ਕਰਦੀ ਹੈ ਕਿ ਉਨ੍ਹਾਂ ਨੇ ਮੈਨੂੰ ਐੱਮ. ਕਾਮ ਵਿਚ ਦਾਖਲ ਦਿਵਾ ਕੇ ਮੇਰਾ ਅਧੂਰਾ ਸੁਪਨਾ ਪੂਰਾ ਕਰ ਦਿੱਤਾ ਹੈ।

## ਅੱਖਾਂ ਦੇ ਚੈਕਅੱਪ ਕੈਂਪ ਲਾ ਕੇ ਮਨਾਇਆ ਵਿਸ਼ਵ ਦ੍ਰਿਸ਼ਟੀ ਦਿਵਸ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਸਿਹਤ ਤੇ ਪਰਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਤੈਅ ਪ੍ਰੋਗਰਾਮ ਤਹਿਤ ਵਿਸ਼ਵ ਦ੍ਰਿਸ਼ਟੀ ਦਿਵਸ ਮੌਕੇ ਜ਼ਿਲ੍ਹਾ ਗੁਰਦਾਸਪੁਰ ਦੀਆਂ ਵੱਖ ਵੱਖ ਸਿਹਤ ਸੰਸਥਾਵਾਂ ਵਿੱਚ ਅੱਖਾਂ ਦੀ ਜਾਂਚ ਸਬੰਧੀ ਚੈਕਅੱਪ ਕੈਂਪ ਲਾਏ ਗਏ। ਲੋਕਾਂ ਨੂੰ ਅੱਖਾਂ ਦੇ ਰੋਗ, ਉਨ੍ਹਾਂ ਦਾ ਇਲਾਜ ਅਤੇ ਅੱਖਾਂ ਦੀ ਦੇਖਭਾਲ ਬਾਰੇ ਦੱਸਿਆ ਗਿਆ। ਸਿਵਲ ਸਰਜਨ ਗੁਰਦਾਸਪੁਰ ਡਾਕਟਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਅੱਖਾਂ ਦੀ ਦੇਖਭਾਲ ਬਹੁਤ ਜ਼ਰੂਰੀ ਹੈ। ਅੱਖਾਂ ਨੂੰ ਨੁਕਸਾਨ ਤੋਂ ਬਚਾਉਣਾ ਚਾਹੀਦਾ ਹੈ। ਕੋਈ ਵੀ ਤਿੱਖੀ ਨੁਕੀਲੀ ਚੀਜ਼, ਅੱਗ, ਤੇਜ਼ਾਬ, ਕੈਮੀਕਲ ਆਦਿ ਤੋਂ ਅੱਖ ਨੂੰ ਬਚਾ ਕੇ ਰੱਖਣਾ ਚਾਹੀਦਾ ਹੈ। ਅੱਖ ਵਿੱਚ ਸੱਟ ਲੱਗਣ ਨਾਲ ਰੌਸ਼ਨੀ ਜਾ ਸਕਦੀ ਹੈ। ਦੀਵਾਲੀ ਤੇ ਬੱਚੇ ਪਟਾਖੇ ਚਲਾਉਂਦੇ ਹਨ।ਇਸ ਮੌਕੇ ਉਨ੍ਹਾਂ ਦੀ ਦੇਖਰੇਖ ਜ਼ਰੂਰੀ



ਹੈ, ਕਿਉਕਿ ਪਟਾਖੇ ਵੀ ਅੱਖਾਂ ਨੂੰ ਨੁਕਸਾਨ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਅੱਖਾਂ ਵਿੱਚ ਮੋਤੀਆ ਰੋਗ ਦੀ ਪਛਾਣ ਸਮੇਂ ਸਿਰ ਹੋਣੀ ਚਾਹੀਦੀ ਹੈ। ਮੋਤੀਆ ਦਾ ਆਪ੍ਰੇਸ਼ਨ ਸਰਕਾਰੀ ਹਸਪਤਾਲ ਵਿੱਚ ਮੁਫ਼ਤ ਹੁੰਦਾ ਹੈ। ਇਸ ਸਬੰਧੀ ਸੀਨੀਅਰ ਮੈਡੀਕਲ ਅਫਸਰ ਵਿੰਮੀ ਮਹਾਜਨ ਨੇ ਦੱਸਿਆ ਕਿ ਸਕੂਲੀ ਬੱਚਿਆਂ ਨੂੰ ਨਜ਼ਰ ਦੀਆਂ ਐਨਕਾਂ ਬਿਲਕੁਲ ਮੁਫ਼ਤ ਦਿੱਤੀਆਂ ਜਾਂਦੀਆਂ ਹਨ।

## ਨਾਂਦੇੜ ਤੋਂ ਅੰਮ੍ਰਿਤਸਰ, ਮੁੰਬਈ ਤੇ ਚੰਡੀਗੜ੍ਹ ਲਈ ਸਿੱਧੀਆਂ ਉਡਾਣਾਂ ਸ਼ੁਰੂ ਕੀਤੀਆਂ ਜਾਣ : ਡਾ. ਵਿਜੇ ਸਤਬੀਰ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਗੁਰਦੁਆਰਾ ਤਖ਼ਤ ਸੱਚਖੰਡ ਬੋਰਡ, ਨਾਂਦੇੜ ਦੇ ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਸਾਬਕਾ ਆਈ. ਏ. ਐਸ.(ਰਿਟਾ) ਨੇ ਇਕ ਪੱਤਰ ਰਾਹੀ ਮਾਣਯੋਗ ਕਿੰਜਾਰਾਪੂ ਰਾਮਮੋਹਨ ਨਾਈਡ ਸਿਵਲ ਏਵੀਏਸ਼ਨ ਮੰਤਰੀ ਭਾਰਤ ਸਰਕਾਰ ਨੂੰ ਮੰਗ ਕੀਤੀ ਹੈ ਕਿ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੇ ਸ਼ਰਧਾਲੂਆਂ ਅਤੇ ਦੁਨੀਆ ਭਰ ਦੇ ਸਿੱਖ ਭਾਈਚਾਰੇ ਨਾਲ ਸਬੰਧਤ ਇੱਕ ਬਹੁਤ ਹੀ ਮਹੱਤਵਪੂਰਨ ਮੁੱਦੇ ਵੱਲ ਖਿੱਚਣਾ ਚਾਹੁੰਦਾ ਹਾਂ। ਨਾਂਦੇੜ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਵਾਈ ਅੱਡਾ) ਤੋਂ ਅੰਮ੍ਰਿਤਸਰ, ਮੁੰਬਈ ਅਤੇ ਚੰਡੀਗੜ੍ਹ ਲਈ ਸਿੱਧੀ ਉਡਾਣ ਸੇਵਾਵਾਂ ਸ਼ੁਰੂ ਕਰਨ ਦੀ ਜ਼ਰੂਰਤ ਹੈ। ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ, ਨਾਂਦੇੜ ਬਹੁਤ ਅਧਿਆਤਮਿਕ ਅਤੇ ਇਤਿਹਾਸਕ ਮਹੱਤਵ ਰੱਖਦਾ ਹੈ ਕਿਉਂਕਿ ਇਹ ਪਵਿੱਤਰ ਸਥਾਨ ਹੈ ਜਿੱਥੇ ਦਸਵੇਂ ਸਿੱਖ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1708 ਵਿੱਚ ਆਪਣਾ ਅੰਤਿਮ ਸਮਾਂ ਅਤੇ ਸਿੱਖਾਂ ਦੇ ਸਦੀਵੀ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਗੱਦੀ ਬਖਸ਼ੀ ਸੀ। ਸਿੱਖ ਧਰਮ ਦੇ ਪੰਜ ਪਵਿੱਤਰ ਤਖ਼ਤਾਂ ਵਿੱਚੋਂ ਇੱਕ ਹੋਣ ਦੇ ਨਾਤੇ, ਇਹ ਹਰ ਸਾਲ ਭਾਰਤ ਅਤੇ ਵਿਦੇਸ਼ਾਂ ਤੋਂ ਲੱਖਾਂ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦਾ ਹੈ।ਵਰਤਮਾਨ ਵਿੱਚ ਨਾਂਦੇੜ ਲਈ ਸਿੱਧੀ ਹਵਾਈ ਸੇਵਾ ਦੀ ਘਾਟ ਸ਼ਰਧਾਲੂਆਂ, ਖਾਸ ਕਰਕੇ ਬਜ਼ੁਰਗ ਸ਼ਰਧਾਲੂਆਂ ਅਤੇ ਪਰਵਾਰਾਂ ਨੂੰ ਕਾਫ਼ੀ ਅਸੁਵਿਧਾ ਦਾ ਕਾਰਨ ਬਣਦੀ ਹੈ, ਜੋ ਲੰਬੇ ਅਤੇ ਥਕਾਵਟ ਭਰੇ ਰਸਤੇ ਯਾਤਰਾ ਕਰਨ ਲਈ ਮਜਬੂਰ ਹਨ ਅੰਮ੍ਰਿਤਸਰ, ਮੁੰਬਈ ਅਤੇ ਚੰਡੀਗੜ੍ਹ ਤੋਂ ਨਾਂਦੇੜ ਲਈ ਸਿੱਧੀਆਂ ਉਡਾਣਾਂ ਦੀ ਸ਼ੁਰੂਆਤ ਭਾਰਤ ਅਤੇ ਦੁਨੀਆ ਭਰ ਦੇ ਸਿੱਖ ਸ਼ਰਧਾਲੂਆਂ ਦੀ ਯਾਤਰਾ ਨੂੰ ਕਾਫ਼ੀ ਸੁਵਿਧਾਜਨਕ ਬਣਾਏਗੀ। ਉਪਰੋਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਇਸ ਮਾਮਲੇ 'ਤੇ ਵਿਚਾਰ ਕਰੋ ਅਤੇ ਸਬੰਧਤ ਅਧਿਕਾਰੀਆਂ ਨੂੰ ਜਲਦੀ ਤੋਂ ਜਲਦੀ ਨਾਂਦੇੜ ਤੋਂ ਅੰਮ੍ਰਿਤਸਰ, ਮੁੰਬਈ ਅਤੇ ਚੰਡੀਗੜ੍ਹ ਲਈ ਸਿੱਧੀ ਉਡਾਣ ਸੇਵਾਵਾਂ ਸਥਾਪਤ ਕਰਨ ਲਈ ਜ਼ਰੂਰੀ ਨਿਰਦੇਸ਼ ਜਾਰੀ ਕਰੋ। ਅਜਿਹਾ ਕਦਮ ਸਿੱਖ ਭਾਈਚਾਰੇ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰੇਗਾ ਅਤੇ ਭਾਰਤ ਦੀ ਅਧਿਆਤਮਿਕ ਅਤੇ ਸੱਭਿਆਚਾਰਕ ਏਕਤਾ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਵੇਗਾ।

## ਰੌਸ਼ਨ ਪੰਜਾਬ ਪ੍ਰੋਗਰਾਮ ਤਹਿਤ ਬਿਜਲੀ ਸੁਧਾਰਾਂ ਦਾ ਨਵਾਂ ਪੜਾਅ ਸ਼ੁਰੂ : ਰਮਨ ਬਹਿਲ

**ਗੁਰਦਾਸਪੁਰ (ਜਨਕ ਮਹਾਜਨ)**- ਆਮ ਆਦਮੀ ਪਾਰਟੀ ਦੇ ਸੀਨੀਅਰ ਰਮਨ ਬਹਿਲ ਨੇ ਦੱਸਿਆ ਕਿ ਅੱਜ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਵੱਲੋਂ "ਰੌਸ਼ਨ ਪੰਜਾਬ ਪ੍ਰੋਗਰਾਮ" ਤਹਿਤ ਲੋਕਾਂ ਆਗੂ ਅਤੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਇੰਚਾਰਜ ਨੂੰ



ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ ਪੰਜ ਹਜ਼ਾਰ ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟ ਦਾ ਉਦਘਾਟਨ ਕੀਤਾ ਗਿਆ ਹੈ। ਰਮਨ ਬਹਿਲ ਨੇ ਕਿਹਾ ਕਿ ਇਹ ਪ੍ਰੋਗਰਾਮ ਪੰਜਾਬ ਸਰਕਾਰ ਦੇ "ਰੌਸ਼ਨ ਪੰਜਾਬ" ਸੁਪਨੇ ਨੂੰ ਸਾਕਾਰ ਕਰਨ ਵੱਲ ਇੱਕ ਵੱਡਾ ਕਦਮ ਹੈ। ਉਨ੍ਹਾਂ ਦੱਸਿਆ ਕਿ ਆਪਣੇ ਜ਼ਿਲ੍ਹੇ ਗੁਰਦਾਸਪੁਰ ਵਿਚ 129 ਕਰੋੜ ਰੁਪਏ ਦੀ ਲਾਗਤ ਨਾਲ ਬਿਜਲੀ ਪ੍ਰਣਾਲੀ ਦੇ ਸੁਧਾਰ ਕੰਮ ਸ਼ੁਰੂ ਹੋ ਚੁੱਕੇ ਹਨ। ਅੱਜ ਇਸ ਸਿਲਸਿਲੇ ਹੇਠ ਤਿੱਬੜੀ ਰੋਡ ਨਾਗਾ ਵਾਲੇ ਮੰਦਰ ਦੇ ਕੋਲ 100 ਕੇ.ਵੀ.ਏ. ਦੇ ਨਵੇਂ ਟਰਾਂਸਫ਼ਾਰਮਰ ਦਾ ਉਦਘਾਟਨ ਰਮਨ ਬਹਿਲ ਵੱਲੋਂ ਕੀਤਾ ਗਿਆ। ਇਸ ਟਰਾਂਸਫ਼ਾਰਮਰ ਨਾਲ ਲਗਭਗ 200 ਘਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਸ਼ਹਿਰ ਵਿਚ ਜਿੱਥੇ ਵੀ ਬਿਜਲੀ ਦੀਆਂ ਲਾਈਨਾਂ ਮਾੜੀਆਂ, ਖ਼ਰਾਬ ਜਾਂ ਥੱਲੇ ਡਿੱਗੀਆਂ ਹੋਈਆਂ ਹਨ, ਉਨ੍ਹਾਂ ਸਭ ਨੂੰ ਠੀਕ ਕੀਤਾ ਜਾਵੇਗਾ। ਬਹਿਲ ਨੇ ਇਸ ਮਹੱਤਵਪੂਰਨ ਉਪਰਾਲੇ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਐਸ.ਡੀ.ਓ. ਗੁਰਮੀਤ ਸਿੰਘ, ਮੋਹਨ ਲਾਲ, ਬਲਾਕ ਪ੍ਰਧਾਨ ਹਿਤੇਸ਼ ਮਹਾਜਨ, ਬਲਾਕ ਪ੍ਰਧਾਨ ਰੁਪੇਸ਼ ਕੁਮਾਰ ਬਿੱਟੂ, ਚੇਅਰਮੈਨ ਕਾਰ ਬਾਜ਼ਾਰ ਸ਼ਰਨਜੀਤ ਸਿੰਘ, ਹਲਕਾ ਕੋਆਰਡੀਨੇਟਰ (ਸੋਸ਼ਲ ਮੀਡੀਆ) ਮਨਜਿੰਦਰ ਸਿੰਘ ਬਰਨਾਲਾ,ਸਰਤਾਜ ਸਿੰਘ, ਹਲਕਾ ਵਾਇਸ ਕੋਆਰਡੀਨੇਟਰ (ਸੋਸ਼ਲ ਮੀਡੀਆ) ਬਲਜਿੰਦਰ ਸਿੰਘ ਗਿੱਲ, ਪਰਮਜੀਤ ਸਿੰਘ ਰਿੰਕੂ, ਸਰਪੰਚ ਪਿੰਡ ਅਲੀਸ਼ੇਰ, ਸਮਾਗਮ ਵਿਚ ਸਥਾਨਕ ਨਾਗਰਿਕਾਂ ਨੇ ਵੀ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ ਅਤੇ ਰਮਨ ਬਹਿਲ ਦਾ ਧੰਨਵਾਦ ਕੀਤਾ।

## ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਵਿਦਿਆਰਥੀਆਂ ਦਾ ਐਥਲੈਟਿਕਸ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਬੀਤੇ ਦਿਨੀਂ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਵਿਦਿਆਰਥੀਆਂ ਨੇ 69ਵੀਆਂ ਜ਼ਿਲ੍ਹਾ ਪੱਧਰੀ ਅਥਲੈਟਿਕਸ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹ ਖੇਡ ਮੁਕਾਬਲੇ ਗੁਰੂ ਅਰਜਨ ਦੇਵ ਖੇਡ ਸਟੇਡੀਅਮ ਵਿੱਚ ਜ਼ਿਲ੍ਹਾ ਖੇਡ ਕੋਆਡੀਨੇਟਰ ਜੁਗਰਾਜ ਸਿੰਘ ਅਤੇ ਏ ਈ ਓ ਮਨਿੰਦਰ ਸਿੰਘ ਦੀ ਦੇਖ ਰੇਖ ਹੇਠਾਂ ਕਰਵਾਏ ਗਏ । ਇਹਨਾਂ ਅਥਲੈਟਿਕਸ ਖੇਡਾਂ ਵਿੱਚ ਤਰਨ ਤਾਰਨ ਜ਼ਿਲ੍ਹੇ ਦੇ ਦਸ ਜ਼ੋਨਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਖਿਡਾਰੀਆਂ ਨੇ ਆਪਣੇ ਕੋਚ ਸੁਖਵਿੰਦਰ ਸਿੰਘ ਅਤੇ ਰੇਸ਼ਮ ਸਿੰਘ ਦੀ ਸਹੀ ਸੇਧ ਸਦਕਾ ਅੰਡਰ-14 ਲੜਕੇ ਰਿਲੇਅ 4*100 ਰੇਸ ਵਿੱਚੋਂ ਪਹਿਲਾ, ਅੰਡਰ -14, 80 ਮੀਟਰ ਹਰਡਲ ਰੇਸ, ਅੰਡਰ -19, ਜੈਵਲਿਨ ਥਰੋ ਅਤੇ ਅੰਡਰ -19 , ਰਿਲੇਅ 4*400 ਰੇਸ ਵਿੱਚੋਂ ਦੂਸਰਾ, ਅੰਡਰ- 17, 400 ਮੀਟਰ ਹਰਡਲ ਰੇਸ ਅੰਡਰ - 17, 110 ਮੀਟਰ ਹਰਡਲ ਰੇਸ ਅਤੇ ਅੰਡਰ-19, ਰਿਲੇਅ 4*100 ਰੇਸ ਵਿੱਚੋਂ ਤੀਸਰਾ ਸਥਾਨ ਹਾਸਲ



ਕਰਕੇ ਆਪਣੇ ਸਕੂਲ ਦੇ ਨਾਮ ਨੂੰ ਚਾਰ ਚੰਨ ਲਗਾ ਦਿੱਤੇ। ਇਹਨਾਂ ਵਿਦਿਆਰਥੀਆਂ ਨੂੰ ਜ਼ਿਲ੍ਹਾ ਖੇਡ ਕੋਆਡੀਨੇਟਰ ਵੱਲੋਂ ਸਨਮਾਨਤ ਕੀਤਾ ਗਿਆ । ਇਸ ਮੌਕੇ 'ਤੇ ਆਪਣੀ ਖ਼ੁਸ਼ੀ ਜ਼ਾਹਰ ਕਰਦਿਆਂ ਸੰਸਥਾ ਦੇ ਡਾਇਰੈਕਟਰ ਡਾਕਟਰ ਜਤਿੰਦਰਪਾਲ ਸਿੰਘ ਰੰਧਾਵਾ ਅਤੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਜੇਤੂ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਉਹਨਾਂ ਨੂੰ ਵਧਾਈ ਦਿੱਤੀ।

## ਇਹ ਕਰਵਾ ਚੌਥ ਗਗਨ ਐਕਟਿਵ ਆਇਲ ਨਾਲ ਬੇਫਿਕਰ ਤੇ ਸੁਆਦੀ ਖੁਸ਼ੀ ਦਾ ਅਨੁਭਵ ਕਰੋ

**ਜਲੰਧਰ** : ਇਹ ਕਰਵਾ ਚੌਥ, ਗਗਨ ਐਕਟਿਵ ਆਇਲ ਉਨ੍ਹਾਂ ਸਾਰੀਆਂ ਔਰਤਾਂ ਦਾ ਧੰਨਵਾਦ ਪ੍ਰਗਟ ਕਰਦਾ ਹੈ ਜੋ ਮਾਵਾਂ, ਭੈਣਾਂ, ਪਤਨੀਆਂ ਜਾਂ ਧੀਆਂ ਦੇ ਰੂਪ ਵਿੱਚ, ਆਪਣੇ ਪਿਆਰ ਅਤੇ ਸਮਰਪਣ ਨਾਲ ਹਰ ਘਰ ਨੂੰ ਘਰ ਬਣਾਉਂਦੀਆਂ ਹਨ। ਗਗਨ ਲਈ, ਤਿਉਹਾਰ ਸਿਰਫ਼ ਰਸਮਾਂ ਨਹੀਂ ਹਨ । ਗਗਨ ਖਾਓ, ਖੁਸ਼ ਰਹੋ! ਇਹ ਕਰਵਾ ਚੌਥ, ਗਗਨ ਐਕਟਿਵ ਆਇਲ ਦੀ ਵਿਸ਼ੇਸ਼ ਮਹਿੰਦੀ ਗਤੀਵਿਧੀ ਪੰਜਾਬ ਦੇ ਚੋਣਵੇਂ ਕੇਂਦਰਾਂ 'ਤੇ ਹੋ ਰਹੀ ਹੈ। ਮਿਤੀ 8 ਅਤੇ 9 ਅਕਤੂਬਰ ਗਤੀਵਿਧੀ ਸਮਾਂ ਦੁਪਹਿਰ 3 ਵਜੇ ਤੋਂ ਰਾਤ 10 ਵਜੇ ਤੱਕ ਸ਼ਹਿਰ ਅਨੁਸਾਰ ਸਟੋਰ ਦਾ ਪਤਾ - ਲੁਧਿਆਣਾ ਰਾਜ ਕਿਰਾਣਾ, ਫੀਲਡ ਗੰਜ ਪਟਿਆਲਾ - ਏਕਮ ਡਿਪਾਰਟਮੈਂਟ ਸਟੋਰ, ਤ੍ਰਿਪੁਰੀ ਮਾਰਕੀਟ ਜ਼ੀਰਕਪੁਰ ਪ੍ਰਤਾਪ ਸ਼ਾਪਿੰਗ ਸੈਂਟਰ, ਵੀਆਈਪੀ ਰੋਡ ਮੋਹਾਲੀ ਪ੍ਰਤਾਪ ਸ਼ਾਪਿੰਗ ਸੈਂਟਰ, ਸੈਕਟਰ 79, ਏਅਰੋ ਸਿਟੀ ਰੋਡ ਅੰਮ੍ਰਿਤਸਰ - ਐਸਡੀਐਚ ਸਟੋਰ, ਪੁਤਲੀਘਰ, ਚਾਹਟਾ ਰੋਡ ਜਲੰਧਰ ਕੈਂਟ - ਪੀ ਕੇ ਤਾਰਡੇਕੋ, ਗੋਲਡਨ ਮਿਲਟ ਕੈਂਟੀਨ ਮਹਿੰਦੀ ਸਮਾਗਮ ਵਿੱਚ ਹਿੱਸਾ ਲੈਣਾ ਵਿਕਲਪਿਕ ਹੈ। ਨਿਯਮ ਅਤੇ ਸ਼ਰਤਾਂ ਲਾਗੂ ਹਨ।

## ਪੈਂਥਰ ਤੇ ਸਿਮਰਨ ਚੌਧਰੀ ਨੇ ਆਪਣੇ ਨਵੇਂ ਗੀਤ, 'ਮਖਨਾ' ਤੇ 'ਸਾਵਨ' ਕੀਤੇ ਪੇਸ਼

**ਲੁਧਿਆਣਾ** : ਪੈਂਥਰ ਅਤੇ ਸਿਮਰਨ ਚੌਧਰੀ ਨੇ ਮਿਲ ਕੇ ਆਪਣੇ ਨਵੇਂ ਅਤੇ ਸ਼ਾਨਦਾਰ ਗੀਤ, 'ਮਖਨਾ' ਅਤੇ 'ਸਾਵਨ' ਪੇਸ਼ ਕੀਤੇ ਹਨ। ਦੋ ਗੀਤਾਂ ਦਾ ਇਹ ਐਲਬਮ ਪੈਂਥਰ ਦੇ ਬੇਜੋੜ ਰੈਪ ਫਲੋ ਅਤੇ ਸਿਮਰਨ ਦੀ ਮਿੱਠੀ ਆਵਾਜ਼ ਦੇ ਨਾਲ ਇੱਕ ਯਾਦਗਾਰ ਅਨੁਭਵ ਪੇਸ਼ ਕਰਦਾ ਹੈ। ਇਸ ਦਾ ਨਿਰਮਾਣ ਦ ਕਿਡ ਨੇ ਕੀਤਾ ਹੈ ਅਤੇ ਗੀਤ ਦੇ ਬੋਲ ਸਿਮਰਨ ਅਤੇ ਪੈਂਥਰ ਨੇ ਖੁਦ ਲਿਖੇ ਹਨ। 'ਮਖਨਾ' ਅਤੇ 'ਸਾਵਨ', ਦੋਹਾਂ ਹੀ ਗੀਤਾਂ ਵਿੱਚ ਉਨ੍ਹਾਂ ਦੇ ਬੇਜੋੜ ਵਾਈਬ ਦੇ ਨਾਲ ਆਕਰਸ਼ਕ ਰਿਦਮ ਪੇਸ਼ ਕੀਤੀ ਗਈ ਹੈ। ਪੈਂਥਰ ਦੇ ਸ਼ਕਤੀਸ਼ਾਲੀ ਵੋਕਲ ਨਾਲ ਸਿਮਰਨ ਦੇ ਕਲਾਸੀਕਲ ਟੱਚ ਦੀ ਜੁਗਲਬੰਦੀ ਨੇ ਇਸ ਗੀਤ ਨੂੰ ਬਹੁਤ ਹੀ ਮਨੋਰੰਜਕ ਬਣਾ ਦਿੱਤਾ ਹੈ । ਪੈਂਥਰ ਦੀ ਪਹਿਚਾਣ ਉਨ੍ਹਾਂ ਦੇ ਵਾਇਰਲ ਹਿੱਟ 'ਬੋਲੋ ਬੋਲੋ', 'ਮਨਵਾ' ਅਤੇ 'ਧੂਮ V' ਨੇ ਬਣਾਈ ਹੈ।

## ਜ਼ਿਲ੍ਹਾ ਮੈਜਿਸਟਰੇਟ ਵੱਲੋਂ ਅਸਲਾ ਲਾਇਸੰਸ ਜਮ੍ਹਾਂ ਕਰਾਉਣ ਦੇ ਆਦੇਸ਼

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਭਾਰਤੀ ਚੋਣ ਕਮਿਸ਼ਨ ਨਵੀਂ ਦਿੱਲੀ ਵੱਲੋਂ ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਜ਼ਿਮਨੀ ਚੋਣ ਦਾ ਐਲਾਨ ਕਰ ਦਿੱਤਾ ਗਿਆ ਹੈ। ਵਿਧਾਨ ਸਭਾ ਹਲਕਾ-21 ਤਰਨ ਤਾਰਨ ਦੀ ਜ਼ਿਮਨੀ ਚੋਣ 11 ਨਵੰਬਰ ਨੂੰ ਹੋਵੇਗੀ ਜਦਕਿ ਚੋਣ ਨਤੀਜੇ ਦਾ ਐਲਾਨ 14 ਨਵੰਬਰ ਨੂੰ ਹੋਵੇਗਾ।ਭਾਰਤੀ ਚੋਣ ਕਮਿਸ਼ਨ ਨਵੀਂ ਦਿੱਲੀ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਮਨੀ ਚੋਣਾਂ ਮੌਕੇ ਅਮਨ ਤੇ ਕਾਨੂੰਨ ਦੀ ਸਥਿਤੀ ਬਣਾਏ ਰੱਖਣ/ਲੋਕਹਿੱਤ ਵਿੱਚ ਸ਼ਾਂਤੀ ਬਰਕਰਾਰ ਰੱਖਣ ਅਤੇ ਹੋਣ ਵਾਲੀਆਂ ਚੋਣਾਂ ਨੂੰ ਸੁਚੱਜੇ/ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਤਰਨ ਤਾਰਨ ਦੀ



ਹਦੂਦ ਅੰਦਰ ਕਿਸੇ ਕਿਸਮ ਦਾ ਲਾਇਸੰਸੀ ਹਥਿਆਰ, ਗੋਲੀ-ਸਿੱਕਾ, ਵਿਸਫੋਟਕ ਸਮੱਗਰੀ, ਮਾਰੂ ਹਥਿਆਰ ਆਦਿ ਨੂੰ ਨਾਲ ਲੈ ਕੇ ਜਾਣ 'ਤੇ ਪਾਬੰਦੀ ਲਗਾਉਣੀ ਅਤਿ ਜ਼ਰੂਰੀ ਹੈ ਤਾਂ ਜੋ ਕਿਸ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।ਇਸ ਸਭ ਦੇ ਮੱਦੇਨਜ਼ਰ ਰਾਹੁਲ, ਜ਼ਿਲ੍ਹਾ ਮੈਜਿਸਟਰੇਟ, ਤਰਨ ਤਾਰਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਤਰਨ ਤਾਰਨ ਦੀ ਹਦੂਦ ਅੰਦਰ ਕਿਸੇ ਕਿਸਮ ਦਾ ਲਾਇਸੰਸੀ ਹਥਿਆਰ, ਗੋਲੀ-ਸਿੱਕਾ, ਵਿਸਫੋਟਕ ਸਮੱਗਰੀ, ਮਾਰੂ ਹਥਿਆਰ ਆਦਿ ਨਾਲ ਲੈ ਕੇ ਜਾਣ ਤੇ ਪਾਬੰਦੀ ਲਗਾ ਦਿੱਤੀ ਹੈ। ਜ਼ਿਲ੍ਹਾ ਮਜਿਸਟਰੇਟ ਨੇ ਜਿਲ੍ਹਾ ਤਰਨ ਤਾਰਨ ਦੇ ਉਨ੍ਹਾਂ ਸਾਰੇ ਅਸਲਾ ਲਾਇਸੈਂਸ ਧਾਰਕਾਂ ਨੂੰ ਹੁਕਮ ਕੀਤਾ ਹੈ ਕਿ ਜਿਨ੍ਹਾਂ ਨੂੰ ਸਕ੍ਰੀਨਿੰਗ ਕਮੇਟੀ ਦੀ ਸਿਫਾਰਸ਼ 'ਤੇ ਜ਼ਿਲ੍ਹਾ ਮੈਜਿਸਟ੍ਰੇਟ ਦੇ ਦਫ਼ਤਰ ਦੁਆਰਾ ਜਾਰੀ ਕੀਤਾ ਗਿਆ ਅਜਿਹਾ ਨੋਟਿਸ/ਆਰਡਰ ਪ੍ਰਾਪਤ ਹੁੰਦਾ ਹੈ, ਉਹ ਆਪਣੇ ਹਥਿਆਰ ਅਤੇ ਗੋਲੀ ਸਿੱਕਾ ਅਜਿਹੇ ਨੋਟਿਸ/ਆਰਡਰ ਪ੍ਰਾਪਤ ਹੋਣ ਦੇ 7 ਦਿਨਾਂ ਦੇ ਅੰਦਰ-ਅੰਦਰ ਆਪਣਾ ਅਸਲਾ ਲੋਕਲ ਥਾਣੇ ਜਾਂ ਮਨਜ਼ੂਰਸ਼ੁਦਾ ਅਸਲਾ ਡੀਲਰਾਂ ਪਾਸ ਜਮ੍ਹਾਂ ਕਰਵਾਉਣ।ਉਹਨਾਂ ਕਿਹਾ ਕਿ ਉਪਰੋਕਤ ਹੁਕਮ ਤੋਂ ਪੁਲਸ, ਮਿਲਟਰੀ ਅਤੇ ਪੈਰਾ ਮਿਲਟਰੀ ਫੋਰਸ ਅਤੇ ਸਰਕਾਰ ਦੇ ਉਨ੍ਹਾਂ ਅਧਿਕਾਰੀਆਂ, ਕਰਮਚਾਰੀਆਂ, ਜਿਨ੍ਹਾਂ ਨੂੰ ਡਿਊਟੀ ਦੌਰਾਨ ਅਸਲਾ ਰੱਖਣ ਦੀ ਇਜਾਜ਼ਤ ਹੈ, ਨੂੰ ਛੋਟ ਹੋਵੇਗੀ। ਇਸ ਤੋਂ ਇਲਾਵਾ ਉਹ ਖਿਡਾਰੀ ਜੋ ਨੈਸ਼ਨਲ ਰਾਈਫਲ ਐਸੋਸੀਏਸ਼ਨ ਵੱਲੋਂ ਵੱਖ-ਵੱਖ ਪੱਧਰਾਂ 'ਤੇ ਹੋਣ ਵਾਲੇ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਹਨ ਨੂੰ ਵੀ ਅਸਲਾ ਜਮ੍ਹਾਂ ਕਰਾਉਣ ਤੋਂ ਛੋਟ ਹੋਵੇਗੀ। ਇਹ ਹੁਕਮ 7 ਅਕਤੂਬਰ ਤੋਂ 16 ਨਵੰਬਰ (ਚੋਣਾਂ ਮੁਕੰਮਲ ਹੋਣ ਤੱਕ) ਤੱਕ ਲਾਗੂ ਰਹੇਗਾ।

## ਸਾਂਬਾ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਅਗਨ ਭੇਂਟ ਕੀਤੇ ਜਾਣ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸਖ਼ਤ ਨੋਟਿਸ

**ਸਾਂਬਾ/ਸ੍ਰੀ ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਜੰਮੂ ਦੇ ਸਾਂਬਾ ਜ਼ਿਲ੍ਹੇ ਦੀ ਵਿਜੇਪੁਰ ਤਹਿਸੀਲ ਵਿੱਚ ਪੈਂਦੇ ਕੌਲਪੁਰ ਪਿੰਡ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਬੀਤੀ ਰਾਤ ਇਸ ਪਿੰਡ ਦੇ ਹੀ ਵਾਸੀ ਮਨਜੀਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਪਾਵਨ ਸਰੂਪ ਤੇਲ ਪਾ ਕੇ ਅਗਨ ਭੇਟ ਕਰਨ ਦੇ ਮਾਮਲੇ ਵਿੱਚ ਸਖ਼ਤ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅੱਜ ਖੁਦ ਘਟਨਾ ਵਾਲੀ ਥਾਂ ਪੁੱਜੇ ਅਤੇ ਮਾਮਲੇ ਦੀ ਮੁਕੰਮਲ ਜਾਂਚ ਕੀਤੀ। ਉਨ੍ਹਾਂ ਕਿਹਾ ਕਿ ਇਹ ਘਟਨਾ ਬਹੁਤ ਹੀ ਸ਼ਰਮਨਾਕ ਤੇ ਦੁਖਦਾਈ ਹੈ। ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਦਿਆਂ ਜਥੇਦਾਰ ਗੜਗੱਜ ਨੇ ਇਸ ਗੁਰਦੁਆਰਾ ਸਿੰਘ ਸਭਾ ਕੌਲਪੁਰ ਦੀ ਮੌਜੂਦਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਉੱਤੇ ਤਾਉਮਰ ਗੁਰੂ ਘਰ ਦੇ ਪ੍ਰਬੰਧਕ ਬਣਨ ਤੋਂ ਰੋਕ ਲਗਾ ਦਿੱਤੀ ਹੈ।ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਅੰਦਰ ਹਰ ਸਮੇਂ ਪਹਿਰੇਦਾਰੀ ਲਾਜ਼ਮੀ ਹੈ । ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਮਾਣ ਸਤਿਕਾਰ ਲਈ ਅਹੁਦੇਦਾਰੀਆਂ ਦੀਆਂ ਲਾਲਸਾਵਾਂ ਛੱਡ ਕੇ ਅਸੀਂ ਸੱਚੇ ਦਿਲੋਂ ਸੇਵਾਦਾਰ ਬਣ ਕੇ ਸੇਵਾਦਾਰੀਆਂ ਕਰੀਏ।ਇਸ ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਜਥੇਦਾਰ ਗੜਗੱਜ ਅੱਜ ਸਵੇਰੇ ਹੀ ਸਾਂਬਾ ਲਈ ਰਵਾਨਾ ਹੋਏ, ਉੱਥੇ ਪੁੱਜ ਕੇ ਘਟਨਾ ਵਾਲੀ ਥਾਂ ਦੀ ਮੁਕੰਮਲ ਜਾਂਚ ਕੀਤੀ ਅਤੇ ਗੁਰਦੁਆਰਾ ਸਾਹਿਬ ਵਿਖੇ ਰੋਸ ਵਿੱਚ ਇਕੱਤਰ ਹੋਈ ਸਥਾਨਕ ਸੰਗਤ ਨੂੰ ਸੰਬੋਧਨ ਕਰਦਿਆਂ



ਆਪਣੇ ਵਿਚਾਰ ਰੱਖੇ। ਇਸ ਘਟਨਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਪਾਵਨ ਸਰੂਪ ਪੂਰੀ ਤਰ੍ਹਾਂ ਅਗਨ ਭੇਟ ਹੋ ਗਏ ਜਦਕਿ ਇੱਕ ਸਰੂਪ ਨੂੰ ਕਾਫ਼ੀ ਸੇਕ ਲੱਗਾ ਹੈ। ਜ਼ਿਕਰਯੋਗ ਹੈ ਕਿ ਇਸ ਘਟਨਾ ਦੇ ਭਾਰੀ ਰੋਸ ਵਿੱਚ ਜਥੇਦਾਰ ਗੜਗੱਜ ਦੇ ਸਾਂਬਾ ਪਹੁੰਚਣ ਤੋਂ ਪਹਿਲਾਂ ਹੀ ਸਥਾਨਕ ਸੰਗਤ ਵੱਲੋਂ ਮਨਜੀਤ ਦਾ ਕੌਲਪੁਰ ਪਿੰਡ ਸਥਿਤ ਘਰ ਸਾੜ ਦਿੱਤਾ ਗਿਆ ਅਤੇ ਬਾਅਦ ਵਿੱਚ ਉਸ ਨੂੰ ਬੁਲਡੋਜ਼ਰਾਂ ਨਾਲ ਢਾਹ ਦਿੱਤਾ ਗਿਆ। ਗੁਰਦੁਆਰਾ ਸਾਹਿਬ ਵਿੱਚ ਸੰਗਤ ਦੀ ਇਕੱਤਰਤਾ ਦੌਰਾਨ ਸਾਂਬਾ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਆਯੂਸ਼ੀ ਸੂਦਨ, ਜੰਮੂ-ਸਾਂਬਾ-ਕਠੂਆ ਰੇਂਜ ਦੇ ਡੀ ਆਈ ਜੀ ਸ਼ਿਵ ਕੁਮਾਰ ਸ਼ਰਮਾ ਸਮੇਤ ਹੋਰ ਸਥਾਨਕ ਪ੍ਰਸ਼ਾਸਨ ਤੇ ਪੁਲਸ ਦੇ ਅਧਿਕਾਰੀ ਵੀ ਪਹੁੰਚੇ ਜਿਨ੍ਹਾਂ ਦੀ ਹਾਜ਼ਰੀ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਕਦੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਰਦਾਸ਼ਤ ਨਹੀਂ ਕਰ ਸਕਦੇ ਅਤੇ ਜੋ ਗੁਨਾਹ ਮਨਜੀਤ ਨੇ ਕੀਤਾ ਹੈ ਉਹ ਬਖ਼ਸ਼ਣਯੋਗ ਨਹੀਂ।ਜਥੇਦਾਰ ਗੜਗੱਜ ਨੇ ਕਿਹਾ ਕਿ ਭਾਵੇਂ ਕਿ ਦੋਸ਼ੀ ਮਨਜੀਤ ਨੂੰ ਪੁਲਸ ਵੱਲੋਂ ਕੁਝ ਘੰਟਿਆਂ ਬਾਅਦ ਹੀ ਪਕੜ ਲਿਆ ਗਿਆ ਹੈ ਪਰ ਜੋ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਇਸ ਨਾਲ ਦੋ ਵਿਅਕਤੀ ਹੋਰ ਵੀ ਇਸ ਮਾਮਲੇ ਵਿੱਚ ਸ਼ਾਮਲ ਹਨ ਉਨ੍ਹਾਂ ਨੂੰ ਵੀ ਤੁਰੰਤ ਗ੍ਰਿਫ਼ਤਾਰ ਕਰਕੇ ਨਸ਼ਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਮਾਂ ਰਹਿੰਦਿਆਂ ਸਰਕਾਰ ਨੇ ਇਸ ਵਿਅਕਤੀ ਵਿਰੁੱਧ ਕਾਰਵਾਈ ਕੀਤੀ ਹੁੰਦੀ ਅਤੇ ਇਸ ਨੂੰ ਨੱਥ ਪਾਈ ਹੁੰਦੀ ਤਾਂ ਅੱਜ ਇਹ ਘਟਨਾ ਨਹੀਂ ਵਾਪਰਨੀ ਸੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਫ਼ੋਂ ਇੱਕ ਵਫ਼ਦ ਵਿਸ਼ੇਸ਼ ਰੂਪ ਵਿੱਚ ਇਸ ਘਟਨਾ ਦੀ ਮੁਕੰਮਲ ਜਾਣਕਾਰੀ ਅਤੇ ਕਾਰਵਾਈ ਲਈ ਸਾਂਬਾ ਪੁੱਜਿਆ ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਮੀਤ ਸਿੰਘ ਬੂਹ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਤੇ ਸਕੱਤਰ ਪ੍ਰਤਾਪ ਸਿੰਘ ਸ਼ਾਮਲ ਸਨ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਸਿੱਖ ਮਿਸ਼ਨ ਜੰਮੂ ਤੋਂ ਇੰਚਾਰਜ ਭਾਈ ਹਰਭਿੰਦਰ ਸਿੰਘ ਤੜਕੇ ਹੀ ਇਸ ਮਾਮਲੇ ਦੀ ਮੁਕੰਮਲ ਜਾਂਚ ਪੜਤਾਲ ਲਈ ਕੌਲਪੁਰ ਪਿੰਡ ਪੁੱਜੇ ਅਤੇ ਉਨ੍ਹਾਂ ਨੇ ਅਗਨ ਭੇਟ ਹੋਏ ਪਾਵਨ ਸਰੂਪਾਂ ਦੀ ਸੇਵਾ ਸੰਭਾਲ ਸੰਗਤ ਦੇ ਸਹਿਯੋਗ ਨਾਲ ਕੀਤੀ। ਸ਼੍ਰੋਮਣੀ ਕਮੇਟੀ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿੱਖ ਸੰਸਥਾ ਦਾ ਵਫ਼ਦ ਇਸ ਅਤਿ ਦੁਖਦਾਈ ਘਟਨਾ ਦੀ ਜਾਂਚ ਲਈ ਸਾਂਬਾ ਪੁੱਜਿਆ ਅਤੇ ਇੱਥੋਂ ਦੇ ਪ੍ਰਸ਼ਾਸਨ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੂੰ ਆਖਿਆ ਗਿਆ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਮਨਜੀਤ ਤੇ ਜਿਹੜੇ ਵੀ ਹੋਰ ਦੋਸ਼ੀ ਇਸ ਘਟਨਾ ਵਿੱਚ ਸ਼ਾਮਲ ਹਨ ਉਨ੍ਹਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾ ਦਿੱਤੀ ਜਾਵੇ ਅਤੇ ਦੋਸ਼ੀ ਦਾ ਘਰ ਢਾਹੁਣ ਦੇ ਮਾਮਲੇ ਵਿੱਚ ਕਿਸੇ ਵੀ ਸਿੱਖ ਵਿਰੁੱਧ ਕਾਰਵਾਈ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਅਗਨ ਭੇਟ ਹੋਏ ਪਾਵਨ ਸਰੂਪਾਂ ਨੂੰ ਮਰਯਾਦਾ ਸਹਿਤ ਗੁਰਦੁਆਰਾ ਸ੍ਰੀ ਗੋਇੰਦਵਾਲ ਸਾਹਿਬ ਲਈ ਰਵਾਨਾ ਕਰ ਦਿੱਤਾ ਗਿਆ ਹੈ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਸ਼ੈਰੀ ਕਲਸੀ ਵੱਲੋਂ ਮਾਡਲ ਟਾਊਨ 'ਚ ਨਵੇਂ ਸਟੀਲ ਕੱਟ ਫੀਡਰ ਦਾ ਉਦਘਾਟਨ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਸ਼ਹਿਰ ਵਾਸੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਬਿਜਲੀ ਦੀ ਸਪਲਾਈ ਨਿਰਵਿਘਨ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਮਾਡਲ ਟਾਊਂਨ ਵਿਖੇ ਨਵੇ ਸਟੀਲ ਕੱਟ ਫੀਡਰ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਐਕਸੀਅਨ ਜਗਤਾਰ



ਸਿੰਘ, ਸੀਨੀਅਰ ਆਗੂ ਬਲਬੀਰ ਬਿੱਟੂ, ਮਨਜੀਤ ਸਿੰਘ ਬੰਮਰਾਹ, ਵਾਸੂਦੇਵ ਸ਼ਰਮਾ ਅਤੇ ਪਾਵਰਕਾਮ ਦੇ ਅਧਿਕਾਰੀ ਮੌਜੂਦ ਸਨ।ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਲਈ ਉਹ ਲਗਾਤਾਰ ਯਤਨਸ਼ੀਲ ਹਨ ਅਤੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਪਹਿਲਾ ਮਾਡਲ ਟਾਊਨ ਫੀਡਰ ਉੱਪਰ ਲੋਡ ਜ਼ਿਆਦਾ ਹੋਣ ਕਰਕੇ ਸਮੱਸਿਆ ਪੇਸ਼ ਆਉਂਦੀ ਸੀ ਪਰ ਹੁਣ ਨਵਾਂ ਸਟੀਲ ਕੱਟ ਫੀਡਰ ਲੱਗਣ ਨਾਲ ਬਿਜਲੀ ਦੀ ਸਪਲਾਈ ਨਿਰਵਿਘਨ ਮੁਹੱਈਆ ਹੋਵੇਗੀ। ਉਨ੍ਹਾਂ ਕਿਹਾ ਕਿ ਨਵਾ ਸਟੀਲ ਕੱਟ ਫੀਡਰ ਲੱਗਣ ਨਾਲ ਫਾਲਟ ਵੀ ਘਟਣਗੇ ਅਤੇ ਬਿਜਲੀ ਦੀ ਸਪਲਾਈ ਸੁਚਾਰੂ ਢੰਗ ਨਾਲ ਹੋਵੇਗੀ।ਉਨ੍ਹਾਂ ਕਿਹਾ ਕਿ ਬਟਾਲਾ ਹਲਕੇ ਦੇ ਸਰਬਪੱਖੀ ਵਿਕਾਸ ਲਈ ਉਹ ਦਿਨ ਰਾਤ ਲੋਕਾਂ ਵਿੱਚ ਹਨ ਅਤੇ ਹਲਕੇ ਦੇ ਵਿਕਾਸ ਕੰਮਾਂ ਵਿੱਚ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।

## ਲੈਕਚਰਾਰਜ਼ ਨੂੰ ਗੁੰਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਹੋਣ ਦੀ ਲੋੜ : ਐਸ ਸੀ/ ਬੀ ਸੀ ਅਧਿਆਪਕ ਯੂਨੀਅਨ

**ਵੇਰਕਾ (ਰਾਣਾ)**- ਐਸ.ਸੀ./ਬੀ.ਸੀ. ਅਧਿਆਪਕ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਦੁੱਗਾਂ ਦੀ ਅਗਵਾਈ ਵਿੱਚ ਹੋਈ।ਜਿਸ ਵਿਚ ਉਨ੍ਹਾ ਕਿਹਾ ਕਿ 21/8/2025 ਨੂੰ ਜਾਰੀ ਹੋਈ ਲੈਕਚਰਾਰ ਕੇਡਰ ਦੀ ਸੀਨੀਆਰਤਾ ਸੂਚੀ ਬਾਰੇ ਕੁਝ ਲੋਕਾਂ ਵੱਲੋਂ ਭਰਮ ਫੈਲਾਇਆ ਗਿਆ ਹੈ ਕਿ 85ਵੀਂ ਸੰਵਿਧਾਨਕ ਸੋਧ ਅਮਲੀ ਰੂਪ ਵਿੱਚ ਲਾਗੂ ਕੀਤੀ ਗਈ ਹੈ ਜੋ ਕਿ ਸਰਾਸਰ ਗੁਮਰਾਹਕੁੰਨ ਪ੍ਰਚਾਰ ਹੈ। ਜੇਕਰ 85ਵੀਂ ਸੰਵਿਧਾਨਕ ਸੋਧ ਲਾਗੂ ਕੀਤੀ ਗਈ ਹੁੰਦੀ ਤਾਂ ਰੋਸਟਰ ਪੁਆਇੰਟ ਨੂੰ ਸੀਨੀਆਰਤਾ ਪੁਆਇੰਟ ਮੰਨਣਾ ਬਣਦਾ ਸੀ। ਜਦੋਂ ਕਿ ਇਸ ਸੀਨੀਆਰਤਾ ਸੂਚੀ ਨੂੰ ਵੇਖ ਕੇ ਪਤਾ ਲਗਦਾ ਹੈ ਕਿ ਕਿਤੇ ਵੀ ਰੋਸਟਰ ਪੁਆਇੰਟ ਨੂੰ ਸੀਨੀਆਰਤਾ ਪੁਆਇੰਟ ਨਹੀਂ ਮੰਨਿਆ ਗਿਆ। ਭਾਵ ਜੰਜੂਆ ਜੱਜਮੈਂਟ ਲਾਗੂ ਕੀਤੀ ਗਈ ਹੈ। ਸੁਪਰੀਮ ਕੋਰਟ ਦੇ ਐਮ ਨਾਗਰਾਜ ਦੇ ਫੈਸਲੇ ਅਨੁਸਾਰ ਬੈਕਵਰਡਨੈੱਸ, ਐਫੀਸੈਂਸੀ ਅਤੇ ਕੁਆਂਟੀਫਾਈਏਬਲ ਡੈਟਾ ਦੀਆਂ ਸ਼ਰਤਾਂ ਬਾਰੇ ਸੁਪਰੀਮ ਕੋਰਟ ਦੇ ਜਰਨੈਲ ਸਿੰਘ ਬਨਾਮ ਲਕਸ਼ਮੀ ਨਰਾਇਣ ਗੁਪਤਾ ਕੇਸ ਵਿੱਚ ਉਕਤ ਸ਼ਰਤਾਂ ਬਾਰੇ ਸਪੱਸ਼ਟ ਕੀਤਾ ਜਾ ਚੁੱਕਿਆ ਹੈ। ਇਸ ਫੈਸਲੇ ਵਿੱਚ ਕਿਹਾ ਗਿਆ ਹੈ ਕਿ ਜਦੋਂ ਐਸ ਸੀ ਸਮਾਜ ਦੀ ਗੱਲ ਆਉਂਦੀ ਹੈ ਤਾਂ ਸ਼ਬਦ ਪਛੜਾਪਣ ਵੀ ਛੋਟਾ ਪੈ ਜਾਂਦਾ ਹੈ। ਦੂਜੀ ਸ਼ਰਤ ਐਫੀਸੈਂਸੀ, ਜੋ ਸ਼ਰਤਾਂ ਜਨਰਲ ਉਮੀਦਵਾਰ 'ਤੇ ਲਾਗੂ ਹੁੰਦੀਆਂ ਹਨ, ਉਹੀ ਸ਼ਰਤਾਂ ਰਾਖਵੀਂ ਸ਼੍ਰੇਣੀ ਦੇ ਉਮੀਦਵਾਰ 'ਤੇ ਲਾਗੂ ਹੁੰਦੀਆਂ ਹਨ ਤਾਂ ਐਫੀਸੈਂਸੀ ਪ੍ਰਭਾਵਿਤ ਹੋਣ ਦੀ ਸ਼ਰਤ ਖਤਮ ਹੋ ਜਾਂਦੀ ਹੈ। ਤੀਜੀ ਸ਼ਰਤ ਕੁਆਂਟੀਫਾਈਏਬਲ ਡੈਟਾ ਬਾਰੇ ਸਪੱਸ਼ਟ ਕੀਤਾ ਗਿਆ ਹੈ ਕਿ ਡੈਟਾ ਉਸ ਕੇਡਰ ਦਾ ਹੀ ਵੇਖਣਾ ਹੈ, ਜਿਸ ਕੇਡਰ ਵਿੱਚ ਤਰੱਕੀ ਕੀਤੀ ਜਾਣੀ ਹੈ। ਹਰ ਵਿਭਾਗ ਵੱਲੋਂ ਡੀ ਪੀ ਸੀ ਕਰਨ ਸਮੇਂ ਸਭ ਤੋਂ ਪਹਿਲਾਂ ਕਦਮ ਕੇਡਰ ਦੀਆਂ ਕੁੱਲ ਮਨਜ਼ੂਰਸ਼ੁਦਾ ਅਸਾਮੀਆਂ, ਭਰੀਆਂ ਅਸਾਮੀਆਂ, ਖਾਲੀ ਅਸਾਮੀਆਂ, ਖਾਲੀ ਰੋਸਟਰ ਨੁਕਤੇ, ਭਰੇ ਰੋਸਟਰ ਨੁਕਤੇ ਆਦਿ ਬਾਰੇ ਅੰਕੜੇ ਇੱਕਠੇ ਕਰਨ ਤੋਂ ਬਾਅਦ ਹੀ ਤਰੱਕੀਆਂ ਕੀਤੀਆਂ ਜਾਂਦੀਆਂ ਹਨ। ਭਾਵ ਐਮ ਨਾਗਰਾਜ ਕੇਸ ਦੀਆਂ ਤਿੰਨੇ ਸ਼ਰਤਾਂ ਜਰਨੈਲ ਸਿੰਘ ਬਨਾਮ ਲਕਸ਼ਮੀ ਨਾਰਾਇਣ ਗੁਪਤਾ ਕੇਸ ਨੇ ਰੱਦ/ਸਪੱਸ਼ਟ ਕਰ ਦਿੱਤੀਆਂ ਹਨ।ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਜਿਨ੍ਹਾਂ ਕੇਡਰਾਂ ਵਿੱਚ ਰਾਖਵਾਂਕਰਨ ਲਾਗੂ ਹੈ, ਉਥੇ ਕਾਂਸੀਕੁਐਂਸਲ ਸੀਨੀਅਰਤਾ ਦਾ ਲਾਭ ਦੇਣਾ ਵੀ ਲਾਜ਼ਮੀ ਹੈ।ਇਹਨਾਂ ਸ਼ਰਤਾਂ ਦਾ ਰੋਣਾ ਰੋ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀਆਂ ਹਦਾਇਤਾਂ ਅਨੁਸਾਰ ਸਹੀ ਬਣੀ ਲੈਕਚਰਾਰ ਕਾਡਰ ਦੀ ਇਸ ਸੀਨੀਆਰਤਾ ਸੂਚੀ ਨੂੰ ਪ੍ਰੈਸ 'ਚ ਗੁਮਰਾਹਕੁੰਨ ਬਿਆਨ ਦੇ ਕੇ ਸਾਬੋਤਾਜ ਕਰਨ ਦੀ ਲੁਕਵੀਂ ਸਾਜਿਸ਼ ਕੀਤੀ ਜਾ ਰਹੀ ਹੈ।ਇਸ ਲਈ ਸਮੂਹ ਲੈਕਚਰਾਰ ਸਾਥੀਆਂ ਨੂੰ ਗੁਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਹੋਣ ਦੀ ਲੋੜ ਹੈ ਤਾਂ ਜੋ ਉਹਨਾਂ ਚਲਾਕ ਲੋਕਾਂ ਦੀਆਂ ਲੂੰਬੜ ਚਾਲਾਂ ਨੂੰ ਭਾਂਜ ਦਿੱਤੀ ਜਾ ਸਕੇ।ਅੱਜ ਦੀ ਮੀਟਿੰਗ 'ਚ ਸਕੱਤਰ ਜਨਰਲ ਬਲਵਿੰਦਰ ਲਤਾਲਾ, ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ, ਸੀਨੀ. ਮੀਤ ਪ੍ਰਧਾਨ ਗੁਰਸੇਵਕ ਕਲੇਰ, ਪਰਵਿੰਦਰ ਭਾਰਤੀ, ਵੀਰ ਸਿੰਘ ਮੋਗਾ, ਵਿੱਤ ਸਕੱਤਰ ਗੁਰਪ੍ਰੀਤ ਸਿੰਘ ਗੁਰੂ, ਬੇਅੰਤ ਭਾਬਰੀ,ਮੀਤ ਪ੍ਰਧਾਨ ਹਰਪਾਲ ਤਰਨਤਾਰਨ, ਲੈਕ. ਸੁਨੀਲ ਕੁਮਾਰ, ਦੇਵ ਰਾਜ ਜਲੰਧਰ, ਵਿਜੇ ਮਾਨਸਾ, ਹਰਦੀਪ ਤੂਰ, ਦੀਪਕ ਕੁਮਾਰ, ਪ੍ਰੈਸ ਸਕੱਤਰ ਦੇਸ ਰਾਜ ਜਲੰਧਰ, ਹਰਜਿੰਦਰ ਪੁਰਾਣੇਵਾਲਾ, ਅਮਿੰਦਰ ਪਾਲ ਮੁਕਤਸਰ, ਸਕੱਤਰ ਸੁਖਪਾਲ ਸਿੰਘ, ਕੁਲਵਿੰਦਰ ਬਿੱਟੂ ਤੇ ਹੋਰ ਹਾਜ਼ਰ ਹੋਏ।

## ਬਿਸ਼ਪ ਜੋਸ਼ ਸੇਬਾਸਟੀਅਨ ਦਾ ਕੈਥੋਲਿਕ ਗਿਰਜਾਘਰ ਪਹੁੰਚਣ 'ਤੇ ਭਰਵਾਂ ਸਵਾਗਤ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਡਾਇਓਸਿਸ ਜਲੰਧਰ ਦੇ ਨਵੇਂ ਬਿਸ਼ਪ ਜੋਸ਼ ਸੇਬਾਸਟੀਅਨ ਦਾ ਪਹਿਲੀ ਵਾਰ ਸੰਤਨੀ ਤਰੇਜਾ ਕੈਥੋਲਿਕ ਗਿਰਜਾਘਰ ਧਾਰੀਵਾਲ ਪਹੁੰਚਣ 'ਤੇ ਡੀਨ ਫਾਦਰ ਜੋਸ਼ ਪਡਿਆਟੀ ਦੀ ਅਗਵਾਈ ਹੇਠ ਪੈਰਿਸ ਕੌਂਸਲ ਧਾਰੀਵਾਲ ਦੇ ਪ੍ਰਧਾਨ ਜੌਨ ਮਸੀਹ ਰਣੀਆਂ, ਮਰੀਅਮ ਸ਼ੈਨਾ ਪ੍ਰਧਾਨ ਬੀਬੀ ਸਿੰਦੀ, ਯੂਥ ਪ੍ਰਧਾਨ ਗੀਤਿਕ ਮੱਟੂ, ਲੰਗਰ ਕਮੇਟੀ ਪ੍ਰਧਾਨ ਜੌਨ ਸੰਧੂ, ਰਾਜੇਸ਼ ਖੋਖਰ ਵੱਲੋਂ ਭਰਵਾਂ ਸਵਾਗਤ ਕਰਦਿਆਂ ਬਿਸਪ ਜੋਸ਼



ਸੇਬਾਸਟੀਅਨ ਨੂੰ ਹਾਰਮਾਲਾ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗਿਰਜਾਘਰ ਵਿੱਚ ਵਿਸ਼ਵ ਭਰ ਦੀ ਅਮਨ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਗਈ। ਇਸ ਮੌਕੇ ਲਿਟਲ ਫਲਾਵਰ ਕੌਨਵੈਂਟ ਸਕੂਲ ਧਾਰੀਵਾਲ ਪ੍ਰਿੰਸੀਪਲ ਸਿਸਟਰ ਦਿਵਿਆ, ਸਿਸਟਰ ਟੀਨਾ, ਬਾਬੂ ਕਰਮਾ ਮਸੀਹ ਡੀਨ ਕੈਥੀਕਿਸਟ, ਬਾਬੂ ਵਾਰਿਸ ਚੀਦਾ, ਬਾਬੂ ਪਤਰਸ, ਬਾਬੂ ਮਨੀ ਮੱਟੂ, ਵਾਇਸ ਪ੍ਰਧਾਨ ਨੀਲਮ ਬੱਲ, ਜੁਆਇੰਟ ਸਕੱਤਰ ਸਰਿਤਾ ਤੇਜਾ, ਸੈਕਟਰੀ ਸੁਲੇਮਾਨ ਮਲਿਕ, ਖਜ਼ਾਨਚੀ ਮੰਗਤ ਮਸੀਹ, ਐਡਵੋਕੇਟ ਵਿਪਨ ਰੰਧਾਵਾ, ਐਡਵੋਕੇਟ ਸਾਕਸ਼ੀ ਤੇਜਾ, ਨਥਾਨੀਅਲ ਮਸੀਹ, ਰਾਜੂ ਅਖਲਾਸਪੁਰ, ਬੌਬੀ ਜੋਗੋਵਾਲ, ਸਰਪੰਚ ਅਸ਼ੋਕ ਖੋਖਰ, ਸਤਨਾਮ ਮਸੀਹ ਖੁੰਡੀ ਆਦਿ ਸਮੇਤ ਹੋਰ ਵੀ ਮਸੀਹ ਭਾਈਚਾਰੇ ਦੇ ਲੋਕ ਹਾਜ਼ਰ ਸਨ।

10-Oct-PAGE-4.qxd 10/9/2025 10:39 PM Page 1

ਨਵਾਂ ਜ਼ਮਾਨਾ

ਸ਼ੁੱਕਰਵਾਰ, 10 ਅਕਤੂਬਰ 2025

# ਬਿਹਾਰ ਦੇ ਦਲਿਤ

*ਨਿਤੀਸ਼ ਕੁਮਾਰ 2005 ਤੋਂ ਬਿਹਾਰ ਦੇ ਮੁੱਖ ਮੰਤਰੀ ਚਲੇ ਆ ਰਹੇ ਹਨ। ਇੱਕ ਵਾਰ ਲੋਕ ਸਭਾ ਚੋਣਾਂ ਵਿੱਚ ਜਨਤਾ ਦਲ (ਯੂ) ਦੇ ਖਰਾਬ ਪ੍ਰਦਰਸ਼ਨ ਤੋਂ ਬਾਅਦ ਅਕਸ ਸੁਧਾਰਨ ਲਈ ਕੁਝ ਸਮੇਂ ਲਈ ਜੀਤਨ ਰਾਮ ਮਾਂਝੀ ਨੂੰ ਸੱਤਾ ਸੌਂਪੀ ਸੀ, ਪਰ ਛੇਤੀ ਬਾਅਦ ਮੁੜ ਮੁੱਖ ਮੰਤਰੀ ਦੀ ਕੁਰਸੀ ’ਤੇ ਕਾਬਜ਼ ਹੋ ਗਏ ਸਨ। 2025 ਦੀਆਂ ਅਸੰਬਲੀ ਚੋਣਾਂ ਵੀ ਐੱਨ ਡੀ ਏ ਉਨ੍ਹਾ ਦੀ ਅਗਵਾਈ ਵਿੱਚ ਲੜਨ ਦਾ ਦਾਅਵਾ ਕਰ ਰਿਹਾ ਹੈ। ਮੁੱਖ ਮੰਤਰੀ ਵਜੋਂ ਨੌਵੀਂ ਪਾਰੀ ਖੇਡ ਰਹੇ ਸਮਾਜੀ ਨਿਆਂ ਦੇ ਅਲੰਬਰਦਾਰ ਹੋਣ ਦਾ ਦਾਅਵਾ ਕਰਨ ਵਾਲੇ ਨਿਤੀਸ਼ ਕੁਮਾਰ ਦੇ ਰਾਜ ਵਿੱਚ ਦਲਿਤਾਂ ਦੀ ਹਾਲਤ ਵਿੱਚ ਕਿੰਨਾ ਸੁਧਾਰ ਹੋਇਆ ਹੈ, ਇਸ ਦਾ ਨਮੂਨਾ ਨੈਸ਼ਨਲ ਕਨਫੈਡਰੇਸ਼ਨ ਆਫ ਦਲਿਤ ਐਂਡ ਆਦਿਵਾਸੀ ਆਰਗੇਨਾਈਜ਼ੇਸ਼ਨ ਦੀ ਤਾਜ਼ਾ ਰਿਪੋਰਟ ‘ਬਿਹਾਰ : ਦਲਿਤ ਕੀ ਚਾਹੁੰਦੇ ਹਨ’ ਤੋਂ ਮਿਲਦਾ ਹੈ। 2011 ਦੀ ਜਨਗਣਨਾ ਤੇ 2023 ਦੇ ਬਿਹਾਰ ਜਾਤੀ ਸਰਵੇਖਣ ਦੇ ਅੰਕੜਿਆਂ ’ਤੇ ਆਧਾਰਤ ਇਸ ਰਿਪੋਰਟ ਵਿੱਚ ਬਿਹਾਰ ਦੇ ਦਲਿਤ ਭਾਈਚਾਰੇ ਦੀ ਸਮਾਜੀ, ਵਿੱਦਿਅਕ, ਆਰਥਕ ਤੇ ਮਨੁੱਖੀ ਅਧਿਕਾਰ ਸਥਿਤੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।*

*ਰਿਪੋਰਟ ਮੁਤਾਬਕ 2011 ਦੀ ਜਨਗਣਨਾ ਮੁਤਾਬਕ ਬਿਹਾਰ ਵਿੱਚ 1.65 ਕਰੋੜ, ਯਾਨੀ ਕੁੱਲ ਆਬਾਦੀ ਦਾ 15.9 ਫੀਸਦੀ ਦਲਿਤ ਵਸਦੇ ਸਨ। ਬਿਹਾਰ ਜਾਤੀ ਸਰਵੇਖਣ ਮੁਤਾਬਕ ਸੂਬੇ ਦੀ 13.07 ਕਰੋੜ ਦੀ ਆਬਾਦੀ ਵਿੱਚ ਇਨ੍ਹਾਂ ਦੀ ਗਿਣਤੀ ਲਗਭਗ 2.57 ਕਰੋੜ, ਯਾਨੀ ਕਿ 19.65 ਫੀਸਦੀ ਸੀ। ਬਿਹਾਰ ਦੇਸ਼ ਦਾ ਤੀਜਾ ਸਭ ਤੋਂ ਵੱਡਾ ਦਲਿਤ ਆਬਾਦੀ ਵਾਲਾ ਸੂਬਾ ਹੈ, ਜਿੱਥੇ ਭਾਰਤ ਦੀ ਕੁੱਲ ਦਲਿਤ ਵਸੋਂ ਦਾ 8.5 ਫੀਸਦੀ ਹਿੱਸਾ ਰਹਿੰਦਾ ਹੈ। ਰਿਪੋਰਟ ਮੁਤਾਬਕ ਬਿਹਾਰ ਵਿੱਚ ਦਲਿਤਾਂ ਦੀ ਸਾਖਰਤਾ ਦਰ ਕੌਮੀ ਔਸਤ 66.1 ਫੀਸਦੀ ਦੇ ਮੁਕਾਬਲੇ 55.9 ਫੀਸਦੀ ਹੈ। ਦਲਿਤ ਮਹਿਲਾਵਾਂ ਦੀ ਸਾਖਰਤਾ ਦਰ ਚਿੰਤਾਜਨਕ ਹੈ, ਜੋ ਕਿ ਸਿਰਫ 43.4 ਫੀਸਦੀ ਹੈ, ਮਰਦਾਂ ਦੀ ਦਰ 66.5 ਫੀਸਦੀ ਹੈ। ਦਲਿਤਾਂ ਵਿੱਚ ਸ਼ਾਮਲ ਮੁਸਹਰ ਭਾਈਚਾਰੇ ਦੀ ਸਾਖਰਤਾ ਦਰ 20 ਫੀਸਦੀ ਤੋਂ ਵੀ ਘੱਟ ਹੈ, ਜੋ ਦੇਸ਼ ਦੇ ਕਿਸੇ ਵੀ ਭਾਈਚਾਰੇ ਨਾਲੋਂ ਘੱਟ ਹੈ। ਉੱਚ ਸਿੱਖਿਆ ਵਿੱਚ ਵੀ ਦਲਿਤਾਂ ਦੀ ਭਾਗੀਦਾਰੀ ਬੇਹੱਦ ਘੱਟ ਹੈ। ਆਲ ਇੰਡੀਆ ਸਰਵੇ ਆਫ ਹਾਇਰ ਐਜੂਕੇਸ਼ਨ (2021-22) ਮੁਤਾਬਕ ਕਾਲਜਾਂ ਵਿੱਚ ਦਲਿਤ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਹਿੱਸਾ ਕ੍ਰਮਵਾਰ 5.7 ਫੀਸਦੀ ਤੇ 5.6 ਫੀਸਦੀ ਸੀ। ਦਲਿਤ ਭਾਈਚਾਰਾ ਅਸੁਰੱਖਿਅਤ ਤੇ ਘੱਟ ਉਜਰਤ ਵਾਲੀਆਂ ਨੌਕਰੀਆਂ ਵਿੱਚ ਵਧੇਰੇ ਹੈ। 63.4 ਫੀਸਦੀ ਦਲਿਤ ਗੈਰ-ਕੰਮਕਾਜੀ ਹਨ, ਜਿਨ੍ਹਾਂ ਵਿੱਚ ਬਹੁਤੇ ਨੌਜਵਾਨ ਤੇ ਮਹਿਲਾਵਾਂ ਹਨ। ਕੰਮਕਾਜੀ ਦਲਿਤਾਂ ਵਿੱਚ 46 ਫੀਸਦੀ ਸੀਮਾਂਤ ਮਜ਼ਦੂਰ ਹਨ, ਜਿਨ੍ਹਾਂ ਨੂੰ ਸਾਲ ਵਿੱਚ ਛੇ ਮਹੀਨਿਆਂ ਤੋਂ ਵੀ ਘੱਟ ਕੰਮ ਮਿਲਦਾ ਹੈ। ਸਿਰਫ 21 ਫੀਸਦੀ ਹੀ ਕੁਲਵਕਤੀ ਕਾਮੇ ਹਨ ਅਤੇ ਉਹ ਵੀ ਬੇਜ਼ਮੀਨੇ ਖੇਤੀ ਮਜ਼ਦੂਰ ਤੇ ਆਰਜ਼ੀ ਮਜ਼ਦੂਰ ਹਨ। ਸਰਕਾਰੀ ਨੌਕਰੀਆਂ ਵਿੱਚ ਦਲਿਤਾਂ ਦੀ ਹਿੱਸੇਦਾਰੀ ਸਿਰਫ 1.3 ਫੀਸਦੀ ਹੈ, ਜਿਹੜੀ ਉਨ੍ਹਾਂ ਦੇ ਰਿਜ਼ਰਵੇਸ਼ਨ ਕੋਟੇ ਨਾਲੋਂ ਕਿਤੇ ਘੱਟ ਹੈ। ਕੌਮੀ ਪਰਵਾਰ ਸਿਹਤ ਸਰਵੇਖਣ-5 ਦੇ ਅੰਕੜਿਆਂ ਮੁਤਾਬਕ ਦਲਿਤ ਭਾਈਚਾਰੇ ਵਿੱਚ ਬੱਚਾ ਮੌਤ ਦਰ (ਇੱਕ ਹਜ਼ਾਰ ਪਿੱਛੇ 55), ਜੱਚਾ ਮੌਤ ਦਰ (ਇੱਕ ਲੱਖ ਪਿੱਛੇ 130) ਅਤੇ ਕੁਪੋਸ਼ਣ ਦਰ ਹੋਰਨਾਂ ਭਾਈਚਾਰਿਆਂ ਦੀ ਤੁਲਨਾ ਵਿੱਚ ਵਧੇਰੇ ਹੈ। 49 ਫੀਸਦੀ ਦਲਿਤ ਬੱਚੇ ਬੌਣੇ ਤੇ 47.9 ਫੀਸਦੀ ਘੱਟ ਵਜ਼ਨ ਵਾਲੇ ਹੁੰਦੇ ਹਨ। ਬਿਹਾਰ ਵਿੱਚ ਦਲਿਤਾਂ ਦੀ ਗਰੀਬੀ ਦਾ ਪ੍ਰਮੁੱਖ ਕਾਰਨ ਉਨ੍ਹਾਂ ਕੋਲ ਜ਼ਮੀਨ ਨਾ ਹੋਣਾ ਹੈ। ਸੂਬੇ ਦੀ 19.65 ਫੀਸਦੀ ਦਲਿਤ ਆਬਾਦੀ ਕੋਲ ਸਿਰਫ 11.67 ਫੀਸਦੀ ਖੇਤੀ ਯੋਗ ਜ਼ਮੀਨ ਹੈ। 84 ਫੀਸਦੀ ਤੋਂ ਵੱਧ ਦਲਿਤ ਪਰਵਾਰ ਬੇਜ਼ਮੀਨੇ ਹਨ ਅਤੇ ਜਿਨ੍ਹਾਂ ਕੋਲ ਜ਼ਮੀਨ ਹੈ, ਉਹ ਔਸਤਨ ਅੱਧੇ ਏਕੜ ਤੋਂ ਵੀ ਘੱਟ ਹੈ। ਦਲਿਤ ਪਰਵਾਰਾਂ ਦੀ ਔਸਤ ਪ੍ਰਤੀ ਵਿਅਕਤੀ ਮਾਸਕ ਆਮਦਨ 6480 ਰੁਪਏ ਹੈ, ਜੋ ਸੂਬੇ ਦੀ ਔਸਤ ਨਾਲੋਂ 40 ਫੀਸਦੀ ਘੱਟ ਹੈ। ਬਿਹਾਰ ਦਾ ਬਜਟ ਵੀ ਇਨ੍ਹਾਂ ਨਾਲ ਘੋਰ ਵਿਤਕਰਾ ਕਰਦਾ ਹੈ। 2013-14 ਵਿੱਚ ਕੁੱਲ ਬਜਟ 80,405 ਕਰੋੜ ਰੁਪਏ ਸੀ, ਜੋ 2025-26 ਵਿੱਚ ਵਧ ਕੇ 3,16,895 ਕਰੋੜ ਰੁਪਏ ਹੋ ਗਿਆ। ਹਾਲਾਂਕਿ ਐੱਸ ਸੀ/ ਐੱਸ ਟੀ/ਓ ਬੀ ਸੀ ਲਈ ਫੰਡ ਦੁੱਗਣਾ ਹੋਇਆ, ਪਰ ਉਨ੍ਹਾਂ ਦਾ ਕੁੱਲ ਹਿੱਸਾ 2.59 ਫੀਸਦੀ ਤੋਂ ਘਟ ਕੇ 1.29 ਫੀਸਦੀ ਰਹਿ ਗਿਆ। ਦਲਿਤਾਂ ਦੀ ਬਦਹਾਲ ਸਥਿਤੀ ਨੂੰ ਉਜਾਗਰ ਕਰਦੀ ਇਹ ਰਿਪੋਰਟ ਇੱਕ ਵਾਰ ਫਿਰ ਅਸੰਬਲੀ ਚੋਣਾਂ ਵਿੱਚ ਕੁੱਦਣ ਵਾਲੀਆਂ ਪਾਰਟੀਆਂ ਨੂੰ ਸ਼ੀਸ਼ਾ ਦਿਖਾਉਣ ਵਾਲੀ ਹੈ।*

## ਪਾਠਕ-ਸੱਥ

### ਅਵਾਰਾ ਪਸ਼ੂਆਂ ਦੀ ਭੇਟ ਚੜ੍ਹਿਆ ਗਾਇਕ

ਟੀ ਵੀ ਦੇ ਹਰ ਪੰਜਾਬੀ ਚੈਨਲ ਲਾਈਵ ਤਸਵੀਰਾਂ ਦਿਖਾ ਰਹੇ ਹਨ ।ਰਾਜਵੀਰ ਚਲਾ ਗਿਆ, ਜਵੰਦਾ ਹਮੇਸ਼ਾ ਯਾਦ ਰਹੇਗਾ।ਹੁਣ ਕੌਣ ਗਾਵੇਗਾ ਰੂਹਾਂ ਨੂੰ ਸਕੂਨ ਦੇਣ ਵਾਲੇ ਗੀਤ।ਹੱਸਦਾ ਰਹਿਣ ਵਾਲਾ ਚਿਹਰਾ ਖਮੋਸ਼ ਹੋ ਗਿਆ।ਵਝਲੀ ਦੀ ਹੂਕ ਵਰਗੀ ਅਵਾਜ਼ ਖਮੋਸ਼ ਹੋ ਗਈ।ਇੱਕ ਫੁੱਲ ਹੋਰ ਜੋ ਜੋਬਨ ਰੁੱਤੇ ਟੁੱਟ ਗਿਆ।ਰਾਜਵੀਰ ਨੇ 35 ਸਾਲ ਦੀ ਉੱਮਰ ਵਿੱਚ ਆਖਰੀ ਸਾਹ ਲਿਆ।ਅਖੀਰ ਜ਼ਿੰਦਗੀ ਦੀ ਜੰਗ ਹਾਰ ਗਿਆ।ਇਹ ਮੰਦਭਾਗੀ ਖ਼ਬਰ ਸੁਣ ਫ਼ਿਲਮ ਤੇ ਸੰਗੀਤ ਦੀ ਦੁਨੀਆਂ ਵਿੱਚ ਸੋਗ ਦੀ ਲਹਿਰ ਦੌੜ ਗਈ।ਅੱਜ ਹਰ ਅੱਖ ਨਮ ਹੈ।ਜੋ ਉਨ੍ਹਾਂ ਦੇ ਪ੍ਰਸੰਸਕ ਸਨ, ਰਾਤ-ਦਿਨ ਉਨ੍ਹਾਂ ਦੀ ਸਿਹਤਯਾਬੀ ਦੀਆਂ ਅਰਦਾਸਾਂ ਕਰ ਰਹੇ ਸਨ, ਵੀ ਸਦਮੇ ਵਿੱਚ ਹਨ ।ਜਵੰਦਾ ਦੀ ਅੰਤਮ ਅਰਦਾਸ ਤੋਂ ਬਾਅਦ ਸਸਕਾਰ ਕਰ ਦਿੱਤਾ ਗਿਆ ਹੈ।ਇਹ ਮਹਾਨ ਗਾਇਕ ਪੰਜਾਂ ਤੱਤਾਂ ਵਿੱਚ ਵਲੀਨ ਹੋ ਗਿਆ ਹੈ।ਲੋਕਾਂ ਦੇ ਦਿਲ ਵਿੱਚ ਜਵੰਧਾ ਦੀ ਅਵਾਜ ਗੂੰਜਦੀ ਰਹੇਗੀ।

ਰੋਜ਼ਾਨਾ ਅਵਾਰਾ ਪਸੂਆਂ ਨੂੰ ਲੈ ਕੇ ਠੱਲ ਪਾਉਣ ਲਈ ਹੱਲ ਕਰਨ ਲਈ ਰੋਜ਼ਾਨਾ ਕਦਮ ਚੁੱਕਣ ਲਈ ਲੇਖਕ ਅਖਬਾਰਾ ਵਿੱਚ ਲਿਖ ਕੇ ਪ੍ਰਸ਼ਾਸਨ ਤੇ ਸਰਕਾਰਾ ਨੂੰ ਗੁਹਾਰ ਲਗਾਉਂਦੇ ਰਹੇ ਹਨ ।ਇਸ ਗਾਇਕ ਨੂੰ ਵੀ ਅਵਾਰਾ ਜਾਨਵਰਾਂ ਕਰਕੇ ਇਸ ਫ਼ਾਨੀ ਦੁਨੀਆਂ ਤੋਂ ਰੁਖ਼ਸਤ ਹੋਣਾ ਪਿਆ ।ਅਵਾਰਾ ਜਾਨਵਰਾਂ ਦਾ ਬਹੁਤ ਹੀ ਸੰਜੀਦਾ ਮਾਮਲਾ ਹੈ।ਕਿਸਾਨਾਂ ਦੀਆਂ ਫਸਲਾਂ ਤਾਂ ਇਹ ਜਾਨਵਰ ਬਰਬਾਦ ਕਰਦੇ ਹੀ ਹਨ, ਰੋਜ਼ਾਨਾ ਅਜਾਈਂ ਮੌਤਾਂ ਵੀ ਜਾਂਦੀਆਂ ਹਨ ।ਸਾਡੇ ਮੁਲਕ ਵਿੱਚ ਮਨੁੱਖੀ ਜਾਨਾਂ ਦੀ ਕੋਈ ਕੀਮਤ ਨਹੀਂ ।ਸਰਕਾਰ ਨੂੰ ਅਵਾਰਾ ਪਸ਼ੂਆਂ ਬਾਰੇ ਸੰਜੀਦਗੀ ਨਾਲ ਵਿਚਾਰ ਕਰ ਇਸ ’ਤੇ ਕੋਈ ਪਰਭਾਵਸ਼ਾਲੀ ਯੋਜਨਾ ਤਿਆਰ ਕਰਨੀ ਚਾਹੀਦੀ ਹੈ।ਸਰਕਾਰ ਨੂੰ ਚਾਹੀਦਾ ਹੈ ਕਿ ਹਰ ਇੱਕ ਵਿਅਕਤੀ ਨੂੰ ਫਸਟਏਡ ਦੀ ਸਿਖਲਾਈ ਦਿੱਤੀ ਜਾਵੇ ।ਹਸਪਤਾਲ ਪਹੁੰਚਣ ਤੋਂ ਪਹਿਲਾਂ ਜੇ ਜ਼ਖਮੀ ਵਿਅਕਤੀ ਦੀ ਫਸਟਏਡ ਦਿੱਤੀ ਜਾਵੇ ਤਾਂ ਕਿਸੇ ਹੱਦ ਤੱਕ ਜਾਨ ਬਚਾਈ ਜਾ ਸਕਦੀ ਹੈ।ਸਰਕਾਰਾਂ ਨੂੰ ਅਵਾਰਾ ਪਸ਼ੂਆਂ ਦੇ ਹੱਲ ਲਈ ਲੋਕਾਂ ਨੂੰ ਲੋਕ ਲਹਿਰ ਵਿੱਚ ਬਦਲ ਜਗਾਉਣਾ ਚਾਹੀਦਾ ਹੈ।

**-ਗੁਰਮੀਤ ਸਿੰਘ ਵੇਰਕਾ**

ਸੰਪਰਕ : 98786-00221

# ਬਲੀ ਦਾ ਬੱਕਰਾ ਇਕੱਲਾ ਕਿਸਾਨ ਹੀ ਕਿਉਂ ?



ਗੁਰਪ੍ਰੀਤ

ਲੰਮੇ ਸਮੇਂ ਤੋਂ ਚੱਲੀ ਆ ਰਹੀ ਰੀਤ ਦੇ ਮੁਤਾਬਕ ਦੇਸ਼ ਭਰ ਦੇ ਵੱਖ-ਵੱਖ ਸੂਬਿਆਂ ਵਿੱਚ ਦੁਸਹਿਰੇ ਦਾ ਤਿਉਹਾਰ ਇਸ ਵਾਰ ਵੀ ਮਨਾਇਆ ਗਿਆ । ਵੱਡੇ ਪੱਧਰ ’ਤੇ ਇਸ ਦੌਰਾਨ ਪਟਾਕੇ ਚੱਲੇ ਅਤੇ ਪ੍ਰਦੂਸ਼ਣ ਵੀ ਵੱਡੇ ਪੱਧਰ ’ਤੇ ਹੀ ਫੈਲਿਆ, ਪਰ ਸਵਾਲ ਇਸ ’ਤੇ ਇਹ ਹੈ ਕਿ ਹਰ ਸਾਲ ਮਨਾਏ ਜਾਣ ਵਾਲੇ ਇਹੋ ਜਿਹੇ ਤਿਉਹਾਰਾਂ ’ਤੇ ਫੈਲਦੇ ਪ੍ਰਦੂਸ਼ਣ ’ਤੇ ਕੋਈ ਕਿਉਂ ਨਹੀਂ ਬੋਲਦਾ ? ਕਿਸਾਨਾਂ ਦੁਆਰਾ ਮਜਬੂਰੀ ਵੱਸ ਆ ਕੇ ਸਾੜੀ ਜਾਂਦੀ ਝੋਨੇ ਦੀ ਪਰਾਲੀ ਦਾ ਧੂੰਆਂ, ਭਾਵੇਂ ਹੀ ਸਰਕਾਰੀ ਦਾਅਵਿਆਂ ਮੁਤਾਬਕ ਦਿੱਲੀ ਦਰਵਾਜ਼ੇ ਤੱਕ ਪਹੁੰਚ ਜਾਂਦਾ ਹੈ, ਪਰ ਬਾਵਜੂਦ ਇਸ ਦੇ ਪਰਾਲੀ ਦੇ ਹੱਲ ਲਈ ਕੋਈ ਨਹੀਂ ਬੋਲਦਾ, ਸਗੋਂ ਕਿਸਾਨਾਂ ਨੂੰ ਜੇਲ੍ਹਾਂ ਵਿੱਚ ਸੁੱਟਣ ਅਤੇ ਜੁਰਮਾਨੇ ਠੋਕਣ ਦਾ ਤਰੀਕਾ ਹਰ ਕੋਈ ਮੂਹਰੇ ਹੋ ਕੇ ਦੱਸਦਾ ਹੈ ।

ਅਸੀਂ ਸਾਰੇ ਮੰਨਦੇ ਹਾਂ ਕਿ ਪ੍ਰਦੂਸ਼ਣ ਕਿਸੇ ਵੀ ਤਰ੍ਹਾਂ ਦਾ ਸਿਹਤ ਲਈ ਹਾਨੀਕਾਰਕ ਹੈ, ਪਰ ਸਵਾਲ ਇਹ ਹੈ ਕਿ ਇਕੱਲੀ ਪਰਾਲੀ ਸਾੜਨ ਨਾਲ ਹੀ ਕਿਉਂ ਜ਼ਿਆਦਾ ਹੱਲਾ-ਬੁੱਲਾ ਹੋ ਜਾਂਦਾ ਹੈ ? ਕੀ ਪਟਾਕਿਆਂ ਦਾ ਪ੍ਰਦੂਸ਼ਣ ਨਹੀਂ ਹੁੰਦਾ? ਕੀ ਪਟਾਕਿਆਂ ਦੇ ਵਿੱਚੋਂ ਫੁੱਲ ਵਰਸਦੇ ਨੇ ਜਾਂ ਫਿਰ ਇਹ ਪਟਾਕੇ ਪ੍ਰਦੂਸ਼ਣ ਕਰਦੇ ਹੀ ਨਹੀਂ? ਖ਼ੈਰ, ਸਵਾਲ ਤਾਂ ਬੜੇ ਨੇ, ਪਰ ਸਵਾਲਾਂ ਦੇ ਵਿਚਾਲੇ ਸਵਾਲ ਇਹ ਵੀ ਹੈ ਕਿ ਕੀ ਇਕੱਲਾ ਪ੍ਰਦੂਸ਼ਣ ਫੈਲਾਉਣ ਵਿੱਚ ਕਿਸਾਨ ਹੀ ਜ਼ਿੰਮੇਵਾਰ ਹੈ? ਕਿਸਾਨਾਂ ਦੁਆਰਾ ਜਿੱਥੇ ਫ਼ਸਲਾਂ ਉਗਾ ਕੇ ਮੁਲਕ ਦਾ ਢਿੱਡ ਭਰਿਆ ਜਾਂਦਾ ਹੈ, ਉੱਥੇ ਹੀ ਦੂਜੇ ਪਾਸੇ ਕਿਸਾਨ ਇਸ ਵੇਲੇ ਹੜ੍ਹਾਂ ਦੀ ਮਾਰ ਚੱਲ ਰਿਹਾ...। ਇੱਕਾ-ਦੁੱਕਾ ਕੇਸ ਪਰਾਲੀ ਸੜਨ ਦੇ ਆ ਰਹੇ ਨੇ, ਇਸ ਦੇ ਦੂਜੇ ਪਾਸੇ ਪ੍ਰਸ਼ਾਸਨ ਅਤੇ ਸਰਕਾਰ ਕਿਸਾਨਾਂ ਨੂੰ ਜੇਲ੍ਹੀਂ ਤਾੜਨ ਲੱਗੀ ਹੋਈ ਹੈ।

ਅਸੀਂ ਇਹ ਵੀ ਮੰਨਦੇ ਹਾਂ ਕਿ ਪਰਾਲੀ ਦਾ ਪ੍ਰਦੂਸ਼ਣ ਵੀ ਸਿਹਤ ਲਈ ਹਾਨੀਕਾਰਕ ਹੈ, ਪਰ ਸਵਾਲ ਇਹ ਉੱਠਦਾ ਹੈ ਕਿ ਕੀ ਪਟਾਕਿਆਂ ’ਚੋਂ ਨਿਕਲਣ ਵਾਲਾ ਧੂੰਆਂ ਸਾਫ਼-ਸੁਥਰਾ ਅਤੇ ਸ਼ੁੱਧ ਹੈ ਜਾਂ ਫਿਰ ਇਹ ਕਹਿ ਲਈਏ ਕਿ ਪਟਾਕਿਆਂ ਚੋਂ ਤਾਂ ਆਕਸੀਜਨ ਅਤੇ ਸ਼ੁੱਧ ਗੈਸ ਹੀ ਨਿਕਲਦੀ, ਜਿਸ ਦੇ ਨਾਲ ਸਰੀਰ ’ਤੇ ਭੋਰਾ ਵੀ ਮਾੜਾ ਅਸਰ ਨਹੀਂ ਪੈਂਦਾ। ਪਿਛਲੇ ਕਈ ਦਹਾਕਿਆਂ ਤੋਂ ਝੋਨੇ ਦੀ ਪਰਾਲੀ, ਕਣਕ ਦੇ ਨਾੜ ਨੂੰ ਅੱਗ ਲਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਉਹ ਮਜਬੂਰੀਵੱਸ ਝੋਨੇ ਦੀ ਪਰਾਲੀ ਨੂੰ ਅੱਗ ਲਾਉਂਦੇ ਨੇ, ਉਨ੍ਹਾਂ ਨੂੰ ਕੋਈ ਸ਼ੌਕ ਨਹੀਂ ਪਿਆ ਕਿ ਉਹ ਪਰਾਲੀ ਨੂੰ ਅੱਗ ਲਾ ਕੇ ਖ਼ੁਦ ਮੌਤ ਦੇ ਮੂੰਹ ਵਿੱਚ ਜਾਣ। ਸਰਕਾਰਾਂ ਦੀਆਂ ਨਕਾਮੀਆਂ ਦੇ ਕਾਰਨ ਹੀ ਉਨ੍ਹਾਂ (ਕਿਸਾਨਾਂ) ਨੂੰ ਪਰਾਲੀ ਨੂੰ ਅੱਗ ਲਾਉਣੀ ਪੈਂਦੀ ਹੈ।

ਸਮੇਂ-ਸਮੇਂ ’ਤੇ ਆਈਆਂ ਸਰਕਾਰਾਂ ਨੇ ਜਿੱਥੇ ਕਿਸਾਨਾਂ ਦੇ ਨਾਲ ਲੰਮੇ-ਚੌੜੇ ਵਾਅਦੇ ਕੀਤੇ ਨੇ ਕਿ ਅਸੀਂ ਪਰਾਲੀ ਦਾ ਪੱਕਾ ਪ੍ਰਬੰਧ ਕਰਾਂਗੇ, ਪਰ ਇਸ ਦਾ ਪੱਕਾ ਪ੍ਰਬੰਧ ਕਰਨ ਦੀ ਬਜਾਏ ਕਿਸਾਨਾਂ ਦਾ ਪੱਕਾ ਪ੍ਰਬੰਧ ਜੇਲ੍ਹਾਂ ਅੰਦਰ ਕੀਤਾ ਜਾ ਰਿਹਾ। ਕਿਸਾਨਾਂ ਦੀ ਕਿਸੇ ਤਰ੍ਹਾਂ ਦੀ ਮਦਦ ਨਾ ਕਰਕੇ ਪ੍ਰਸ਼ਾਸਨ ਅਤੇ ਸਰਕਾਰ ਉਨ੍ਹਾਂ ਨੂੰ ਜੇਲ੍ਹਾਂ ਦੇ ਅੰਦਰ ਸੁੱਟ ਰਹੀ ਹੈ। ਹੁਣ ਅਜਿਹੇ ਹਾਲਾਤ ਨੇ ਕਿ ਕਿਸਾਨਾਂ ਨੂੰ ਮੋਟੇ ਜੁਰਮਾਨੇ ਵੀ ਕੀਤੇ ਜਾ ਰਹੇ ਨੇ, ਸੁਣਨ ਵਿੱਚ ਆਇਆ ਹੈ ਕਿ ਸੈਟੇਲਾਈਟ ਜ਼ਰੀਏ ਕਿਸਾਨਾਂ ਦੀਆਂ ਜ਼ਮੀਨਾਂ ਫਰੋਲੀਆਂ ਜਾ ਰਹੀਆਂ ਨੇ ਅਤੇ ਇਹ ਵੇਖਿਆ ਜਾ ਰਿਹਾ ਹੈ ਕਿ ਕਿੱਥੇ-ਕਿੱਥੇ ਝੋਨੇ ਦੀ ਪਰਾਲੀ ਨੂੰ ਅੱਗ ਲੱਗੀ ਹੈ ?

ਸੈਟੇਲਾਈਟ ਜ਼ਰੀਏ ਮਿਲੀਆਂ ਤਸਵੀਰਾਂ ਦੇ



ਚੱਲਦਿਆਂ ਪ੍ਰਸ਼ਾਸਨ ਵੱਲੋਂ ਮਿੰਟਾਂ-ਸਕਿੰਟਾਂ ਵਿੱਚ ਜਿੱਥੇ ਕਿਸਾਨਾਂ ਉੱਪਰ ਪੁਲਸ ਕੇਸ ਬਣਾਏ ਜਾ ਰਹੇ ਨੇ, ਉੱਥੇ ਹੀ ਕਿਸਾਨਾਂ ਦੀਆਂ ਜ਼ਮੀਨਾਂ ਵਿੱਚ ਵੀ ਰੈੱਡ ਐਂਟਰੀਆਂ ਕੀਤੀਆਂ ਜਾ ਰਹੀਆਂ ਨੇ, ਮਸਲਨ ਕਿਸਾਨ ਜਿਨ੍ਹਾਂ ਨੇ ਪਰਾਲੀ ਨੂੰ ਅੱਗ ਲਾਈ, ਉਨ੍ਹਾਂ ਨੂੰ ਕਰਜ਼ਾ ਅਤੇ ਹੋਰ ਸਰਕਾਰੀ ਲਾਭ ਅਗਲੇ ਸਮੇਂ ਵਿੱਚ ਨਹੀਂ ਮਿਲਣਗੇ ।

ਕੁਝ ਸਮਾਂ ਪਹਿਲਾਂ ਸਰਕਾਰਾਂ ਨੇ ਇਹ ਆਖਿਆ ਸੀ ਕਿ ਅਸੀਂ ਪਰਾਲੀ ਦਾ ਪੱਕਾ ਪ੍ਰਬੰਧ ਇਹੋ ਜਿਹਾ ਕਰਾਂਗੇ ਕਿ ਕਿਸਾਨਾਂ ਦੀ ਝੋਨੇ ਦੀ ਫ਼ਸਲ ਵੀ ਸਰਕਾਰ ਚੁੱਕੇਗੀ ਅਤੇ ਪਰਾਲੀ ਦਾ ਪ੍ਰਬੰਧ ਵੀ ਸਰਕਾਰ ਹੀ ਕਰੇਗੀ। ਪਰਾਲੀ ਨੂੰ ਇਹੋ ਜਿਹੀ ਜਗ੍ਹਾ ’ਤੇ ਸੇਫ਼ ਰੱਖਾਂਗੇ ਕਿ ਕਿਸਾਨ ਅਗਲੀ ਫ਼ਸਲ ਵੀ ਵਧੀਆ ਤਰੀਕੇ ਨਾਲ ਬੀਜ ਸਕੇਗਾ, ਪਰ ਸਰਕਾਰਾਂ ਦੁਆਰਾ ਕੀਤੇ ਗਏ ਇਹ ਵਾਅਦੇ ਸਿਰਫ਼ ਅਖ਼ਬਾਰੀ ਅਤੇ ਟੀ ਵੀ ਚੈਨਲਾਂ ਦੇ ਹੀ ਰਹਿ ਗਏ। ਹੁਣ ਵੀ ਬਹੁਤ ਸਾਰੇ ਕਿਸਾਨ ਅਜਿਹੇ ਨੇ ਜਿਹੜੇ ਮਜਬੂਰੀਵੱਸ ਆ ਕੇ ਝੋਨੇ ਦੀ ਪਰਾਲੀ ਨੂੰ ਅੱਗ ਲਾ ਰਹੇ ਨੇ ।

ਅਗਲੀ ਗੱਲ ਜੇਕਰ ਪਟਾਕਿਆਂ ਦੇ ਪ੍ਰਦੂਸ਼ਣ ਦੀ ਕਰ ਲਈਏ ਤਾਂ ਇਸ ’ਤੇ ਕੋਈ ਨਹੀਂ ਬੋਲਦਾ। ਸਰਕਾਰ/ ਪ੍ਰਸ਼ਾਸਨ ਨਿਰਧਾਰਿਤ ਸਮਾਂ ਕਰ ਦਿੰਦਾ ਹੈ ਕਿ ਤੁਸੀਂ ਭਾਈ ਏਨੇ ਤੋਂ ਏਨੇ ਸਮੇਂ ਤੱਕ ਪਟਾਕੇ ਚਲਾ ਸਕਦੇ ਹੋ । ਮਤਲਬ ਇਹ ਸਾਫ਼ ਹੈ ਕਿ ਜਿਹੜਾ ਸਮਾਂ ਪ੍ਰਸ਼ਾਸਨ ਅਤੇ ਸਰਕਾਰ ਵੱਲੋਂ ਪਟਾਕਿਆਂ ਨੂੰ ਚਲਾਉਣ ਦਾ ਦਿੱਤਾ ਗਿਆ ਹੈ, ਉਸ ਸਮੇਂ ਦੇ ਵਿੱਚ ਕੁਦਰਤ ਛੁੱਟੀ ’ਤੇ ਚਲੀ ਜਾਵੇਗੀ ਜਾਂ ਫਿਰ ਪ੍ਰਦੂਸ਼ਣ ਫੈਲੇਗਾ ਹੀ ਨਹੀਂ। ਪਟਾਕਿਆਂ ਦੇ ਵਿੱਚੋਂ ਆਕਸੀਜਨ ਹੀ ਨਿਕਲੇਗੀ, ਇਸ ਤਰ੍ਹਾਂ ਮੰਨ ਲਿਆ ਜਾਵੇ ? ਪਟਾਕੇ ਚਲਾਉਣ ਦੇ ਨਿਰਧਾਰਿਤ ਸਮੇਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਦੁਆਰਾ ਕੀਤੇ ਗਏ ਇਹ ਦਾਅਵੇ ਬਿਲਕੁਲ ਸੱਚੇ ਅਤੇ ਸਹੀ ਨੇ ਕਿ ਪਟਾਕਿਆਂ ਵਿੱਚੋਂ ਹਰਿਆਲੀ ਦੇ ਫੁਹਾਰੇ ਨਿਕਲਣਗੇ ਜਾਂ ਫਿਰ ਵੱਡੇ-ਵੱਡੇ ਹਰੇ-ਭਰੇ ਜੰਗਲ...!

ਪਿਛਲੇ ਦਿਨੀਂ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਇੱਕ ਬਿਆਨ ਜਾਰੀ ਕੀਤਾ ਗਿਆ, ਜੋ ਹੁਣ ਵੀ ਜਾਰੀ ਕੀਤਾ ਜਾ ਰਿਹਾ ਹੈ ਅਤੇ ਹਰ ਸਾਲ ਜਾਰੀ ਕੀਤਾ ਜਾਂਦਾ ਹੈ ।’ ਜਿਸ ਦੇ ਵਿੱਚ ਦੱਸਿਆ ਗਿਆ ਕਿ ਪਟਾਕੇ ਏਨੇ ਸਮੇਂ ਤੋਂ ਏਨੇ ਸਮੇਂ ਤੱਕ ਚਲਾਏ ਜਾ ਸਕਦੇ ਨੇ, ਇਹਨਾਂ ਹੁਕਮਾਂ ਦੇ ਵਿੱਚ ਤਾਂ ਦੁਸਹਿਰੇ ਦੇ ਪਟਾਕੇ ਚਲਾਉਣ ਤੋਂ ਲੈ ਕੇ ਨਵੇਂ ਸਾਲ ਕ੍ਰਿਸਮਸ ਅਤੇ ਗੁਰਪੁਰਬ ਨੂੰ ਮਿਲਾ ਕੇ ਸਾਰਾ ਸਮਾਂ ਨਿਰਧਾਰਿਤ ਕੀਤਾ ਗਿਆ ਸੀ। ਬਿਆਨ ਵਿੱਚ ਵੀ ਇਹ ਦੱਸਿਆ ਗਿਆ ਕਿ ਦੁਸਹਿਰੇ ਵਾਲੇ ਦਿਨ ਸ਼ਾਮ 6 ਵਜੇ ਤੋਂ 7 ਵਜੇ ਤੱਕ ਪਟਾਕੇ ਚਲਾਓ, ਦੀਵਾਲੀ ਦੀ ਰਾਤ ਸ਼ਾਮ 8 ਵਜੇ ਤੋਂ ਰਾਤ 10 ਵਜੇ ਤੱਕ ਪਟਾਕੇ ਚਲਾਓ, ਮਤਲਬ ਤਿੰਨ ਘੰਟੇ ਪੂਰਾ ਪ੍ਰਦੂਸ਼ਣ ਫੈਲਾਓ... ਕੋਈ ਤੁਹਾਨੂੰ ਰੋਕਣ-ਟੋਕਣ ਵਾਲਾ ਨਹੀਂ।

ਕੀ ਕਿਸਾਨ ਦੁਆਰਾ ਲਗਾਈ ਗਈ ਪਰਾਲੀ ਦੇ ਨਾਲ ਹੀ ਇਕੱਲਾ ਪ੍ਰਦੂਸ਼ਣ ਫੈਲਦਾ ਹੈ? ਮੈਂ ਪਰਾਲੀ ਸਾੜਨ ਵਾਲੀ ਗੱਲ ਦੀ ਹਮਾਇਤ ਨਹੀਂ ਕਰਦਾ, ਪਰ ਮੇਰਾ ਸਵਾਲ ਇਹ ਹੈ ਕਿ ਜੇਕਰ ਕਿਸਾਨ ਦੁਆਰਾ ਸਾੜੀ ਗਈ ਪਰਾਲੀ ਦਾ ਪ੍ਰਦੂਸ਼ਣ ਹੀ ਲੀਡਰਾਂ ਅਤੇ ਸਰਕਾਰਾਂ ਦੇ ਨਾਸੀਂ ਧੂੰਆਂ ਕਢਾ ਦਿੰਦਾ ਤਾਂ, ਫਿਰ ਪਟਾਕਿਆਂ ’ਤੇ ਪੂਰਨ ਤੌਰ ’ਤੇ ਪਾਬੰਦੀ ਕਿਉਂ ਨਹੀਂ ਲਗਾਈ ਜਾਂਦੀ ? ਪਟਾਕੇ ਅਤੇ ਆਤਿਸ਼ਬਾਜ਼ੀ ਚਲਾਉਣ ਦਾ ਸਮਾਂ ਕਿਉਂ ਨਿਰਧਾਰਿਤ ਕੀਤਾ ਜਾਂਦਾ ਹੈ ? ਕਿਉਂ ਸਰਕਾਰ ਸਿਰਫ਼ ਤੇ ਸਿਰਫ਼ ਇੱਕ ਤਬਕੇ ਨੂੰ ਹੀ ਲਤਾੜਨ ’ਤੇ ਲੱਗੀ ਹੋਈ ਹੈ। ਇੱਕ ਤਬਕੇ ਨੂੰ ਹੀ ਬਲੀ ਦਾ ਬੱਕਰਾ ਕਿਉਂ ਬਣਾਇਆ ਜਾਂਦਾ ਹੈ ?

ਸਾਡੇ ਮੁਲਕ ਦੇ ਅੰਦਰ ਪ੍ਰਦੂਸ਼ਣ ਫੈਲਾਉਣ ਵਾਲੇ ਹੋਰ ਵੀ ਬਥੇਰੇ ਕਾਰਖ਼ਾਨੇ, ਫ਼ੈਕਟਰੀਆਂ ਅਤੇ ਹੋਰ ਬੜਾ ਕੁਝ ਹੈ, ਜਿਸ ਦੇ ਬਾਰੇ ਕਦੀ ਵੀ ਸਰਕਾਰਾਂ ਨਹੀਂ ਬੋਲਦੀਆਂ। ਪ੍ਰਦੂਸ਼ਣ ਬੋਰਡ ਵੀ ਸਿਰਫ਼ ਤੇ ਸਿਰਫ਼ ਸਿਆਸੀ ਬਿਆਨਬਾਜ਼ੀ ਦੇ ਵਿੱਚ ਰੁਝਿਆ ਹੋਇਆ, ਉਨ੍ਹਾਂ ਨੂੰ ਵੀ ਇਸ ਗੱਲ ਦਾ ਅਤਾ-ਪਤਾ ਨਹੀਂ ਚੱਲਦਾ ਕਿ ਪਟਾਕਿਆਂ ਦੇ ਨਾਲ ਵੀ ਪ੍ਰਦੂਸ਼ਣ ਫੈਲਦਾ!ਜੇਕਰ ਸਰਕਾਰ/ ਪ੍ਰਸ਼ਾਸਨ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਤ ਕਰ ਸਕਦਾ ਤਾਂ ਫਿਰ ਪਰਾਲੀ ਸਾੜਨ ਦਾ ਵੀ ਸਮਾਂ ਨਿਰਧਾਰਤ ਕਰਦੋ ਜਨਾਬ!

ਪ੍ਰਦੂਸ਼ਣ ਇਕੱਲਾ ਸਰਕਾਰੀ ਅੰਕੜਿਆਂ ਦੇ ਮੁਤਾਬਕ ਕਿਸਾਨ ਹੀ ਫੈਲਾਉਂਦੇ ਨੇ, ਇਸ ਤੋਂ ਇਲਾਵਾ ਹੋਰ ਕੋਈ ਨਹੀਂ । ਚਲੋ ਭਾਈ, ਕਿਸਾਨ ਹੀ ਬਲੀ ਦਾ ਬੱਕਰਾ ਹੈ, ਜਿਹੜਾ ਕਦੇ ਹੜ੍ਹਾਂ ਦੀ ਮਾਰ ਝੱਲਦਾ, ਕਦੇ ਹੋਰ ਕੁਦਰਤੀ ਕਰੋਪੀ ਦਾ ਸ਼ਿਕਾਰ ਹੁੰਦਾ ਅਤੇ ਹੁਣ ਸਰਕਾਰੀ ਤੰਤਰ ਦਾ ਸ਼ਿਕਾਰ ਹੋ ਰਿਹਾ।

ਸਰਕਾਰਾਂ ਨੂੰ ਪਰਾਲੀ ਦਾ ਠੋਸ ਹੱਲ ਲੱਭਣਾ ਚਾਹੀਦਾ, ਨਾ ਕਿ ਉਨ੍ਹਾਂ ’ਤੇ ਮੁਕੱਦਮੇ ਠੋਕ ਕੇ ਜੁਰਮਾਨੇ ਲਗਾ ਕੇ ਜੇਲ੍ਹਾਂ ਦੇ ਅੰਦਰ ਸੁੱਟਣਾ ਚਾਹੀਦਾ। ਵੇਖਦੇ ਹਾਂ ਕਿ ਅਗਲੇ ਸਮੇਂ ਵਿੱਚ ਕੀ ਕੁਝ ਬਣਦਾ, ਪਰ ਇਸ ਵੇਲੇ ਤਾਂ ਸਪੱਸ਼ਟ ਸ਼ਬਦਾਂ ਵਿੱਚ ਇਹ ਆਖਿਆ ਜਾ ਸਕਦਾ ਹੈ ਕਿ ਪਟਾਕਿਆਂ ਨੂੰ ਚਲਾਉਣ ਵਾਸਤੇ ਸਮਾਂ ਨਿਰਧਾਰਤ ਕਰਨ ਵਾਲੀ ਸਰਕਾਰ ਸਿੱਧੇ ਅਤੇ ਸ਼ਰੇਆਮ ਕਿਸਾਨਾਂ ਨੂੰ ਬਲੀ ਦਾ ਬੱਕਰਾ ਬਣਾ ਕੇ ਪ੍ਰਦੂਸ਼ਣ ਫੈਲਾਉਣ ਦੇ ਤਹਿਤ ਜੇਲ੍ਹਾਂ ਦੇ ਅੰਦਰ ਡੱਕ ਰਹੀ ਹੈ ।

**# ਸੰਪਰਕ : 095698-20314**

# ਪ੍ਰਵਾਸੀ ਮਸਲਾ : ਪੰਜਾਬ ਦੇ ਹਿੱਤਾਂ ਲਈ ਉਚਿਤ ਨੀਤੀਆਂ ਦੀ ਲੋੜ

**ਰਾਜੇਸ਼ਵਰ ਪਿੰਟੂ**

ਪੰਜਾਬ ਅੱਜਕੱਲ੍ਹ ਇੱਕ ਗੰਭੀਰ ਚਰਚਾ ਦੇ ਕੇਂਦਰ ਵਿੱਚ ਹੈ। ਪ੍ਰਵਾਸੀਆਂ ਦੀ ਵਧਦੀ ਗਿਣਤੀ ਅਤੇ ਇਸ ਨਾਲ ਜੁੜੇ ਸਮਾਜਕ, ਰਾਜਨੀਤਕ ਤੇ ਆਰਥਿਕ ਪ੍ਰਭਾਵ । ਅਕਸਰ ਇਹ ਸਵਾਲ ਉੱਠਦਾ ਹੈ ਕਿ ਕੀ ਪ੍ਰਵਾਸੀਆਂ ਨੂੰ ਜ਼ਬਰਦਸਤੀ ਪੰਜਾਬ ’ਚੋਂ ਕੱਢਿਆ ਜਾਵੇ ਜਾਂ ਇਸ ਤੋਂ ਇਲਾਵਾ ਕੋਈ ਹੋਰ ਵਿਵਸਥਾ ਬਣਾਈ ਜਾਵੇ ? ਇਸ ਪ੍ਰਸੰਗ ਵਿੱਚ ਇਹ ਵਿਚਾਰ ਗੌਰ ਕਰਨਯੋਗ ਹੈ ਕਿ ਪ੍ਰਵਾਸੀਆਂ ਨੂੰ ਬਾਹਰ ਕੱਢਣ ਦੀ ਬਜਾਏ ਸੂਬਾ ਸਰਕਾਰ ਵੱਲੋਂ ਕੁਝ ਸੰਵਿਧਾਨਕ ਤੇ ਨੀਤੀਗਤ ਪਾਬੰਦੀਆਂ ਲਗਾਈਆਂ ਜਾਣ, ਤਾਂ ਜੋ ਪੰਜਾਬੀਅਤ ਦੀ ਪਛਾਣ, ਪੰਜਾਬ ਦੇ ਲੋਕਾਂ ਦੇ ਹੱਕ ਅਤੇ ਸੂਬੇ ਦੀ ਸਮਾਜਕ-ਆਰਥਿਕ ਸੰਰਚਨਾ ਸੁਰੱਖਿਅਤ ਰਹੇ।

ਪਿਛਲੇ ਦੋ-ਤਿੰਨ ਦਹਾਕਿਆਂ ਵਿੱਚ ਪੰਜਾਬ ਵਿੱਚ ਬਿਹਾਰ, ਯੂ ਪੀ, ਝਾਰਖੰਡ ਅਤੇ ਹੋਰ ਰਾਜਾਂ ਤੋਂ ਆਏ ਪ੍ਰਵਾਸੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ ।ਇਹ ਮਜ਼ਦੂਰ ਖੇਤੀਬਾੜੀ, ਇੱਟਾਂ ਦੇ ਭੱਠੇ, ਕੰਸਟ੍ਰਕਸ਼ਨ ਤੇ ਹੋਰ ਦਿਨ-ਮਜ਼ਦੂਰੀ ਵਾਲੇ ਕੰਮਾਂ ਵਿੱਚ ਰੁਜ਼ਗਾਰਤ ਹਨ । ਸ਼ੁਰੂਆਤ ਵਿੱਚ ਇਨ੍ਹਾਂ ਨੂੰ ਮਜ਼ਦੂਰੀ ਦੀ ਲੋੜ ਕਰਕੇ ਸਵਾਗਤ ਕੀਤਾ ਗਿਆ, ਪਰ ਹੌਲੀ-ਹੌਲੀ ਇਹ ਗਿਣਤੀ ਇਸ ਹੱਦ ਤੱਕ ਵਧ ਗਈ ਕਿ ਸਥਾਨਕ ਲੋਕਾਂ ਨੂੰ ਨੌਕਰੀਆਂ ਤੇ ਆਰਥਕ ਮੌਕਿਆਂ ਵਿੱਚ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਮਾਜਕ ਪੱਧਰ ’ਤੇ ਵੱਡੀ ਗਿਣਤੀ ਵਿੱਚ ਪ੍ਰਵਾਸੀਆਂ ਦੇ ਆਉਣ ਨਾਲ ਸਥਾਨਕ ਸੱਭਿਆਚਾਰ, ਭਾਸ਼ਾ ਅਤੇ ਪਰੰਪਰਾਵਾਂ ’ਤੇ ਦਬਾਅ ਵਧਦਾ ਹੈ। ਪੰਜਾਬੀ ਭਾਸ਼ਾ ਨੂੰ ਸਕੂਲਾਂ ਅਤੇ ਸ਼ਹਿਰਾਂ ਵਿੱਚ ਹੀ ਨਹੀਂ, ਸਗੋਂ ਪਿੰਡਾਂ ਵਿੱਚ ਵੀ ਚੁਣੌਤੀ ਮਿਲ ਰਹੀ ਹੈ। ਰਾਜਨੀਤਕ ਪੱਧਰ ’ਤੇ ਜਦੋਂ ਇਹ ਪ੍ਰਵਾਸੀ ਵੋਟਰ ਕਾਰਡ ਪੰਜਾਬ ਦੇ ਐਡਰੈੱਸ ’ਤੇ ਬਣਾਉਣ ਲੱਗਦੇ ਹਨ, ਤਾਂ ਚੋਣ ਗਣਿਤ ਹੀ ਬਦਲ ਜਾਂਦਾ ਹੈ । ਸਥਾਨਕ ਮੁੱਦੇ ਪਿੱਛੇ ਰਹਿ ਜਾਂਦੇ ਹਨ ਅਤੇ ਪ੍ਰਵਾਸੀ ਵਰਗ ਦੀਆਂ ਲੋੜਾਂ ਰਾਜਨੀਤਕ ਪਾਰਟੀਆਂ ਦੇ ਚੋਣ ਏਜੰਡੇ ’ਤੇ ਹਾਵੀ ਹੋਣ ਲੱਗਦੀਆਂ ਹਨ।

ਕੁਝ ਸੰਗਠਨ ਜਾਂ ਲੋਕਾਂ ਵੱਲੋਂ ਪ੍ਰਵਾਸੀਆਂ ਨੂੰ ਜ਼ਬਰਦਸਤੀ ਪੰਜਾਬ ਤੋਂ ਕੱਢਣ ਦੀ ਮੰਗ ਕੀਤੀ ਜਾਂਦੀ ਹੈ, ਪਰ ਇਹ ਤਰੀਕਾ ਨਾ ਹੀ ਮਨੁੱਖੀ ਹੱਕਾਂ ਦੇ ਅਨੁਕੂਲ ਹੈ ਅਤੇ ਨਾ ਹੀ ਸੰਵਿਧਾਨਿਕ । ਪ੍ਰਵਾਸੀਆਂ ਨੇ ਆਪਣੀ ਮਿਹਨਤ ਨਾਲ ਪੰਜਾਬ ਦੀ ਅਰਥ ਵਿਵਸਥਾ ਵਿੱਚ ਯੋਗਦਾਨ ਦਿੱਤਾ ਹੈ। ਖੇਤੀਬਾੜੀ ਵਰਗੇ ਸੈਕਟਰ ਇਨ੍ਹਾਂ ਮਜ਼ਦੂਰਾਂ ’ਤੇ ਕਾਫ਼ੀ ਹੱਦ ਤੱਕ ਨਿਰਭਰ ਹਨ । ਇਸ ਲਈ ਇਕ ਠੋਸ ਤੇ ਸੰਤੁਲਿਤ ਨੀਤੀ ਦੀ ਲੋੜ ਹੈ, ਨਾ ਕਿ ਜ਼ਬਰਦਸਤੀ ਕਾਰਵਾਈ ਦੀ।

ਸਭ ਤੋਂ ਵੱਡਾ ਚਿੰਤਾ ਦਾ ਵਿਸ਼ਾ ਇਹ ਹੈ ਕਿ ਬਾਹਰੀ ਪ੍ਰਵਾਸੀ ਪੰਜਾਬ ਅੰਦਰ ਜ਼ਮੀਨ-ਜਾਇਦਾਦ ਖਰੀਦ ਕੇ ਸਥਾਈ ਤੌਰ ’ਤੇ ਵਸਣ ਲੱਗਦੇ ਹਨ। ਜੇਕਰ ਇਹ ਰੁਝਾਨ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬੀ ਕਿਸਾਨ ਆਪਣੀ ਧਰਤੀ ਤੋਂ ਹੱਥ ਧੋ ਬੈਠੇਗਾ ਅਤੇ ਪੰਜਾਬੀਅਤ ਦੀਆਂ ਜੜ੍ਹਾਂ ਹਿੱਲ ਜਾਣਗੀਆਂ। ਇਸ ਲਈ ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪ੍ਰਵਾਸੀਆਂ ਵੱਲੋਂ ਪੰਜਾਬ ਅੰਦਰ ਜ਼ਮੀਨ ਤੇ ਜਾਇਦਾਦ ਦੀ ਖਰੀਦ ’ਤੇ ਕਾਨੂੰਨੀ ਪਾਬੰਦੀ ਲਗਾਏ ।

ਦੂਜਾ ਮਹੱਤਵਪੂਰਨ ਮੁੱਦਾ ਹੈ ਪ੍ਰਵਾਸੀਆਂ ਨੂੰ ਪੰਜਾਬ ਦੇ ਐਡਰੈੱਸ ’ਤੇ ਵੋਟਰ ਕਾਰਡ ਬਣਾਉਣਾ। ਜਦੋਂ ਪ੍ਰਵਾਸੀ ਸਥਾਈ ਵੋਟਰ ਬਣ ਜਾਂਦੇ ਹਨ ਤਾਂ ਰਾਜਨੀਤਕ ਤਾਕਤਾਂ ਇਸ ਗਰੁੱਪ ਨੂੰ ਰਾਜਨੀਤਕ ਮੋਹਰੇ ਵਜੋਂ ਵਰਤਣ ਲੱਗਦੀਆਂ ਹਨ। ਇਸ ਨਾਲ ਸੂਬੇ ਦੀ ਅਸਲ ਜਨਤਾ ਦੇ ਹੱਕ ਖ਼ਤਰੇ ਵਿੱਚ ਪੈ ਜਾਂਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਪ੍ਰਵਾਸੀਆਂ ਦੇ ਆਧਾਰ ਕਾਰਡ ਜਾਂ ਵੋਟਰ ਕਾਰਡ ਪੰਜਾਬ ਦੇ ਪਤੇ ’ਤੇ ਨਾ ਬਣਨ । ਜੇਕਰ ਉਹ ਵੋਟ ਦਾ ਹੱਕ ਵਰਤਣਾ ਚਾਹੁੰਦੇ ਹਨ ਤਾਂ ਆਪਣੇ ਮੂਲ ਰਾਜ ਵਿੱਚ ਹੀ ਇਸ ਅਧਿਕਾਰ ਦਾ ਪ੍ਰਯੋਗ ਕਰਨ ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਪ੍ਰਵਾਸੀ ਵੀ ਮਨੁੱਖ ਹਨ। ਉਨ੍ਹਾਂ ਦੀ ਮਿਹਨਤ ਨਾਲ ਪੰਜਾਬ ਦੇ ਕਈ ਉਦਯੋਗ ਤੇ ਖੇਤੀਬਾੜੀ ਚੱਲ ਰਹੀ ਹੈ। ਇਸ ਲਈ ਹੱਲ ਇਹ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਲਈ ਰਿਹਾਇਸ਼ ਤੇ ਰੁਜ਼ਗਾਰ ਦੀਆਂ ਸੁਵਿਧਾਵਾਂ ਤਿਆਰ ਕੀਤੀਆਂ ਜਾਣ। ਉਨ੍ਹਾਂ ਦੇ ਬੁਨਿਆਦੀ ਅਧਿਕਾਰ ਸੁਰੱਖਿਅਤ ਰਹਿਣ, ਪਰ ਸਥਾਈ ਵਸੋਂ, ਜ਼ਮੀਨ ਖਰੀਦ ਅਤੇ ਵੋਟਿੰਗ ਅਧਿਕਾਰਾਂ ਵਿੱਚ ਸਖ਼ਤ ਪਾਬੰਦੀਆਂ ਲੱਗਣ।

ਪੰਜਾਬ ਦਾ ਭਵਿੱਖ ਸਿਰਫ਼ ਪੰਜਾਬੀਆਂ ਦੇ ਹੱਥਾਂ ਵਿੱਚ ਰਹੇ, ਇਸ ਲਈ ਸਰਕਾਰ ਨੂੰ ਪ੍ਰਵਾਸੀਆਂ ਸੰਬੰਧੀ ਸਾਫ਼ ਤੇ ਸਖ਼ਤ ਨੀਤੀ ਲਿਆਉਣੀ ਪਵੇਗੀ । ਜ਼ਬਰਦਸਤੀ ਕੱਢਣਾ ਨਾ ਤਾ ਸੰਵਿਧਾਨਿਕ ਹੈ ਤੇ ਨਾ ਹੀ ਵਾਜਬ ਪੰਜਾਬੀਅਤ ਨੂੰ ਬਚਾਉਣ ਲਈ ਹੌਸਲੇ ਵਾਲੇ ਫ਼ੈਸਲੇ ਕਰਨੇ ਪੈਣਗੇ। ਇਹ ਸਿਰਫ਼ ਸਿਆਸਤ ਦਾ ਮੁੱਦਾ ਨਹੀਂ, ਸਗੋਂ ਪੰਜਾਬ ਦੀ ਪਛਾਣ, ਭਵਿੱਖ ਅਤੇ ਵਜੂਦ ਨਾਲ ਜੁੜਿਆ ਮੁੱਦਾ ਹੈ।

**# ਸੰਪਰਕ : 98553- 22886**

# ਬਦਲਦਾ ਸਮਾਂ, ਮਾਪੇ ਤੇ ਔਲਾਦ

**ਗੁਰਜਿੰਦਰ ਸਿੰਘ ਸਾਹਦੜਾ**

ਸਮਾਂ ਕਦੀ ਨਹੀਂ ਰੁਕਦਾ, ਨਿਰੰਤਰ ਆਪਣੀ ਤੋਰੇ ਤੁਰਿਆ ਰਹਿੰਦਾ ਏ । ਸਮੇਂ ਤੋਂ ਅਸੀਂ ਕਦੀ ਅੱਗੇ ਨਹੀਂ ਹੋ ਸਕਦੇ । ਹਾਂ, ਕਦੀ-ਕਦੀ ਬਰਾਬਰ ਜ਼ਰੂਰ ਹੋ ਜਾਂਦੇ ਹਾਂ ਤੇ ਕਦੀ ਬਹੁਤ ਪਿੱਛੇ ਵੀ ਰਹਿ ਜਾਂਦੇ ਹਾਂ । ਜੋ ਸਮੇਂ ਦਾ ਹਾਣੀ ਹੋ, ਸਮੇਂ ਦੇ ਵਹਿਣੀਂ ਤੁਰਿਆ ਰਹਿੰਦਾ ਏ, ਉਹ ਚੰਗਾ ਰਹਿੰਦਾ ਏ, ਪਰ ਜੋ ਪਿੱਛੇ ਰਹਿ ਜਾਂਦਾ ਏ, ਉਹ ਵਕਤ ਦੀ ਘੁੰਮਣ-ਘੇਰੀ ’ਚ ਫਸ ਜਾਂਦਾ ਏ ਤੇ ਅੰਤ ਹੱਥ-ਭਲੱਥੇ ਮਾਰਦਾ ਓਥੇ ਕੁ ਹੀ ਡੁੱਬ ਜਾਂਦਾ ਏ । ਪ੍ਰੋਫੈਸਰ ਮੋਹਣ ਸਿੰਘ ਦੀ ਕਵਿਤਾ, ‘ਰਹੀ ਵਾਸਤੇ ਘੱਤ ਸਮੇਂ ਨੇ ਇੱਕ ਨਾ ਮੰਨੀ’ ਵੀ ਇਹੀ ਸੰਦੇਸ਼ ਦਿੰਦੀ ਏ ਕਿ ਸਮੇਂ ਦੀ ਕਦਰ ਕਰੋਗੇ ਤਾਂ ਜ਼ਮਾਨਾ ਤੁਹਾਡੀ ਕਦਰ ਕਰੇਗਾ, ਨਹੀਂ ਤਾਂ ਰੁਲ ਜਾਓਗੇ। ਜੇਕਰ ਸਮੇਂ ਦੀ ਤਬਦੀਲੀ ਦੀ ਗੱਲ ਕਰੀਏ ਤਾਂ ਬਹੁਤ ਚੀਜ਼ਾਂ, ਜੋ ਸਾਡੇ ਦਾਦੇ-ਪੜਦਾਦੇ ਨਹੀਂ ਵੇਖ ਪਾਏ, ਅਸੀਂ ਵੇਖ ਲਈਆਂ ਤੇ ਜੋ ਸਾਡੀ ਆਉਣ ਵਾਲੀ ਪੀੜ੍ਹੀ ਵੇਖੇਗੀ, ਉਹ ਅਸੀਂ ਨਹੀਂ ਵੇਖੀਆਂ ਹੋਣੀਆਂ । ਅੱਜ ਜੇਕਰ ਸਾਡੇ ਪੁਰਵਜ਼ ਵਾਪਸ ਇਸ ਧਰਤੀ ’ਤੇ ਆਉਣ ਤਾਂ ਇਸ ਜ਼ਮਾਨੇ ਦੀ ਚਕਾਚੌਂਧ ਵੇਖ ਕੇ ਆਪਣੀ ਸੁੱਧ-ਬੁੱਧ ਗੁਆ ਬਹਿਣਗੇ ਤੇ ਜੇ ਕਿਧਰੇ ਅਸੀਂ ਉਹਨਾਂ ਦੇ ਸਮਿਆਂ ’ਚ ਚਲੇ ਗਏ ਤਾਂ ਉਹ ਜ਼ਿੰਦਗੀ ਜਿਉਣੀ ਸਾਡੇ ਵਸੋਂ ਬਾਹਰੀ ਗੱਲ ਹੋਵੇਗੀ। ਕਹਿਣ ਦਾ ਮਤਲਬ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਦੇ ਲਈ ਸਮੇਂ ਦੇ ਹਿਸਾਬ ਨਾਲ ਹੋ ਰਹੀ ਤਬਦੀਲੀ ਦੇ ਅਨੁਸਾਰ ਸਾਨੂੰ ਬਦਲਣਾ ਹੀ ਪਵੇਗਾ।

ਕੋਈ ਸਮਾਂ ਸੀ, ਜਦੋਂ ਹੁਣ ਵਾਂਗੂੰ ਖਾਸ ਕਿਸਮ ਦੇ ਉਪਾਅ ਤੇ ਉਪਚਾਰ ਨਹੀਂ ਸੀ ਹੁੰਦੇ। ਜੇਕਰ ਕੁੜੀ ਕਿਸੇ ਮੁੰਡੇ ਨਾਲ ਸਰੀਰਕ ਸੰਬੰਧ ਬਣਾ ਲੈਂਦੀ ਸੀ ਤਾਂ ਅਣ-ਚਾਹੀ ਪ੍ਰੈਗਨੈਂਸੀ ਹੋਣ ਜਾਂ ਅਣਵਿਆਹੀ ਮਾਂ ਬਣਨ ਦਾ ਡਰ ਰਹਿੰਦਾ ਸੀ, ਜਿਸ ਕਾਰਨ ਸ਼ਰੀਕੇ ਭਾਈਚਾਰੇ, ਰਿਸ਼ਤੇਦਾਰੀ ਤੇ ਸਮਾਜ ’ਚ ਟੱਬਰ ਦੀ ਬਹੁਤ ਬਦਨਾਮੀ ਹੁੰਦੀ ਸੀ। ਇਸੇ ਕਰਕੇ ਇਨ੍ਹਾਂ ਅਨੈਤਿਕ ਸੰਬੰਧਾਂ ਨੂੰ ‘ਮੂੰਹ ਕਾਲਾ’ ਤੱਕ ਦਾ ਨਾਂਅ ਦਿੱਤਾ ਗਿਆ ਸੀ । ਪਾਪ ਦਾ ਬੀਜ ਕੁੜੀ ਦੇ ਹਿੱਸੇ ਆਉਂਦਾ ਸੀ ਤੇ ਮੁੰਡੇ ਸਾਫ ਬਰੀ ਹੋ ਨਿਕਲਦੇ ਸਨ। ਇਸੇ ਅਗਾਊਂ ਬਦਨਾਮੀ ਦੇ ਡਰ ਕਰਕੇ ਬੇਲੋੜਾ ਬੋਝ ਸਮਝਦੇ ਹੋਏ ਕਈ ਵਾਰ ਕੁੜੀਆਂ ਨੂੰ ਜੰਮਣ ਵੇਲੇ ਈ ਮਾਰ ਦਿੱਤਾ ਜਾਂਦਾ ਸੀ । ਖ਼ੁਸ਼ਕਿਸਮਤੀ ਨਾਲ ਬਚਣ ਵਾਲੀਆਂ ਨੂੰ ਪਰਦੇ ਤੇ ਘਰ ਦੀ ਚਾਰਦੀਵਾਰੀ ’ਚ ਲੁਕੋ-ਲੁਕੋ ਰੱਖਿਆ ਜਾਂਦਾ ਸੀ । ਅੱਵਲ ਤੇ ਪੜ੍ਹਾਇਆ ਈ ਨੀ ਸੀ ਜਾਂਦਾ ਤੇ ਜਿਹੜੀਆਂ ਪੜ੍ਹਦੀਆਂ ਸਨ, ਉਨ੍ਹਾਂ ਦੇ ਸਕੂਲ-ਕਾਲਜ ਮੁੰਡਿਆਂ ਤੋਂ ਅਲੱਗ ਹੁੰਦੇ ਸਨ ।

ਅਸਲ ’ਚ ਸਾਡਾ ਸਮਾਜ ਮਰਦ ਪ੍ਰਧਾਨ ਹੋਣ ਕਰਕੇ ਬੰਦਾ ਸੌ ਕੁਕਰਮ ਕਰਕੇ ਵੀ ਦੁੱਧ ਧੋਤਾ ਤੇ ਸਾਊ ਮੰਨ ਲਿਆ ਜਾਂਦਾ ਏ, ਜਦਕਿ ਔਰਤ ਸਿਰਫ ਸ਼ੱਕ ਦੀ ਵਜ੍ਹਾ ’ਚ ਵੀ ਨਪੀੜੀ ਜਾਂਦੀ ਏ। ਪਿਓ ਦੀ ਪੱਗ ਤੇ ਘਰ ਦੀ ਇੱਜ਼ਤ ਦਾ ਸਾਰਾ ਦਾਰੋਮਦਾਰ ਉਹਦੇ ਮੋਢਿਆਂ ’ਤੇ ਧਰ ਦਿੱਤਾ ਜਾਂਦਾ ਏ। ਰਮਾਇਣ ਅਨੁਸਾਰ ਵੀ ਸਿਰਫ ਇੱਕ ਧੋਬਣ ਦੇ ਸ਼ੱਕ ਕਾਰਨ ਹੀ ਸੱਚੀ-ਸੁੱਚੀ ਹੋਣ ਤੋਂ ਬਾਅਦ ਵੀ ਸੀਤਾ ਨੂੰ ਅਗਨੀ ਪ੍ਰੀਖਿਆ ਦੇਣੀ ਪੈ ਗਈ ਸੀ। ਕਿਸੇ ਵੀ ਧਰਮ ਨੇ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਨਹੀਂ ਦਿੱਤਾ। ਜੇ ਗੁਰੂ ਪੀਰ, ਰਾਜੇ-ਮਹਾਰਾਜੇ ਇਸ ਸਭ ਤੋਂ ਨਹੀਂ ਬਚ ਪਾਏ ਤਾਂ ਅਸੀਂ, ਤੁਸੀਂ ਤਾਂ ਚੀਜ਼ ਹੀ ਕੀ ਹਾਂ ।

ਹੁਣ ਜ਼ਮਾਨਾ ਬਦਲ ਗਿਆ ਏ। ਦੁਨੀਆ ਅਗਾਂਹਵਧੂ ਹੋ ਗਈ ਏ । ਤਕਰੀਬਨ ਸਾਰੇ ਸਕੂਲ, ਕਾਲਜ ਹੀ ਕੋ-ਐਜੂਕੇਸ਼ਨ ਵਾਲੇ ਹੋ ਗਏ ਨੇ। ਜਿੱਥੇ ਕੁੜੀਆਂ-ਮੁੰਡੇ ਇਕੱਠੇ ਬੈਠਦੇ, ਪੜ੍ਹਦੇ, ਘੁੰਮਦੇ ਤੇ ਆਪਸ ’ਚ ਗੱਲਾਂਬਾਤਾਂ, ਵਿਚਾਰ-ਵਟਾਂਦਰਾ ਕਰਦੇ ਨੇ। ਉਨ੍ਹਾਂ ਨੂੰ ਆਪਣੀ ਪਸੰਦ ਦਾ ਜੀਵਨ ਸਾਥੀ ਚੁਣਨ ਦੀ ਖੁੱਲ ਮਿਲਣ ਲੱਗੀ ਹੈ । ਤਲਾਕ ਤੇ ਮੁੜ ਵਿਆਹ ਆਮ ਜਿਹੀ ਗੱਲ ਹੋ ਗਈ ਏ। ਮੋਬਾਇਲਾਂ ਨੇ ਇਹ ਕੰਮ ਹੋਰ ਵੀ ਸੌਖਾ ਕਰ ਦਿੱਤਾ ਏ। ਉਹ ਸਮਾਂ ਗਿਆ, ਜਦੋਂ ਇਸ਼ਕ ਵਿਚੋਲਿਆਂ ਜਾਂ ਪ੍ਰੇਮ-ਪੱਤਰਾਂ ਰਾਹੀਂ ਹੁੰਦਾ ਸੀ । ਕਈ-ਕਈ ਦਿਨ ਲਿਖੇ ਲੈਟਰ (ਪੱਤਰ) ਕੋਲ ਪਏ ਰਹਿਣੇ, ਫੜਾਉਣ ਦਾ ਸੂਤ ਨਾ ਲੱਗਣਾ ਜਾਂ ਕਹਿ ਲਓ ਮੌਕਾ ਨਾ ਮਿਲਣਾ ਤੇ ਫਿਰ ਜਵਾਬ ਆਉਣ ’ਚ ਕਈ-ਕਈ ਦਿਨ ਲੱਗ ਜਾਣੇ। ਮੁੜ ਥੋੜ੍ਹੇ ਕੀਤੇ ਇਕਾਂਤ ’ਚ ਮਿਲਣ ਦਾ ਸੂਤ ਨਾ ਲੱਗਣਾ, ਪਰ ਹੁਣ ਤਾਂ ਸੋਸ਼ਲ ਸਾਈਟਾਂ ਨੇ ਆਸ਼ਕੀ ਵਾਲਾ ਸਿਰਾ ਈ ਲਾ ਦਿੱਤਾ ਏ ।

ਜਿਵੇਂ ਕਹਿੰਦੇ ਆ ਸਭ ਪੈਸੇ ਨੂੰ ਸਲਾਮਾਂ । ਕਦੀ-ਕਦੀ ਤਾਂ ਐਂ ਲਗਦਾ ਏ ਕਿ ਜਾਤ-ਪਾਤ ਤੇ ਧਰਮ ਦੀ ਤਰ੍ਹਾਂ ਇਹ ‘ਇੱਜ਼ਤ ਵਾਲੀ ਪੋਟਲੀ’ ਸੰਭਾਲਣ ਤੇ ਸਾਂਭਣ ਦੀ ਜ਼ੁੰਮੇਵਾਰੀ ਵੀ ਸਿਰਫ ਤੇ ਸਿਰਫ ਗਰੀਬਾਂ ਤੇ ਹੇਠਲੇ ਤਬਕੇ ਦੇ ਹਿੱਸੇ ਈ ਆਈ ਏ । ਵੱਡੇ-ਵੱਡੇ ਲੀਡਰਾਂ, ਰਾਜ ਨੇਤਾਵਾਂ ਜਾਂ ਫਿਲਮੀ ਕਲਾਕਾਰਾਂ ਦੀ ਦੁਨੀਆ ਦਾ ਇਸ ਸਭ ਨਾਲ ਕੋਈ ਵਾਹ-ਵਾਸਤਾ ਜਾਂ ਮਤਲਬ ਨਹੀਂ । ਉਨ੍ਹਾਂ ਦੇ ਧੀ-ਪੁੱਤ ਮਨਮਰਜ਼ੀ ਨਾਲ ਵਿਆਹ ਕਰਾਉਂਦੇ, ਜਿੱਥੇ ਜਿਹਦਾ ਦਿਲ ਕਰਦਾ ਤੁਰੇ ਫਿਰਦੇ, ਕੋਈ ਨ੍ਹੀਂ ਪੁੱਛਦਾ । ਬਾਕੀ ਸਾਡੇ ਲੋਕਾਂ ਦਾ ਤਾਂ ਕੰਮ ਈ ਏ, ਮਾੜੇ ਦੀ ਕੁੜੀ ਕੰਮ ’ਤੇ ਗਈ ਨੂੰ ਵੀ ਕਹਿ ਦਿੰਦੇ ਕਿ ਕਿਤੇ ਉੱਧਲ ਗਈ ਏ ਤੇ ਤਕੜੇ ਦੀ ਨਿਕਲ ਗਈ ਨੂੰ ਵੀ ਇਹੀ ਕਿਹਾ ਜਾਂਦਾ ਕਿ ਵਾਂਡੇ ਗਈ ਹੋਈ ਏ।

ਸੋ ਲੋਕੋ, ਜੇ ਜ਼ਮਾਨਾ ਬਦਲਿਆ ਏ ਤਾਂ ਥੋੜ੍ਹਾ ਆਪਣੇ ਆਪ ਨੂੰ ਵੀ ਬਦਲੋ। ਵੱਡੇ ਲੋਕ ਬਦਲ ਗਏ ਨੇ ਤਾਂ ਤੁਸੀਂ ਛੋਟਿਆਂ ਨੇ ਸਮਾਜ ਦਾ ਠੇਕਾ ਲੈ ਰੱਖਿਆ ਏ ? ਜੇ ਧੀ-ਪੁੱਤ ਮਰਜ਼ੀ ਦਾ ਸਾਥੀ ਚੁਣਨਾ ਚਾਹੰਦੇ ਨੇ ਤਾਂ ਸਮੇਂ ਦਾ ਭਾਣਾ ਮੰਨਦੇ ਹੋਏ ਉਨ੍ਹਾਂ ਨੂੰ ਇਜਾਜ਼ਤ ਦੇਣ ’ਚ ਕੋਈ ਹਰਜ ਨਹੀਂ । ਆਖਰ ਜ਼ਿੰਦਗੀ ਤਾਂ ਉਨ੍ਹਾਂ ਨੇ ਹੀ ਗੁਜ਼ਾਰਨੀ ਹੈ, ਬਸ਼ਰਤੇ ਕਿ ਉਨ੍ਹਾਂ ਦੀ ਪਸੰਦ ਵਾਜਬ ਤੇ ਯੋਗ ਹੋਵੇ, ਪਰ ਜੇਕਰ ਉਹ ਗਲਤੀ ਕਰ ਰਹੇ ਨੇ ਤਾਂ ਬਜਾਏ ਗੁੱਸੇ, ਧੱਕੇ ਜਾਂ ਕਿਸੇ ਕਿਸਮ ਦੀ ਜ਼ੋਰ-ਅਜ਼ਮਾਈ ਦੇ, ਉਨ੍ਹਾਂ ਨੂੰ ਪਿਆਰ ਤੇ ਤਰਕ ਨਾਲ ਸਮਝਾਓ। ਜੇਕਰ ਫਿਰ ਵੀ ਬੱਚਾ ਗਲਤੀ ਕਰਦਾ ਏ ਤਾਂ ਕਿਤੇ ਨਾ ਕਿਤੇ ਤੁਹਾਡੀ ਕੁਤਾਹੀ ਜਾਂ ਲਾਪਰਵਾਹੀ ਦਾ ਹੀ ਨਤੀਜਾ ਹੋਵੇਗਾ । ਬੇਸ਼ੱਕ ਤੋਂ ਨਾਤਾ ਤੋੜ ਲਓ, ਪਰ ਜਾਨੋਂ ਨਾ ਮਾਰੋ, ਉਨ੍ਹਾਂ ਨੂੰ ਉਨ੍ਹਾਂ ਦੇ ਹਾਲ ’ਤੇ ਛੱਡ ਦਿਓ । ਇਸ ਤੋਂ ਪਹਿਲਾਂ ਮਾਂ-ਬਾਪ ਦਾ ਫਰਜ਼ ਬਣਦਾ ਏ ਕਿ ਔਲਾਦ ਨੂੰ ਸਮਾਂ ਦਿੰਦੇ ਹੋਏ ਚੰਗੇ-ਮਾੜੇ ਦਾ ਅਹਿਸਾਸ ਕਰਾਇਆ ਜਾਵੇ ਤੇ ਵਧੀਆ ਢੰਗ ਨਾਲ ਉਸ ਦਾ ਪਾਲਣ-ਪੋਸ਼ਣ ਕਰਿਆ ਜਾਵੇ। ਦੂਜੀ ਗੱਲ ਮਾਂ-ਬਾਪ ਦਾ ਹੱਕ ਵੀ ਬਣਦਾ ਏ ਕਿ ਜੇ ਬੱਚਾ ਪਿਆਰ ਨਾਲ ਨਹੀਂ ਮੰਨਦਾ ਤਾਂ ਉਸ ਨੂੰ ਦਬਕਣ ਤੇ ਘੂਰਨ ’ਚ ਵੀ ਕੋਈ ਹਰਜ ਨਹੀਂ । ਨਾਲ ਹੀ ਬੱਚਿਆਂ ਦਾ ਵੀ ਫਰਜ਼ ਏ ਕਿ ਆਗਿਆਕਾਰੀ ਬਣਨ ਤੇ ਮਾਂ-ਬਾਪ ਦੀਆਂ ਉਮੀਦਾਂ ’ਤੇ ਖਰਾ ਉੱਤਰਿਆ ਜਾਵੇ ।

ਸਮਾਂ ਬਹੁਤ ਖਰਾਬ ਚੱਲ ਰਿਹਾ ਏ, ਇਸ ਤੋਂ ਪਹਿਲਾਂ ਕਿ ਬੁਰੇ ਅਨਸਰ ਤੁਹਾਡੀ ਔਲਾਦ ਦੀ ਜ਼ਿੰਦਗੀ ’ਚ ਸ਼ਾਮਲ ਹੋਣ ਤੇ ਉਨ੍ਹਾਂ ਦੇ ਦੋਸਤ ਬਣ ਜਾਣ, ਤੁਸੀਂ ਖ਼ੁਦ ਉਨ੍ਹਾਂ ਦੇ ਦੋਸਤ ਬਣ ਜਾਓ ਤੇ ਆਪਣੀ ਦੋਸਤੀ ਨੂੰ ਏਨੀ ਕੁ ਗਹਿਰੀ ਕਰ ਲਓ ਕਿ ਤੁਹਾਡੇ ਬੱਚੇ ਬਿਨਾਂ ਕਿਸੇ ਡਰ, ਭੈਅ ਜਾਂ ਬੇਚੈਨੀ ਤੋਂ ਆਪਣੇ ਦਿਲ ਦੀ ਗੱਲ ਤੁਹਾਡੇ ਨਾਲ ਸਾਂਝੀ ਕਰ ਸਕਣ । ਇਸ ਬਦਲਦੇ ਸਮੇਂ ਨੇ ਭਾਵੇਂ ਅਣਚਾਹੀ ਪ੍ਰੈਗਨੈਂਸੀ ਤੇ ਤਾਂ ਰੋਕ ਲਾ ਦਿੱਤੀ ਏ ਪਰ ਸੋ ਸਮੇਂ-ਸਮੇਂ ’ਤੇ ਬੱਚਿਆਂ ਨੂੰ ਅਜਿਹੇ ਖਤਰਿਆਂ ਬਾਰੇ ਜਾਗਰੂਕ ਕਰਦੇ ਰਹੋ। ਨਾਲ ਹੀ ਧੀਆਂ ਨੂੰ ਵੀ ਪੁੱਤਾਂ ਦੇ ਬਰਾਬਰ ਦਾ ਦਰਜਾ ਦਿੰਦੇ ਹੋਏ ਬਰਾਬਰ ਦਾ ਇੱਜ਼ਤ-ਮਾਣ ਤੇ ਸਤਿਕਾਰ ਦੇਵੋ ਤੇ ਉਨ੍ਹਾਂ ਨਾਲ ਵੀ ਪੁੱਤਾਂ ਜਿਹਾ ਹੀ ਵਿਹਾਰ ਕਰੋ ।

**# ਸੰਪਰਕ : 98153-02341**

# ਕਾਲਜ ਦੀ ਬਿਲਡਿੰਗ ਤੋਂ ਕਬਜ਼ਾ ਨਾ ਹਟਾਇਆ ਤਾਂ ਸੰਘਰਸ਼ ਤਿੱਖਾ ਕਰਾਂਗੇ : ਸੰਜਨਾ, ਸਟਾਲਿਨ

## ਸਿੱਖਿਆ ਕ੍ਰਾਂਤੀ ਦੇ ਨਾਅਰੇ ਹੇਠ ਸਿੱਖਿਆ ਖੋਹਣ ਦਾ ਕੰਮ ਕੀਤਾ ਜਾ ਰਿਹੈ : ਧਰਮੂ ਵਾਲਾ




**ਜਲਾਲਾਬਾਦ (ਰਣਬੀਰ ਕੌਰ ਢਾਬਾਂ)**

ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਜਲਾਲਾਬਾਦ ਸਰਕਾਰੀ ਲੜਕੀਆਂ ਦੇ ਕਾਲਜ ਵਿਖੇ ਮੀਟਿੰਗ ਕੀਤੀ ਗਈ।ਮੀਟਿੰਗ ਉਪਰੰਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂ ਵਾਲਾ, ਲੜਕੀਆਂ ਦੇ ਸੂਬਾ ਕੋ-ਕਨਵੀਨਰ ਸੰਜਨਾ ਢਾਬਾਂ ਨੇ ਕਿਹਾ ਕਿ ਸਰਕਾਰੀ ਕਾਲਜ (ਲੜਕੀਆਂ) ਦੀ ਜਗ੍ਹਾ ਤੇ ਬਿਲਡਿੰਗ 'ਤੇ ਕਰਵਾਏ ਜਾ ਰਹੇ ਨਜਾਇਜ਼ ਕਬਜ਼ਿਆਂ ਨੂੰ ਛਡਵਾਉਣ ਲਈ ਇੱਕ ਲਿਖਤੀ ਮੰਗ ਪੱਤਰ ਐੱਸ ਡੀ ਐੱਮ ਜਲਾਲਾਬਾਦ ਨੂੰ ਦਿੱਤਾ ਗਿਆ ਸੀ।ਪ੍ਰਸ਼ਾਸਨ ਵੱਲੋਂ ਕਾਲਜ ਦੀ ਬਿਲਡਿੰਗ ਨੂੰ ਖਾਲੀ ਕਰਵਾਉਣ ਲਈ ਅਜੇ ਤੱਕ ਕੋਈ ਵੀ ਕਦਮ ਨਹੀਂ ਪੁੱਟਿਆ ਜਾ ਰਿਹਾ।ਆਗੂਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਲੜਕੀਆਂ ਲਈ ਬਣੇ ਇੱਕੋ ਇੱਕ ਸਰਕਾਰੀ ਕਾਲਜ ਜਲਾਲਾਬਾਦ (ਲੜਕੀਆਂ) ਦੀ ਜਗ੍ਹਾ 'ਤੇ ਪਿਛਲੇ ਸਮੇਂ ਤੋਂ ਲਗਾਤਾਰ ਨਜਾਇਜ਼ ਕਬਜ਼ੇ ਕਰਵਾਏ ਜਾ ਰਹੇ ਹਨ, ਜਿਸ ਨਾਲ ਕਾਲਜ ਦੀ ਬਿਲਡਿੰਗ 'ਚ ਹੋਰ ਵਿਭਾਗ ਕੰਮ ਕਰ ਰਹੇ ਹਨ।ਸਰਕਾਰੀ ਕਾਲਜ ਦੇ ਕਮਰਿਆਂ ਤੇ ਬਾਕੀ ਬਿਲਡਿੰਗ 'ਤੇ ਹੋ ਰਹੇ ਇਨ੍ਹਾਂ ਕਬਜ਼ਿਆਂ ਕਾਰਨ ਇੱਥੇ ਪੜ੍ਹਨ ਵਾਲੀਆਂ ਵਿਦਿਆਰਥਣਾਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ। ਵਿਦਿਆਰਥੀ ਆਗੂਆਂ ਨੇ ਦੋਸ਼ ਲਾਉਂਦਿਆਂ ਕਿਹਾ ਕਿ ਕਾਲਜ ਦੇ ਅੰਦਰੋਂ ਇੱਕ ਰਸਤਾ ਕੱਢਣ ਲਈ ਵੀ ਪੱਤਰ ਜਾਰੀ ਕੀਤਾ ਗਿਆ ਹੈ, ਜੋ ਕਿ ਸਰਾਸਰ ਕਾਲਜ ਦੀ ਬਿਲਡਿੰਗ ਤੇ ਉਸ ਦੀ ਜਗ੍ਹਾ ਨਾਲ ਧੱਕਾ ਹੈ, ਜਿਸ ਕਾਰਨ ਕਾਲਜ 'ਤੇ ਹੌਲੀ ਹੌਲੀ ਸਾਰਾ ਕਬਜ਼ਾ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।ਇਸ ਤਰੀਕੇ ਨਾਲ ਕਾਲਜ ਦੀ ਬਿਲਡਿੰਗ 'ਤੇ ਕਬਜ਼ਾ ਕਰਾਉਣਾ ਸਰਕਾਰ ਦੇ ਸਿੱਖਿਆ ਕ੍ਰਾਂਤੀ ਨਾਅਰੇ ਦੇ ਨਾਂ ਹੇਠ ਸਿੱਖਿਆ ਖੋਹਣ ਦਾ ਕੰਮ ਕੀਤਾ ਜਾ ਰਿਹਾ ਹੈ।ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਸਕੱਤਰ ਸਟਾਲਿਨ ਲਮੋਚੜ ਨੇ ਕਿਹਾ ਕਿ ਇਸ ਕਾਲਜ ਵਿੱਚ ਆਰਜ਼ੀ ਤੌਰ 'ਤੇ ਚੱਲ ਰਹੇ ਵਿਭਾਗਾਂ ਨੂੰ ਉਨ੍ਹਾਂ ਦੀ ਬਣਦੀ ਯੋਗ ਜਗ੍ਹਾ 'ਤੇ ਤਬਦੀਲ ਕਰਕੇ ਉੱਥੇ ਚਲਾਇਆ ਜਾਵੇ, ਤਾਂ ਕਿ ਵਿਦਿਆਰਥਣਾਂ ਦੀ ਪੜ੍ਹਾਈ ਦਾ ਨੁਕਸਾਨ ਵੀ ਨਾ ਹੋਵੇ ਤੇ ਆਮ ਲੋਕ ਵੀ ਖੱਜਲ ਖੁਆਰ ਨਾ ਹੋਣ।ਸਰਕਾਰੀ ਕਾਲਜ ਦੀ ਬਿਲਡਿੰਗ ਨੂੰ ਕਿਸੇ ਹੋਰ ਕੰਮ ਲਈ ਨਾ ਵਰਤਿਆ ਜਾਵੇ। ਆਗੂਆਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਛੇਤੀ ਬਿਲਡਿੰਗ ਨੂੰ ਖਾਲੀ ਨਹੀਂ ਕੀਤਾ ਜਾਂਦਾ ਤਾਂ ਵਿਦਿਆਰਥੀ ਜਥੇਬੰਦੀ ਏਆਈਐੱਸਐੱਫ ਵੱਲੋਂ ਬਹੁਤ ਜਲਦ ਤਿੱਖਾ ਸੰਘਰਸ਼ ਕੀਤਾ ਜਾਵੇਗਾ, ਜਿਸ ਵਿੱਚ ਇਕੱਲੇ ਜਲਾਲਾਬਾਦ ਕਾਲਜ ਦੀਆਂ ਲੜਕੀਆਂ ਵਿਦਿਆਰਥਣਾਂ ਹੀ ਨਹੀਂ ਸ਼ਾਮਲ ਹੋਣਗੀਆਂ, ਸਗੋਂ ਪੂਰੇ ਜ਼ਿਲ੍ਹੇ ਦੇ ਸਕੂਲਾਂ, ਕਾਲਜਾਂ ਦੇ ਵਿਦਿਆਰਥੀ ਸੰਘਰਸ਼ 'ਚ ਸ਼ਾਮਲ ਹੋਣਗੇ।ਇਸ ਮੌਕੇ ਕਾਲਜ ਵਿੱਚ ਮੀਟਿੰਗ ਕਰਕੇ ਏ.ਆਈ.ਐੱਸ.ਐੱਫ. ਲੜਕੀਆਂ ਦਾ ਨਵਾਂ ਯੂਨਿਟ ਸਥਾਪਤ ਕੀਤਾ ਗਿਆ, ਜਿਸ ਵਿੱਚ ਪੂਨਮ ਰਾਣੀ ਨੂੰ ਪ੍ਰਧਾਨ, ਅਮਨਜੀਤ ਕੌਰ ਸਕੱਤਰ, ਕ੍ਰਮਵਾਰ ਮੀਤ ਪ੍ਰਧਾਨ ਨੀਸ਼ਾ ਰਾਣੀ, ਨਵਜੀਤ ਕੌਰ ਤੇ ਰਿੰਪਲ ਕੰਬੋਜ, ਮੀਤ ਸਕੱਤਰ ਨਿਰਮਲਾ ਰਾਣੀ, ਸਿਮਰਨ ਕੌਰ, ਮੋਨਕਾ ਰਾਣੀ ਤੇ ਖਜ਼ਾਨਚੀ ਰੇਨੁਕਾ ਰਾਣੀ ਨੂੰ ਚੁਣਿਆ ਗਿਆ।

## ਫੂਡ ਸੇਫ਼ਟੀ ਅਧਿਕਾਰੀਆਂ ਵੱਲੋਂ ਮਠਿਆਈਆਂ ਦੀਆਂ ਦੁਕਾਨਾਂ ਦੀ ਚੈਕਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਤਿਉਹਾਰਾਂ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਸਿਵਲ ਸਰਜਨ ਡਾ. ਰਾਜਵਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਡਾ. ਅਮਰਵੀਰ ਸਿੰਘ ਸਿੱਧੂ ਡੈਜੀਗਨੇਟਿਡ ਅਫਸਰ ਫੂਡ ਸੇਫਟੀ ਤੇ ਡਾ. ਸਰਬਜੀਤ ਕੌਰ ਫੂਡ ਸੇਫਟੀ ਅਫਸਰ ਵੱਲੋਂ ਬੀਤੇ ਦਿਨੀਂ ਫਿਰੋਜ਼ਪੁਰ ਸ਼ਹਿਰ ਤੇ ਛਾਉਣੀ ਵਿਖੇ ਮਠਿਆਈਆਂ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਹਲਵਾਈਆਂ ਨੂੰ ਸਾਫ ਸਫਾਈ ਦਾ ਖਾਸ ਪ੍ਰਬੰਧ ਕਰਨ ਦੀ ਹਦਾਇਤ ਕੀਤੀ ਗਈ ਤੇ ਮਟੀਰੀਅਲ ਗੁਣਵੱਤਾ ਭਰਪੂਰ ਵਰਤਣ ਦੇ ਦਿਸ਼ਾ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਹਲਵਾਈਆਂ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਸਾਫ ਸਫਾਈ, ਸਾਫ ਕੱਪੜੇ, ਦਸਤਾਨੇ, ਟੋਪੀ ਆਦਿ ਵਰਤਣ ਦੀ ਤਾੜਨਾ ਕੀਤੀ। ਇਸ ਦੌਰਾਨ ਹਲਵਾਈ ਦੁਕਾਨਦਾਰਾਂ ਦੇ ਲਾਇਸੰਸ/ਰਜਿਸਟਰੇਸ਼ਨ ਦੀ ਚੈਕਿੰਗ ਕੀਤੀ ਗਈ ਤੇ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਲਾਕਾ ਨਿਵਾਸੀਆਂ ਨੂੰ ਮਿਆਰੀ ਤੇ ਗੁਣਵੱਤਾ ਭਰਪੂਰ ਮਠਿਆਈਆਂ ਵੇਚਣ ਲਈ ਹਲਵਾਈਆਂ ਨੂੰ ਹਦਾਇਤ ਕੀਤੀ ਗਈ। ਉਨ੍ਹਾਂ ਦੁਕਾਨਦਾਰਾਂ ਨੂੰ ਕਿਹਾ ਕਿ ਫੂਡ ਸੇਫਟੀ ਸਟੈਂਡਰਡ ਐਕਟ 2006 ਦੇ ਤਹਿਤ ਫੂਡ ਲਾਇਸੰਸ ਲਿਆ ਜਾਵੇ ਤੇ ਬਿੱਲ ਬੁੱਕ ਤੇ ਲਾਇਸੰਸ/ਰਜਿਸਟ੍ਰੇਸ਼ਨ ਨੰਬਰ ਜ਼ਰੂਰ ਲਿਖਿਆ ਜਾਵੇ ਅਤੇ ਮਠਿਆਈਆਂ ਵਿੱਚ ਉੱਚ ਕੁਆਲਟੀ ਦੇ ਮਨਜ਼ੂਰਸ਼ੁਦਾ ਰੰਗਾਂ ਦੀ ਹੀ ਵਰਤੋਂ ਕੀਤੀ ਜਾਵੇ। ਮੁਨੱਖੀ ਖਪਤ ਵਾਲੇ ਪਦਾਰਥਾਂ ਦੀ ਸ਼ੁਧਤਾ ਨੂੰ ਜਾਣਨ ਲਈ ਫਿਰੋਜ਼ਪੁਰ ਸ਼ਹਿਰ ਤੇ ਛਾਉਣੀ ਵਿਖੇ ਅਲੱਗ-ਅਲੱਗ ਸਥਾਨਾਂ ਤੋਂ 11 ਸੈਂਪਲ ਭਰੇ ਗਏ ਅਤੇ ਦੁਕਾਨਾਂ ਦੀਆਂ ਇੰਨਸਪੈਕਸ਼ਨਾਂ ਕੀਤੀਆਂ ਗਈਆਂ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਮਿਲਾਵਟ ਕਰਨ ਵਾਲੇ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਫੂਡ ਸੇਫਟੀ ਸਟੈਂਡਰਡ ਐਕਟ 2006 ਨੂੰ ਸਖਤੀ ਨਾਲ ਲਾਗੂ ਕੀਤਾ ਜਵੇਗਾ।

# ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਕਿਸਾਨਾਂ ਵੱਲੋਂ ਡੀ ਸੀ ਦਫਤਰ ਵਿਖੇ ਰੋਸ ਧਰਨਾ

**ਬਠਿੰਡਾ (ਪਰਵਿੰਦਰ ਜੀਤ ਸਿੰਘ)**



ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ ਡਿਪਟੀ ਕਮਿਸ਼ਨਰ ਦਫਤਰ ਵਿਖੇ ਕਿਸਾਨਾਂ ਵੱਲੋਂ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ।ਇਸ ਧਰਨੇ ਵਿੱਚ ਪੰਜਾਬ ਤੇ ਕੇਂਦਰ ਸਰਕਾਰ ਦੇ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਗਈ।

ਧਰਨੇ ਨੂੰ ਸੰਬੋਧਨ ਕਰਦਿਆਂ ਬੀ ਕੇ ਯੂ ਉਗਰਾਹਾਂ ਦੇ ਜ਼ਿਲ੍ਹਾ ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਬਲਕਰਨ ਸਿੰਘ ਬਰਾੜ, ਬੀ ਕੇ ਯੂ ਡਕੌਂਦਾ (ਬੁਰਜ ਗਿੱਲ) ਦੇ ਸੂਬਾ ਮੀਤ ਪ੍ਰਧਾਨ ਬਲਦੇਵ ਸਿੰਘ ਭਾਈ ਰੂਪਾ ਬੀ ਕੇ ਯੂ (ਧਨੇਰ) ਦੇ ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਬੀ ਕੇ ਯੂ ਮਾਨਸਾ ਸੂਬਾ ਜਨਰਲ ਸਕੱਤਰ ਬੇਅੰਤ ਸਿੰਘ ਮਹਿਮਾ ਸਰਜਾ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਵਰਨ ਸਿੰਘ ਪੂਹਲੀ, ਬੀ ਕੇ ਯੂ ਮਾਲਵਾ ਦੇ ਸੂਬਾ ਕਮੇਟੀ ਮੈਂਬਰ ਜਗਜੀਤ ਸਿੰਘ ਕੋਟਸ਼ਮੀਰ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਖਮੰਦਰ ਸਿੰਘ ਧਾਲੀਵਾਲ, ਬੀਕੇਯੂ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਦਾਰਾ ਸਿੰਘ ਮਾਈਸਰ ਖਾਨਾ ਨੇ ਬੋਲਦਿਆਂ ਦੋਸ਼ ਲਾਇਆ ਕਿ ਜੋ ਪਿਛਲੇ ਦਿਨੀਂ ਪੰਜਾਬ ਵਿੱਚ ਹੜ੍ਹ ਆਏ ਹਨ, ਉਹ ਕੁਦਰਤੀ ਕਰੋਪੀ ਨਹੀਂ ਸਗੋਂ ਪੰਜਾਬ ਸਰਕਾਰ, ਕੇਂਦਰ ਸਰਕਾਰ ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਅਣਗਿਹਲੀ ਕਾਰਨ ਡੈਮਾਂ ਨੂੰ ਸਮੇਂ ਤੋਂ ਪਹਿਲਾਂ ਭਰਿਆ ਗਿਆ ਤੇ ਉਸ ਤੋਂ ਬਾਅਦ ਵਰਖਾ ਆਉਣ 'ਤੇ ਸਾਰੇ ਡੈਮਾਂ ਤੋਂ ਜ਼ਿਆਦਾ ਪਾਣੀ ਛੱਡ ਕੇ ਲਗਭਗ 5 ਲੱਖ ਏਕੜ ਰਕਬੇ ਨੂੰ ਖੇਤੀ ਤੇ ਘਰਾਂ ਸਮੇਤ ਬਰਬਾਦ ਕਰ ਦਿੱਤਾ। ਬਰਬਾਦੀ ਤੋਂ ਬਾਅਦ ਲੋਕਾਂ ਦੀ ਬਾਂਹ ਫੜਨ ਦੀ ਬਜਾਏ ਪੰਜਾਬ ਤੇ ਕੇਂਦਰ ਸਰਕਾਰ ਰਾਜਨੀਤੀ ਕਰ ਰਹੀਆਂ ਹਨ ਅਤੇ ਇੱਕ ਦੂਜੇ ਉੱਪਰ ਦੋਸ਼ ਲੈ ਰਹੀਆਂ ਹਨ।ਦੂਜੇ ਪਾਸੇ ਝੋਨੇ ਦੀ ਫਸਲ ਮੰਡੀਆਂ ਵਿੱਚ ਆਉਣ ਦੇ ਬਾਵਜੂਦ ਸਰਕਾਰੀ ਖਰੀਦ ਸ਼ੁਰੂ ਨਹੀਂ ਹੋਈ, ਜਿਸ ਕਰਕੇ ਕਿਸਾਨੀ ਨੂੰ ਪ੍ਰਾਈਵੇਟ ਵਪਾਰੀਆਂ ਵੱਲੋਂ ਲੁੱਟਿਆ ਜਾ ਰਿਹਾ ਹੈ।ਪੰਜਾਬ ਸਰਕਾਰ ਦੇ ਅਧਿਕਾਰੀ ਹੜ੍ਹਾਂ ਵਿੱਚ ਬਰਬਾਦ ਹੋਏ ਲੋਕਾਂ ਤੇ ਮੰਡੀਆਂ ਵਿੱਚ ਫਸਲ ਲੈ ਕੇ ਆ ਰਹੇ ਕਿਸਾਨਾਂ ਦੀ ਮਦਦ ਕਰਨ ਦੀ ਬਜਾਏ ਪਰਾਲੀ ਦੇ ਨਾਂ 'ਤੇ ਕਿਸਾਨਾਂ ਉੱਪਰ ਪਰਚੇ ਦਰਜ ਕਰ ਰਹੇ ਹਨ, ਜਿਸ ਨੂੰ ਕਿਸਾਨ ਮੋਰਚਾ ਕਦੇ ਵੀ ਸਹਿਣ ਨਹੀਂ ਕਰੇਗਾ।

ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਹੜ੍ਹਾਂ ਦੌਰਾਨ ਪ੍ਰਬੰਧਕੀ ਕੁਤਾਈਆਂ ਕਰਨ ਵਾਲੇ ਮੁਲਾਜ਼ਮਾਂ ਤੇ ਸਰਕਾਰ ਦੇ ਅਧਿਕਾਰੀਆਂ ਵਿਰੁੱਧ ਸੁਪਰੀਮ ਕੋਰਟ ਦੇ ਸਿਟਿੰਗ ਜੱਜ ਦੀ ਅਗਵਾਈ ਵਿੱਚ ਕਮਿਸ਼ਨ ਬਣਾ ਕੇ ਜਾਂਚ ਕਰਵਾਈ ਜਾਵੇ ਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ।ਪੰਜਾਬ ਵਿੱਚ ਵਾਰ-ਵਾਰ ਆ ਰਹੇ ਹੜ੍ਹਾਂ ਤੋਂ ਨਿਜਾਤ ਪਾਉਣ ਲਈ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਾ ਪ੍ਰਬੰਧ ਪੰਜਾਬ ਸਰਕਾਰ ਹਵਾਲੇ ਕੀਤਾ ਜਾਵੇ।ਡੈਮਾਂ ਤੇ ਦਰਿਆਵਾਂ ਨੂੰ ਚੈਨੇਲਾਈਜ਼ ਕੀਤਾ ਜਾਵੇ।ਕੇਂਦਰ ਸਰਕਾਰ ਪੰਜਾਬ ਅੰਦਰ ਆਏ ਹੜ੍ਹਾਂ ਨੂੰ ਕੌਮੀ ਆਫਤ ਐਲਾਨ ਕਰੇ ਤੇ ਘੱਟੋ ਘੱਟ 25 ਹਜ਼ਾਰ ਕਰੋੜ ਦਾ ਪੈਕਜ ਪੰਜਾਬ ਨੂੰ ਜਾਰੀ ਕੀਤਾ ਜਾਵੇ।ਆਗੂਆਂ ਨੇ ਕਿਹਾ ਕਿ ਡੀਏਪੀ ਖਾਦ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਈ ਜਾਵੇ ਤੇ ਡੀਏਪੀ ਤੇ ਯੂਰੀਆ ਨਾਲ ਦਿੱਤੀਆਂ ਜਾ ਰਹੀਆਂ ਬੇਲੋੜੀਆਂ ਖਾਦਾਂ ਤੇ ਦਵਾਈਆਂ ਕਿਸਾਨਾਂ ਸਿਰ ਜ਼ਬਰਦਸਤੀ ਨਾ ਮੜੀਆਂ ਜਾਣ।ਨੈਸ਼ਨਲ ਗ੍ਰੀਨ ਟ੍ਰਿਬਿਊਨਲ ਅਤੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਝੋਨੇ ਦੀ ਪਰਾਲੀ ਦੇ ਨਿਪਟਾਰੇ ਲਈ ਕਿਸਾਨਾਂ ਨੂੰ 200 ਰੁਪਏ ਪ੍ਰਤੀ ਕੁਇੰਟਲ ਜਾਂ 7000 ਰੁਪੈ ਪ੍ਰਤੀ ਏਕੜ ਦਿੱਤਾ ਜਾਵੇ।ਇਸ ਸਹਾਇਤਾ ਦੀ ਅਣਹੋਂਦ ਕਾਰਨ ਮਜਬੂਰੀ ਵਸ ਪਰਾਲੀ ਨੂੰ ਅੱਗ ਲਾ ਰਹੇ ਕਿਸਾਨਾਂ ਉੱਪਰ ਜਬਰੀ ਕਾਰਵਾਈਆਂ ਕਰਕੇ ਪਰਚੇ ਕੀਤੇ ਜਾਣੇ ਬੰਦ ਕੀਤੇ ਜਾਣ, ਹਲਦੀ ਰੋਗ ਤੇ ਹੋਰ ਬਿਮਾਰੀਆਂ ਕਾਰਨ ਪੰਜਾਬ ਅੰਦਰ ਖਰਾਬ ਹੋਈਆਂ ਫਸਲਾਂ ਫਸਲਾਂ ਲਈ 30 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।ਹੜ੍ਹ ਪੀੜਤ ਕਿਸਾਨਾਂ ਦੇ ਕਰਜ਼ੇ ਦੀਆਂ ਕਿਸ਼ਤਾਂ ਇਕ ਸਾਲ ਅੱਗੇ ਪਾਈਆਂ ਜਾਣ ਤੇ ਇੱਕ ਸਾਲ ਦਾ ਵਿਆਜ ਖਤਮ ਕੀਤਾ ਜਾਵੇ।ਜਿਨ੍ਹਾਂ ਜ਼ਮੀਨਾਂ ਵਿੱਚ ਹੜ੍ਹ ਕਾਰਨ ਰੇਤ ਭਰ ਗਈ ਹੈ ਜਾਂ ਡੂੰਘੇ ਟੋਏ ਪੈ ਗਏ ਹਨ, ਉਸ ਨੂੰ ਸਾਫ ਕਰਨ ਲਈ ਕਿਸਾਨਾਂ ਦੀ ਆਰਥਿਕ ਮਦਦ ਕੀਤੀ ਜਾਵੇ ਤੇ ਫਸਲ ਬੀਜਣ ਲਈ ਬੀਜ ਤੇ ਖਾਦ ਮੁਹੱਈਆ ਕੀਤੀ ਜਾਵੇ।ਇਸ ਸਮੇਂ ਹੋਰਨਾਂ ਤੋਂ ਇਲਾਵਾ ਬੀ ਕੇ ਯੂ ਉਗਰਾਹਾਂ ਦੀ ਸੂਬਾ ਆਗੂ ਹਰਿੰਦਰ ਕੌਰ ਬਿੰਦੂ, ਹਰਵਿੰਦਰ ਸਿੰਘ ਕੋਟਲੀ, ਜਸਵੀਰ ਸਿੰਘ ਆਕਲੀਆ, ਰਾਜ ਮਹਿੰਦਰ ਸਿੰਘ ਕੋਟਭਾਰਾ, ਜਗਸੀਰ ਸਿੰਘ ਝੁੰਬਾ, ਕੁਲਦੀਪ ਸਿੰਘ ਕੋਟਸ਼ਮੀਰ, ਬਲਵਿੰਦਰ ਸਿੰਘ ਗੰਗਾ, ਜਗਜੀਤ ਸਿੰਘ ਘੁੰਮਣ, ਬਖਸ਼ੀਸ਼ ਸਿੰਘ ਖਾਲਸਾ, ਟੂਸੇ ਤੇ ਮੁੜਿਆ ਮਜ਼ਦੂਰ ਆਗੂ ਮੱਖਣ ਸਿੰਘ ਗੁਰੂਸਰ, ਪ੍ਰਕਾਸ਼ ਸਿੰਘ, ਅਮਰਜੀਤ ਸਿੰਘ ਹਨੀ, ਬਲਵਿੰਦਰ ਸਿੰਘ ਸੰਦੋਹਾ ਤੇ ਹੋਰ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਨੇ ਵੀ ਸੰਬੋਧਨ ਕੀਤਾ।

ਕਿਸਾਨ ਮੋਰਚੇ ਦੇ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਪੰਜਾਬ ਸਰਕਾਰ ਨੇ ਕਿਸਾਨਾਂ ਦੀਆਂ ਇਨ੍ਹਾਂ ਮੰਗਾਂ ਵੱਲ ਧਿਆਨ ਨਾ ਕੀਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

## ਕਾਤਰਾਂ

### ਸਰਹੱਦੀ ਖੇਤਾਂ 'ਚੋਂ ਡਰੋਨ ਬਰਾਮਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਹੱਦੀ ਪਿੰਡ ਬਾਰੇ ਕੇ ਦੇ ਖੇਤਾਂ ਵਿਚੋਂ ਇਕ ਡਰੋਨ ਬਰਾਮਦ ਕਰਕੇ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਏਅਰਕਰਾਫਟ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਥਾਣੇਦਾਰ ਪਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਬੱਸ ਅੱਡਾ ਨਵਾਂ ਬਾਰੇ ਕੇ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਕੁਝ ਅਣਪਛਾਤੇ ਵਿਅਕਤੀ ਪਾਕਿਸਤਾਨੀ ਸਮੱਗਲਰਾਂ ਨਾਲ ਮਿਲ ਕੇ ਡਰੋਨ ਰਾਹੀਂ ਹੈਰੋਇਨ ਮੰਗਵਾ ਰਹੇ ਹਨ, ਜੋ ਡਰੋਨ ਤਕਨੀਕੀ ਖਰਾਬੀ ਕਰਕੇ ਪਿੰਡ ਬਾਰੇ ਕੇ ਦੇ ਖੇਤਾਂ ਵਿਚ ਡਿੱਗ ਗਿਆ ਹੈ। ਜਾਂਚਕਰਤਾ ਪਰਮਜੀਤ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਪਿੰਡ ਬਾਰੇਕੇ ਦੇ ਖੇਤਾਂ ਵਿਚ ਸਰਚ ਕੀਤਾ ਤਾਂ ਖੇਤ ਵਿਚੋਂ 1 ਡਰੋਨ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਪੁਲਿਸ ਨੇ ਅਣਪਛਾਤੇ ਵਿਅਕਤੀ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

### ਪੁਲਸ ਦੋਸ਼ੀਆਂ 'ਤੇ ਤੁਰੰਤ ਕਾਰਵਾਈ ਕਰੇ : ਧਰਮਪਾਲ ਨੀਟਾ

**ਭੀਖੀ (ਗੁਰਿੰਦਰ ਸਿੰਘ ਔਲਖ)**-ਸ੍ਰੀ ਮਾਈਸਰ ਖਾਨਾ ਮੰਦਰ ਵਿਖੇ ਜੋ ਸਿਆਸੀ ਜ਼ੋਰ ਦੇ ਸਿਰ 'ਤੇ ਗੁੰਡਾਗਰਦੀ ਕਰਦੇ ਹੋਏ ਕਬਜ਼ਾ ਕਰਨ ਦੀ ਨੀਅਤ ਨਾਲ ਮੰਦਰ ਕਮੇਟੀ ਭਗਤਾਂ ਨੂੰ ਧਮਕਾਉਣ ਤੇ ਮੰਦਰ ਦੀ ਮਰਿਆਦਾ ਭੰਗ ਕਰਨ ਦੀ ਸਖ਼ਤ ਨਿਖੇਧੀ ਕਰਦੇ ਹੋਏ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਜ਼ਿਲ੍ਹਾ ਮੈਂਬਰ ਕਾਮਰੇਡ ਧਰਮਪਾਲ ਨੀਟਾ, ਕਾਮਰੇਡ ਦਿਨੇਸ਼ ਸੋਨੀ, ਐੱਮ ਸੀ ਕਾਮਰੇਡ ਪਰਮਜੀਤ ਕੌਰ ਨੇ ਕਿਹਾ ਕਿ ਪ੍ਰਸ਼ਾਸਨ ਦੋਸ਼ੀਆਂ 'ਤੇ ਤੁਰੰਤ ਪਰਚਾ ਕਰਕੇ ਗਿਰਫ਼ਤਾਰ ਕਰੇ।ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ, ਇੱਥੇ ਨਸ਼ਾ, ਗੁੰਡਾਗਰਦੀ, ਕਤਲ ਸ਼ਰੇਆਮ ਚੱਲ ਰਿਹਾ ਹੈ।ਮਨੀਸ਼ ਸਿਸੋਦੀਆ ਦੇ ਸਾਮ, ਦਾਮ, ਦੰਡ ਦੇ ਬਿਆਨ ਬਾਅਦ ਸਰਕਾਰੀ ਧੱਕੇਸ਼ਾਹੀਆਂ ਵਿੱਚ ਲਾਗਾਤਾਰ ਵਾਧਾ ਹੋ ਰਿਹਾ ਹੈ।ਮਾਇਸਰ ਖਾਨਾ ਮੰਦਰ ਘਟਨਾ ਨੇ ਸਰਕਾਰ ਨੂੰ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ। ਪ੍ਰਸ਼ਾਸਨ ਨੂੰ ਸੰਵੇਦਨਸ਼ੀਲ ਮਾਮਲੇ 'ਤੇ ਤੁਰੰਤ ਹਰਕਤ ਵਿੱਚ ਆ ਕੇ ਕੰਮ ਕਰਨਾ ਬਣਦਾ ਹੈ, ਨਹੀਂ ਤਾਂ ਇਸ ਦਾ ਰੋਸ ਸਰਕਾਰ ਨੂੰ ਮਹਿੰਗਾ ਪਵੇਗਾ।

### ਭਰਜਾਈ ਨਾਲ ਜਬਰ ਜ਼ਨਾਹ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਮਦੋਟ ਵਿਖੇ ਦਿਉਰ ਵੱਲੋਂ ਭਰਜਾਈ ਨਾਲ ਜਬਰ ਜ਼ਨਾਹ ਕਰਨ ਦੇ ਦੋਸ਼ ਵਿੱਚ ਥਾਣਾ ਮਮਦੋਟ ਪੁਲਸ ਨੇ ਉਕਤ ਮੁਲਜ਼ਮ ਖਿਲਾਫ 64, 115 (2), 126 (2) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਹਿਲਾ ਨੇ ਦੱਸਿਆ ਕਿ ਉਸ ਦੇ ਦਿਉਰ ਬਲਵਿੰਦਰ ਸਿੰਘ ਨੇ ਉਸ ਨਾਲ ਬੀਤੀ 2 ਅਕਤੂਬਰ 2025 ਨੂੰ ਜਬਰ ਜ਼ਨਾਹ ਕੀਤਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਨਰੇਗਾ ਮਜ਼ਦੂਰ 14 ਨੂੰ ਡੀ ਸੀ ਦਫ਼ਤਰ ਅੱਗੇ ਦੇਣਗੇ ਧਰਨਾ : ਜਗਸੀਰ ਖੋਸਾ

## ਸਾਫੂਵਾਲਾ ਵਿਖੇ ਨਰੇਗਾ ਮਜ਼ਦੂਰਾਂ ਦੀ ਹੋਈ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਇਥੋਂ ਥੋੜ੍ਹੀ ਦੂਰ ਪਿੰਡ ਸਾਫੂਵਾਲਾ ਵਿਖੇ ਨਰੇਗਾ ਮਜ਼ਦੂਰਾਂ ਨੇ ਗੁਰਬਖਸ਼ ਸਿੰਘ ਤੇ ਮੇਟ ਕੁਲਦੀਪ ਕੌਰ ਦੀ ਅਗਵਾਈ ਵਿੱਚ ਭਰਵੀਂ ਮੀਟਿੰਗ ਕੀਤੀ ਗਈ, ਜਿਸ ਵਿੱਚ ਨਰੇਗਾ ਮਜ਼ਦੂਰਾਂ ਨੂੰ ਪਿਛਲੇ ਸਮੇਂ ਤੋਂ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਵਿਸ਼ੇਸ਼ ਸੱਦੇ 'ਤੇ ਪਹੁੰਚੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਜਗਸੀਰ ਸਿੰਘ ਖੋਸਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸਰਕਾਰਾਂ ਤੇ ਅਫਸਰਸ਼ਾਹੀ ਨਰੇਗਾ ਮਜ਼ਦੂਰਾਂ ਨੂੰ ਲਗਾਤਾਰ ਅਣਦੇਖਿਆਂ ਕਰ ਰਹੇ ਹਨ, ਜਿਸ ਨੂੰ ਕਿ ਨਰੇਗਾ ਮਜ਼ਦੂਰਾਂ ਵੱਲੋਂ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਨਰੇਗਾ ਮਜ਼ਦੂਰਾਂ ਵੱਲੋਂ ਕੰਮ ਦੀ ਮੰਗ ਵੇਲੇ ਅਰਜ਼ੀਆਂ ਦੀਆਂ ਰਸੀਦਾਂ ਲੈਣਾ ਲਾਜ਼ਮੀ ਹੈ, ਜੇਕਰ ਸਾਡੇ ਕੋਲ ਰਸੀਦਾਂ ਹੋਣਗੀਆਂ ਤਾਂ ਹੀ ਅਸੀਂ ਮੰਗ ਮੁਤਾਬਿਕ ਕੰਮ ਜਾਂ ਬੇਰੁਜ਼ਗਾਰੀ ਭੱਤਾ ਲੈਣ ਦੇ ਹੱਕਦਾਰ ਹੋਣਗੇ।ਇਸ ਲਈ ਹੀ ਪਿੰਡਾਂ ਦੇ ਸਰਪੰਚ ਜਾਂ ਨਰੇਗਾ ਪ੍ਰਸ਼ਾਸਨ ਮਜ਼ਦੂਰਾਂ ਨੂੰ ਕੰਮ ਅਰਜ਼ੀਆਂ ਦੀਆਂ ਰਸੀਦਾਂ ਦੇਣ ਤੋਂ ਟਾਲਾ ਵੱਟਿਆ ਜਾਂਦਾ ਹੈ, ਪਰ ਕਾਨੂੰਨ ਅਨੁਸਾਰ ਸਬੰਧਤ ਸਰਪੰਚ ਜਾਂ ਜ਼ਿੰਮੇਵਾਰ ਅਧਿਕਾਰੀ ਰਸੀਦਾਂ ਦੇਣ ਤੋਂ ਇਨਕਾਰ ਨਹੀਂ ਕਰ ਸਕਦੇ।ਉਨ੍ਹਾਂ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਹੱਕਾਂ ਦੀ ਪ੍ਰਾਪਤੀ ਲਈ 14 ਅਕਤੂਬਰ ਨੂੰ ਦਿੱਤੇ ਜਾਣ ਵਾਲੇ ਧਰਨੇ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਡੀ ਸੀ ਦਫ਼ਤਰ ਮੋਗਾ ਪਹੁੰਚਣ।ਮੀਟਿੰਗ ਵਿੱਚ ਨਰੇਗਾ ਵਰਕਰਾਂ ਵੱਲੋਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਨੂੰ ਮਜ਼ਬੂਤ ਕਰਦਿਆਂ ਨਰੇਗਾ ਵਰਕਰਾਂ ਲਈ 100 ਦੀ ਬਜਾਏ 200 ਦਿਨ ਦੀ ਗਰੰਟੀ, ਦਿਹਾੜੀ ਵਧਾ ਕੇ 1000 ਰੁਪਏ ਕਰਨ, ਕੰਮ ਵਾਲੀ ਜਗ੍ਹਾ 'ਤੇ ਮਿਲਣ ਵਾਲੀਆਂ ਸਹੂਲਤਾਂ ਲੈਣ ਲਈ, ਕੰਮ ਵਾਲੀ ਜਗ੍ਹਾ 'ਤੇ ਹਾਦਸਾ ਵਾਪਰਨ 'ਤੇ ਦਿੱਤੀ ਜਾਣ ਵਾਲੀ ਐਕਸ ਗਰੇਸ਼ੀਆ ਗਰਾਂਟ 25 ਹਜ਼ਾਰ ਤੋਂ ਵਧਾਕੇ 5 ਲੱਖ ਕਰਨ ਵਰਗੀਆਂ ਮੰਗਾਂ 'ਤੇ ਲੜਾਈ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ।

# ਬੀ ਕੇ ਯੂ ਕ੍ਰਾਂਤੀਕਾਰੀ ਤੇ ਬੀ ਕੇ ਯੂ ਆਜ਼ਾਦ ਨੇ ਸਾੜੇ ਸਰਕਾਰਾਂ ਦੇ ਪੁਤਲੇ

**ਅਜੀਤਵਾਲ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ ਏਕਤ ਅਜ਼ਾਦ ਦੇ ਸੂਬਾਈ ਆਗੂ ਲਖਵੀਰ ਸਿੰਘ ਜੰਗ ਦੌਧਰ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਅੱਜ ਬਲਾਕ ਕਮੇਟੀਆਂ ਨੇ ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ 'ਤੇ ਅਜਿਤਵਾਲ ਵਿਖੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਤੇ ਭਾਰਤੀ ਕਿਸਾਨ (ਏਕਤਾ) ਆਜ਼ਾਦ ਵੱਲੋਂ ਸਾਂਝੇ ਤੌਰ 'ਤੇ ਪੰਜਾਬ ਤੇ ਕੇਂਦਰ ਸਰਕਾਰ ਦੀ ਅਰਥੀ ਸਾੜ ਕੇ ਜ਼ੋਰਦਾਰ ਨਾਹਰੇਬਾਜ਼ੀ ਕੀਤੀ ਗਈ।ਰੈਲੀ ਨੂੰ ਭਾਰਤੀ ਕਿਸਾਨ ਯੂਨੀਅਨ (ਏਕਤਾ) ਆਜ਼ਾਦ ਦੇ ਸੂਬਾਈ ਆਗੂ ਲਖਵੀਰ ਸਿੰਘ ਜੰਗ ਦੌਧਰ ਅਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਬਲਾਕ ਪ੍ਰਧਾਨ ਸੰਦੀਪ ਸਿੰਘ ਚੂਹੜਚੱਕ, ਕਾਮਰੇਡ ਚਰਨ ਸਿੰਘ ਗਾਲਬ, ਟਹਿਲ ਸਿੰਘ ਝੰਡੇਆਣਾ ਬਲਜਿੰਦਰ ਸਿੰਘ ਕਿਸ਼ਨਪੁਰ ਆਦਿ ਨੇ ਸੰਬੋਧਨ ਕੀਤਾ।ਆਗੂਆਂ ਨੇ ਕਿਹਾ ਕਿ ਸਰਕਾਰਾਂ ਵੱਲੋਂ ਲਿਆਂਦੇ ਗਏ ਹੜ੍ਹਾਂ ਕਾਰਨ, ਸਾਡਾ ਜਾਨੀ ਤੇ ਮਾਲੀ ਨੁਕਸਾਨ ਬਹੁਤ ਹੋਇਆ ਹੈ।ਫਸਲਾਂ ਬਰਬਾਦ ਹੋ ਗਈਆਂ ਹਨ।ਪਸ਼ੂ ਮਰ ਗਏ ਹਨ।ਘਰ ਢਹਿ ਗਏ ਹਨ। ਸਰਕਾਰਾਂ ਵੱਲੋਂ ਅਖਬਾਰਾਂ ਵਿੱਚ ਦਿੱਤੇ ਬਿਆਨਾਂ ਤੋਂ ਬਿਨਾਂ ਸਾਡੇ ਪੱਲੇ ਕੁਝ ਨਹੀਂ ਪਿਆ।ਸਾਡੇ ਲੋਕ ਹੀ ਲੋਕਾਂ ਦੇ ਕੰਮ ਆਏ ਹਨ।ਮੰਡੀਆਂ ਵਿੱਚ ਝੋਨਾ ਖ੍ਰੀਦਣ 'ਤੇ ਵੀ ਨੱਕ ਬੁੱਲ੍ਹ ਕੱਢੇ ਜਾ ਰਹੇ ਹਨ।ਜੇਕਰ ਸਰਕਾਰ ਨੇ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਜਾਂ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਵੱਡੀ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ ਅਤੇ ਕਿਸੇ ਵੀ ਕਿਸਾਨ ਦੀ ਗ੍ਰਿਫਤਾਰੀ ਨਹੀਂ ਹੋਣ ਦਿੱਤੀ ਜਾਵੇਗੀ। ਇਸ ਮੌਕੇ ਬਲਜਿੰਦਰ ਸਿੰਘ, ਗਗਨਦੀਪ, ਸੁਖਜੀਤ, ਕਰਮਜੀਤ, ਸੇਮਾ ਦੌਧਰ ਗੁਰਦੀਪ, ਮੀਨੀਆ, ਗੋਪੀ ਆਦਿ ਹਾਜ਼ਰ ਸਨ।



# ਫਿਰੋਜ਼ਪੁਰ-ਮੁਕਤਸਰ ਸੜਕ ਬਣਾਉਣ ਦਾ ਕੰਮ ਸ਼ੁਰੂ, ਅੱਜ ਦਾ ਰੋਡ ਜਾਮ ਮੁਲਤਵੀ

## ਜਥੇਬੰਦੀ ਵੱਲੋਂ ਦਿਨ-ਰਾਤ ਦਾ ਧਰਨਾ ਜਾਰੀ ਰਹੇਗਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**




ਕਿਰਤੀ ਕਿਸਾਨ ਯੂਨੀਅਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਦੀ ਪ੍ਰਧਾਨਗੀ ਹੇਠ ਡੇਰਾ ਬਾਬਾ ਦਿਆਲ ਦਾਸ ਜੀ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਸਕੱਤਰ ਜਸਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਮੁਕਤਸਰ-ਫਿਰੋਜ਼ਪੁਰ ਨੈਸ਼ਨਲ ਹਾਈਵੇ ਸੜਕ ਦਾ ਪਿਛਲੇ ਲੰਬੇ ਸਮੇਂ ਤੋਂ ਰੁਕਿਆ ਹੋਇਆ ਕੰਮ 7 ਅਕਤੂਬਰ ਤੋਂ ਸ਼ੁਰੂ ਹੋ ਚੁੱਕਿਆ ਹੈ, ਇਸ ਲਈ ਜਥੇਬੰਦੀ ਵੱਲੋਂ ਜੋ 10 ਤਰੀਕ ਨੂੰ ਰੋਡ ਜਾਮ ਦਾ ਸੱਦਾ ਦਿੱਤਾ ਗਿਆ ਸੀ, ਉਸ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ। ਸੜਕ ਬਣਾਉਣ ਦਾ ਕੰਮ ਲਗਾਤਾਰ ਜਾਰੀ ਰਹੇ, ਇਸ ਸਬੰਧੀ ਅਗਲੀ ਰਣਨੀਤੀ ਬਣਾਉਣ ਲਈ ਕੱਲ੍ਹ ਨੂੰ ਧਰਨੇ ਵਾਲੀ ਜਗ੍ਹਾ 'ਤੇ 10 ਵਜੇ ਇਕੱਠ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਕਿਰਤੀ ਕਿਸਾਨ ਯੂਨੀਅਨ ਵੱਲੋਂ ਮੁਕਤਸਰ-ਫਿਰੋਜ਼ਪੁਰ ਰੋਡ ਨੂੰ ਮੁਕੰਮਲ ਕਰਵਾਉਣ ਲਈ 4 ਅਕਤੂਬਰ ਤੋਂ ਦਿਨ ਰਾਤ ਦਾ ਧਰਨਾ ਲਗਾਇਆ ਹੋਇਆ ਹੈ। ਪਿਛਲੇ ਦਿਨੀਂ ਇਸ ਮੁੱਦੇ ਨੂੰ ਲੈ ਕੇ ਜਥੇਬੰਦੀ ਦੀ ਮੀਟਿੰਗ ਜ਼ਿਲ੍ਹਾ ਪ੍ਰਸ਼ਾਸਨ ਨਾਲ ਕੀਤੀ ਗਈ ਸੀ, ਜਿਸ ਵਿੱਚ ਅਧਿਕਾਰੀਆਂ ਵੱਲੋਂ ਜਥੇਬੰਦੀ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਸੜਕ ਬਣਾਉਣ ਦਾ ਕੰਮ ਜਲਦ ਸ਼ੁਰੂ ਕੀਤਾ ਜਾਵੇਗਾ ਅਤੇ ਮੁਕੰਮਲ ਹੋਣ ਤੱਕ ਕੰਮ ਲਗਾਤਾਰ ਜਾਰੀ ਰਹੇਗਾ। ਆਗੂਆਂ ਵੱਲੋਂ ਇਲਾਕਾ ਨਿਵਾਸੀਆਂ ਨੂੰ ਬੇਨਤੀ ਕੀਤੀ ਗਈ ਕਿ ਕੱਲ੍ਹ ਨੂੰ ਵੱਡੀ ਗਿਣਤੀ ਵਿੱਚ ਧਰਨੇ ਵਿੱਚ ਸ਼ਮੂਲੀਅਤ ਕੀਤੀ ਜਾਵੇ ਤਾਂ ਜੋ ਸੜਕ ਦਾ ਕੰਮ ਜਲਦ ਮੁਕਮਲ ਕੀਤਾ ਜਾਵੇ। ਜ਼ਿਲ੍ਹਾ ਆਗੂ ਦਵਿੰਦਰ ਸਿੰਘ ਲੁਬਾਣਿਆਂ ਵਾਲ਼ੀ, ਜਗਮੀਤ ਸਿੰਘ ਜੰਡੋਕੇ, ਜਗਮੀਤ ਸਿੰਘ ਅਬਲੂ ਕੋਟਲੀ, ਬਲਾਕ ਆਗ ਗੁਰਮੀਤ ਸਿੰਘ ਸੰਗਰਾਣਾ, ਗੁਰਸੇਵਕ ਸਿੰਘ ਸੰਗਰਾਣਾ, ਜਗਸੀਰ ਸਿੰਘ ਸੱਕਾਂਵਾਲੀ, ਜਸਦੇਵ ਸਿੰਘ, ਜਗਤਾਰ ਸਿੰਘ ਸੰਗਰਾਣਾ, ਜਸਪਾਲ ਸਿੰਘ ਗੋਰਾ ਚੱਕ ਗਾਂਧਾ ਸਿੰਘ ਵਾਲਾ, ਜੱਗਾ ਸਿੰਘ ਚੱਕ ਗਾਂਧਾ ਸਿੰਘ ਵਾਲਾ, ਰਣਦੀਪ ਸਿੰਘ ਜਸਪਾਲ ਸਿੰਘ ਬਾਜਾ, ਬ੍ਰਿਜ ਲਾਲ, ਸੁਖਪਾਲ ਸਿੰਘ, ਕੁਲਦੀਪ ਸਿੰਘ, ਰਮਨਦੀਪ ਸਿੰਘ ਮੋਤਲੇਵਾਲਾ, ਕੇਵਲ ਸਿੰਘ, ਜਗਮੀਤ ਸਿੰਘ, ਜੁਗਰਾਜ ਸਿੰਘ ਲੁਬਾਣਿਆਂ ਵਾਲੀ ਆਦਿ ਹਾਜ਼ਰ ਸਨ।

# ਅਸਲੇ ਸਮੇਤ ਵਿਅਕਤੀ ਗ੍ਰਿਫਤਾਰ

**ਮੋਗਾ (ਇਕਬਾਲ ਸਿੰਘ ਖਹਿਰਾ)**-ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਤਹਿਤ ਮੋਗਾ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦ ਥਾਣਾ ਸਦਰ ਮੋਗਾ ਦੀ ਪੁਲਸ ਪਾਰਟੀ ਵੱਲੋਂ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਪਾਸੋਂ 1 ਪਿਸਟਲ 30 ਬੋਰ, 1 ਪਿਸਟਲ 32 ਬੋਰ ਸਮੇਤ ਮੈਗਜ਼ੀਨ 2 ਕਾਰਤੂਸ ਜ਼ਿੰਦਾ 32 ਬੋਰ ਬਰਾਮਦ ਕੀਤੇ।ਇਸ ਸਬੰਧੀ ਥਾਣਾ ਸਦਰ ਵਿਖੇ ਮਿਤੀ 08.10.2025 ਮੁਕੱਦਮਾ ਨੰਬਰ:149 ਅ/ਧ 25-54-59 ਅਸਲਾ ਐਕਟ ਦਰਜ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ.ਐੱਸ.ਪੀ. ਸਿਟੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਹੌਲਦਾਰ ਮਲਕ ਸਿੰਘ ਨੰਬਰ 1269 ਮੋਗਾ ਸਮੇਤ ਪੁਲਸ ਪਾਰਟੀ ਸ਼ੱਕੀ ਵਿਅਕਤੀਆਂ ਦੀ ਤਲਾਸ਼ ਲਈ ਗਸ਼ਤ ਕਰ ਰਹੇ ਸਨ। ਜਦੋਂ ਪੁਲਸ ਪਾਰਟੀ ਪਿੰਡ ਸੱਦਾ ਸਿੰਘ ਵਾਲਾ ਨੇੜੇ ਪੁੱਜੀ ਤਾਂ ਮੁਖਬਰ ਵੱਲੋਂ ਪੁਲਸ ਪਾਰਟੀ ਨੂੰ ਇਤਲਾਹ ਦਿੱਤੀ ਕਿ ਅਕਾਸ਼ਦੀਪ ਸਿੰਘ ਉਰਫ ਨਿੱਕੂ ਪੁੱਤਰ ਚੇਤ ਸਿੰਘ ਵਾਸੀ ਦੌਲਤਪੁਰਾ ਨੀਵਾਂ ਨਜਾਇਜ਼ ਅਸਲੇ ਸਮੇਤ ਪਿੰਡ ਸੱਦਾ ਸਿੰਘ ਵਾਲਾ ਸੇਮ ਨਾਲੇ ਕੋਲ ਬੈਠਾ ਹੈ, ਜਿਸ ਦੀ ਸ਼ੱਕ ਦੇ ਅਧਾਰ 'ਤੇ ਤਲਾਸ਼ੀ ਕਰਨ ਉਪਰੰਤ ਉਸ ਦੀ ਪਛਾਣ ਅਕਾਸ਼ਦੀਪ ਸਿੰਘ ਉਰਫ ਨਿਕੂ ਵਜੋਂ ਹੋਈ ਜਿਸ ਪਾਸੋਂ ਇਕ ਪਿਸਟਲ 30 ਬੋਰ, 1 ਮੈਗਜ਼ੀਨ, ਇੱਕ ਪਿਸਟਲ 32 ਬੋਰ ਸਮੇਤ ਮੈਗਜ਼ੀਨ +2 ਕਾਰਤੂਸ ਜ਼ਿੰਦਾ 32 ਬੋਰ ਬਰਾਮਦ ਹੋਏ। ਜਿਸ 'ਤੇ ਉਕਤ ਵਿਅਕਤੀ ਖਿਲਾਫ ਮੁਕੱਦਮਾ ਥਾਣਾ ਸਦਰ ਮੋਗਾ ਵਿਖੇ ਦਰਜ ਕੀਤਾ ਗਿਆ ਹੈ।ਡੀ.ਐੱਸ.ਪੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਕਤ ਵਿਅਕਤੀ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਗੰਭੀਰਤਾ ਨਾਲ ਜਾਂਚ ਕੀਤੀ ਜਾਵੇਗੀ।



# ਰਾਜਪੁਰਾ ਨੂੰ ਮਿਲੀਆਂ ਦੋ ਨਵੀਂਆਂ ਫਾਇਰ ਬ੍ਰਿਗੇਡ ਗੱਡੀਆਂ

## ਵਿਧਾਇਕਾ ਨੀਨਾ ਮਿੱਤਲ ਨੇ ਹਰੀ ਝੰਡੀ ਵਿਖਾ ਕੇ ਕੀਤਾ ਰਵਾਨਾ



**ਰਾਜਪੁਰਾ (ਰਮੇਸ਼ ਕਟਾਰੀਆ)**

ਨਗਰ ਕੌਂਸਲ ਰਾਜਪੁਰਾ ਦੀ ਲੰਬੇ ਸਮੇਂ ਤੋਂ ਚੱਲ ਰਹੀ ਫਾਇਰ ਬ੍ਰਿਗੇਡ ਗੱਡੀਆਂ ਦੀ ਮੰਗ ਨੂੰ ਪੂਰਾ ਕਰਦੇ ਹੋਏ ਹਲਕਾ ਰਾਜਪੁਰਾ ਦੀ ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਦੋ ਨਵੀਆਂ ਫਾਇਰ ਬ੍ਰਿਗੇਡ ਗੱਡੀਆਂ ਨੂੰ ਰਸਮੀ ਤੌਰ 'ਤੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਹਰ ਹਿੱਸੇ ਦੇ ਵਿਕਾਸ ਲਈ ਗੰਭੀਰ ਉਪਰਾਲੇ ਕਰ ਰਹੀ ਹੈ।ਵਿਧਾਇਕਾ ਨੀਨਾ ਮਿੱਤਲ ਨੇ ਕਿਹਾ ਕਿ ਨਗਰ ਕੌਂਸਲ ਰਾਜਪੁਰਾ ਨੇ ਕਾਫ਼ੀ ਸਮੇਂ ਤੋਂ ਦੋ ਫਾਇਰ ਬ੍ਰਿਗੇਡ ਗੱਡੀਆਂ ਦੀ ਮੰਗ ਕੀਤੀ ਸੀ, ਜਿਸ ਨੂੰ ਪੰਜਾਬ ਸਰਕਾਰ ਨੇ ਪਹਿਲ ਦੇ ਆਧਾਰ 'ਤੇ ਮਨਜ਼ੂਰ ਕਰ ਲਿਆ। ਸਰਕਾਰ ਨੇ ਲੋਕਾਂ ਦੀ ਸੁਰੱਖਿਆ ਤੇ ਸੰਪਤੀ ਦੀ ਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਹ ਗੱਡੀਆਂ ਪ੍ਰਦਾਨ ਕੀਤੀਆਂ ਹਨ।ਉਨ੍ਹਾ ਕਿਹਾ ਕਿ ਜਿੱਥੇ ਵੀ ਜਨਹਿਤ ਨਾਲ ਸਬੰਧਤ ਕੋਈ ਮੰਗ ਉੱਠਦੀ ਹੈ, ਸਰਕਾਰ ਤੁਰੰਤ ਕਾਰਵਾਈ ਕਰਦੀ ਹੈ।ਵਿਧਾਇਕਾ ਨੀਨਾ ਮਿੱਤਲ ਨੇ ਦੱਸਿਆ ਕਿ ਦੋਹਾਂ ਗੱਡੀਆਂ ਤੇ ਕਰੀਬ ਡੇਢ ਕਰੋੜ ਰੁਪਏ ਦੀ ਲਾਗਤ ਆਈ ਹੈ, ਜਿਨ੍ਹਾਂ ਵਿੱਚ ਸਾਰਾ ਜ਼ਰੂਰੀ ਸਮਾਨ ਸ਼ਾਮਲ ਹੈ।ਇਹ ਗੱਡੀਆਂ ਨਗਰ ਕੌਂਸਲ ਰਾਜਪੁਰਾ ਦੀ ਅੱਗ ਬੁਝਾਉ ਸੇਵਾ ਨੂੰ ਹੋਰ ਮਜ਼ਬੂਤ ਕਰਨਗੀਆਂ ਤੇ ਕਿਸੇ ਵੀ ਐਮਰਜੈਂਸੀ ਹਾਲਤ ਵਿੱਚ ਤੇਜ਼ ਕਾਰਵਾਈ ਯਕੀਨੀ ਬਣਾਉਣਗੀਆਂ। ਵਿਧਾਇਕਾ ਨੀਨਾ ਮਿੱਤਲ ਨੇ ਕਿਹਾ ਕਿ ਰਾਜਪੁਰਾ ਸ਼ਹਿਰ ਦੇ ਵਿਕਾਸ ਲਈ ਉਨ੍ਹਾਂ ਦੀ ਪ੍ਰਾਥਮਿਕਤਾ ਬੁਨਿਆਦੀ ਸਹੂਲਤਾਂ ਦਾ ਮਜ਼ਬੂਤੀਕਰਨ ਹੈ।ਇਸ ਮੌਕੇ ਸਬੰਧਤ ਅਧਿਕਾਰੀ ਅਮਰਪ੍ਰੀਤ ਸਿੰਘ ਨੇ ਜਾਣਕਾਰੀ ਦਿੱਤੀ ਕਿ ਇਹ ਦੋਹਾਂ ਨਵੀਆਂ ਗੱਡੀਆਂ ਆਧੁਨਿਕ ਤਕਨੀਕ ਨਾਲ ਪੂਰੀ ਤਰ੍ਹਾਂ ਲੈਸ ਹਨ। ਇਨ੍ਹਾਂ ਵਿੱਚ ਹਾਈ-ਪਾਵਰ ਪੰਪ, ਕਟਰ ਸੈੱਟ, ਜਨਰੇਟਰ ਸੈੱਟ, ਨਾਈਟ ਵਿਜ਼ਨ ਕੈਮਰੇ ਤੇ ਹੋਰ ਜ਼ਰੂਰੀ ਉਪਕਰਨ ਮੌਜੂਦ ਹਨ, ਜਿਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੀ ਅੱਗ ਜਾਂ ਹਾਦਸੇ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਿਆ ਜਾ ਸਕੇਗਾ।ਫਾਇਰ ਬ੍ਰਿਗੇਡ ਵਿਭਾਗ ਵੱਲੋਂ ਵਿਧਾਇਕਾ ਮਿੱਤਲ ਦਾ ਧੰਨਵਾਦ ਕੀਤਾ ਗਿਆ ਕਿ ਉਨ੍ਹਾਂ ਨੇ ਰਾਜਪੁਰਾ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ।ਇਸ ਮੌਕੇ ਈ. ਓ. ਅਵਤਾਰ ਚੰਦ ਸੇਖੜੀ, ਹਰਿੰਦਰ ਪਾਲ ਸਿੰਘ ਏਡੀਐਫਓ, ਗੁਰਪ੍ਰੀਤ ਸਿੰਘ ਫਾਇਰ ਅਫਸਰ, ਐਡਵੋਕੇਟ ਲਵੀਸ ਮਿੱਤਲ, ਐਮ ਐਲ ਏ ਕੋਆਰਡੀਨੇਟਰ ਗੀਤੇਸ ਬਾਂਸਲ, ਮੀਤ ਪ੍ਰਧਾਨ ਰਾਜੇਸ਼ ਕੁਮਾਰ ਇੰਸਾਂ ਤੇ ਸ਼ਾਮ ਸੁੰਦਰ ਵਧਵਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਇਸ ਮੌਕੇ ਕੌਂਸਲਰ ਬਿਕਰਮ ਸਿੰਘ ਕੰਡੇਵਾਲਾ, ਕੌਂਸਲਰ ਜੈ ਕਿਸ਼ਨ ਅਗਰਵਾਲ, ਅਮਰਿੰਦਰ ਸਿੰਘ ਮੀਰੀ, ਅਜੇ ਚੌਧਰੀ ਪ੍ਰਧਾਨ ਰਾਜੇਸ਼ ਬੋਵਾ, ਐਡਵੋਕੇਟ ਸੰਦੀਪ ਬਾਵਾ, ਧਨਵੰਤ ਸਿੰਘ, ਰਮਨ ਟਿਵਾਣਾ, ਡਾ. ਚਰਨ ਕਮਲ ਧੀਮਾਨ, ਸੁਮਿਤ ਬਖਸ਼ੀ, ਸੋਨੂੰ ਖਾਨ, ਰਵਿੰਦਰ ਸਿੰਘ ਫੌਜੀ, ਜਸਵੀਰ ਸਿੰਘ, ਸੁਖਦੇਵ ਸਿੰਘ ਕਾਲਾ, ਗੁਰਸ਼ਰਨ ਸਿੰਘ ਵਿੱਰਕ, ਅਮਨ ਸੈਣੀ ਸਮੇਤ ਨਗਰ ਕੌਂਸਲ ਦੇ ਅਧਿਕਾਰੀ ਵਿਜੈ ਪਾਠਕ, ਪਵਨ ਕੁਮਾਰ, ਵਿਕਾਸ ਚੌਧਰੀ ਸਮੇਤ ਹੋਰ ਵੀ ਕਈ ਅਧਿਕਾਰੀ ਤੇ ਪਾਰਟੀ ਦੇ ਅਹੁਦੇਦਾਰ ਮੌਜੂਦ ਸਨ।

# ਤੇਜ਼ਧਾਰ ਹਥਿਆਰਾਂ ਸਮੇਤ 5 ਲੁਟੇਰੇ ਕਾਬੂ



**ਕੋਟਕਪੂਰਾ (ਰਛਪਾਲ ਭੁੱਲਰ)**

ਡਾ. ਪ੍ਰਗਿਆ ਜੈਨ ਐੱਸ.ਐੱਸ.ਪੀ. ਫਰੀਦਕੋਟ ਦੀ ਅਗਵਾਈ ਹੇਠ ਕਾਰਵਾਈ ਕਰਦਿਆਂ ਥਾਣਾ ਸਿਟੀ ਕੋਟਕਪੂਰਾ ਦੀ ਪੁਲਸ ਪਾਰਟੀ ਨੇ ਲੁੱਟ-ਖੋਹ ਕਰਨ ਦੀ ਫਿਰਾਕ ਵਿੱਚ ਬੈਠੇ ਇੱਕ ਗਰੋਹ ਦੇ 5 ਮੈਂਬਰਾਂ ਨੂੰ ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਹੀ ਕਾਬੂ ਕਰ ਲਿਆ ਹੈ।ਇਹ ਜਾਣਕਾਰੀ ਸ੍ਰੀ ਜਤਿੰਦਰ ਸਿੰਘ ਡੀ.ਐੱਸ.ਪੀ (ਸ. ਡ) ਕੋਟਕਪੂਰਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ।ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸੰਦੀਪ ਸਿੰਘ ਉਰਫ ਸੀਪਾ, ਰਾਮ ਸਿੰਘ ਉਰਫ ਰਾਮਾ, ਅੰਮ੍ਰਿਤਪਾਲ ਸਿੰਘ ਉਰਫ ਅੰਮ੍ਰਿਤ, ਅਜੇ ਸਿੰਘ ਉਰਫ ਨਸੀਰੂ ਤੇ ਅਮਰਜੀਤ ਬਿੰਦ ਵਜੋਂ ਹੋਈ ਹੈ, ਜੋ ਸਾਰੇ ਕੋਟਕਪੂਰਾ ਦੇ ਰਹਿਣ ਵਾਲੇ ਹਨ।ਪੁਲਸ ਨੇ ਮੌਕੇ ਤੋਂ ਮੁਲਜ਼ਮਾਂ ਪਾਸੋਂ 2 ਖੰਡੇ, 1 ਗਰਾਰੀ ਲੱਗੀ ਲੋਹੇ ਦੀ ਰਾਡ, 1 ਕਾਪਾ ਤੇ 1 ਸੱਬਲ ਵਰਗੇ ਤੇਜ਼ਧਾਰ ਹਥਿਆਰ ਵੀ ਬਰਾਮਦ ਕੀਤੇ ਹਨ।ਡੀ.ਐੱਸ.ਪੀ. ਨੇ ਦੱਸਿਆ ਕਿ ਇੰਸਪੈਕਟਰ ਚਮਕੌਰ ਸਿੰਘ ਮੁੱਖ ਅਫ਼ਸਰ ਥਾਣਾ ਸਿਟੀ ਕੋਟਕਪੂਰਾ ਦੀ ਨਿਗਰਾਨੀ ਹੇਠ ਸਹਾਇਕ ਥਾਣੇਦਾਰ ਭੁਪਿੰਦਰਜੀਤ ਸਿੰਘ ਪੁਲਸ ਪਾਰਟੀ ਸਮੇਤ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੇ ਸਨ।ਇਸ ਦੌਰਾਨ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਇਹ ਮੁਲਜ਼ਮ, ਜੋ ਅਪਰਾਧ ਕਰਨ ਦੇ ਆਦੀ ਹਨ, ਗੁਰੂ ਤੇਗ ਬਹਾਦਰ ਨਗਰ ਤੋਂ ਰੱਬ ਵਾਲੇ ਖੂਹ ਵੱਲ ਜਾਂਦੀ ਇੱਕ ਖਾਲੀ ਜਗ੍ਹਾ ਵਿੱਚ ਲੁੱਟ-ਖੋਹ ਕਰਨ ਦੀ ਯੋਜਨਾ ਬਣਾ ਰਹੇ ਹਨ ਅਤੇ ਉਨ੍ਹਾਂ ਕੋਲ ਮਾਰੂ ਹਥਿਆਰ ਵੀ ਮੌਜੂਦ ਹਨ।ਸੂਚਨਾ ਦੇ ਅਧਾਰ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਪੁਲਸ ਪਾਰਟੀ ਨੇ ਇਨ੍ਹਾਂ ਮੁਲਜ਼ਮਾਂ ਨੂੰ ਯੋਜਨਾ ਬਣਾਉਂਦੇ ਸਮੇਂ ਹੀ ਗ੍ਰਿਫ਼ਤਾਰ ਕਰ ਲਿਆ।ਇਸ ਸਬੰਧੀ ਥਾਣਾ ਸਿਟੀ ਕੋਟਕਪੂਰਾ ਵਿਖੇ ਮੁਕੱਦਮਾ ਨੰਬਰ 233 ਮਿਤੀ 08.10.2025 ਅ/ਧ 310(4), 310(5) ਬੀ.ਐਨ.ਐਸ. ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

# ਵਿਸ਼ਵ ਭਰ ਦੇ ਡਾਕਟਰਾਂ ਵੱਲੋਂ ਪ੍ਰਮਾਣੂ ਹਥਿਆਰਾਂ ਨੂੰ ਖਤਮ ਕਰਨ ਦੀ ਮੰਗ

## ਜੰਗਾਂ ਦਾ ਤੁਰੰਤ ਅੰਤ ਤੇ ਹਰ ਇਨਸਾਨ ਦੇ ਇੱਜ਼ਤ ਨਾਲ ਜੀਣ ਦੇ ਹੱਕ ਦੀ ਰੱਖਿਆ ਦੀ ਅਪੀਲ



**ਲੁਧਿਆਣਾ (ਐੱਮ ਐੱਸ ਭਾਟੀਆ)**-ਦੁਨੀਆ ਭਰ ਦੇ ਡਾਕਟਰ ਤੇ ਸਿਹਤ ਕਰਮੀ ਇੰਟਰਨੈਸ਼ਨਲ ਫਿਜ਼ੀਸ਼ੀਅਨਜ਼ ਫਾਰ ਦਿ ਪ੍ਰਿਵੈਂਸ਼ਨ ਆਫ ਨਿਊਕਲੀਅਰ ਵਾਰ (ਆਈ ਪੀ ਪੀ ਐੱਨ ਡਬਲਯੂ) ਦੇ 24ਵੇਂ ਵਿਸ਼ਵ ਮਹਾਂ ਸੰਮੇਲਨ ਵਿੱਚ ਨਾਗਾਸਾਕੀ, ਜਪਾਨ ਵਿਖੇ ਇਕੱਠੇ ਹੋਏ।ਇਹ ਸੰਮੇਲਨ ਪ੍ਰਮਾਣੂ ਬੰਬ ਹਮਲੇ ਦੀ 80ਵੀਂ ਵਰ੍ਹੇਗੰਢ ਦੇ ਮੌਕੇ 'ਤੇ ਆਯੋਜਤ ਕੀਤਾ ਗਿਆ ਸੀ।ਪ੍ਰਤੀਨਿਧੀਆਂ ਨੇ ਪ੍ਰਮਾਣੂ ਹਥਿਆਰਾਂ ਦੇ ਪੂਰਨ ਖਾਤਮੇ ਦੀ ਮੰਗ ਕੀਤੀ ਅਤੇ ਇਸ ਨੂੰ ਟ੍ਰੀਟੀ ਆਨ ਦਿ ਪ੍ਰੋਹਿਬਿਸ਼ਨ ਆਫ ਨਿਊਕਲੀਅਰ ਵੇਪਨਜ਼ (ਟੀ ਪੀ ਐੱਨ ਡਬਲਯੂ) ਰਾਹੀਂ ਲਾਗੂ ਕਰਨ ਲਈ ਸਾਰਿਆਂ ਨੂੰ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਪ੍ਰਮਾਣੂ ਜੰਗ ਦੀ ਸਥਿਤੀ ਵਿੱਚ ਹੋਏ ਨੁਕਸਾਨ ਦਾ ਮੈਡੀਕਲ ਸਾਇੰਸ ਕੋਲ ਕੋਈ ਇਲਾਜ ਨਹੀਂ, ਇਸ ਲਈ ਸਾਨੂੰ ਜਿਸ ਦਾ ਇਲਾਜ ਨਹੀਂ ਕੀਤਾ ਜਾ ਸਕਦਾ, ਉਸ ਨੂੰ ਰੋਕਣਾ ਹੋਵੇਗਾ।ਸੰਮੇਲਨ ਵਿੱਚ ਯੂਕਰੇਨ, ਗਾਜ਼ਾ, ਸੁਡਾਨ ਤੇ ਟਿਗਰੇ ਸਮੇਤ ਹੋ ਰਹੀਆਂ ਜੰਗਾਂ ਦੀ ਨਿੰਦਾ ਕੀਤੀ ਗਈ ਅਤੇ ਵੱਡੀਆਂ ਤਾਕਤਾਂ ਵੱਲੋਂ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੀਆਂ ਧਮਕੀਆਂ ਨੂੰ ਮਨੁੱਖਤਾ ਲਈ ਗੰਭੀਰ ਖਤਰਾ ਦੱਸਿਆ ਗਿਆ।ਪ੍ਰਤੀਨਿਧੀ ਮੰਡਲ ਨੇ ਵਾਪਸ ਆਉਣ 'ਤੇ ਦੱਸਿਆ ਕਿ ਡਾਕਟਰਾਂ ਤੇ ਸਿਹਤ ਕਰਮੀਆਂ 'ਤੇ ਹੋ ਰਹੇ ਹਮਲਿਆਂ ਦੀ ਤਿੱਖੀ ਨਿੰਦਾ ਕਰਦੇ ਹੋਏ ਸੰਮੇਲਨ ਨੇ ਮਨੁੱਖਤਾ ਦੀ ਸੇਵਾ ਤੇ ਚਿਕਿਤਸਾ ਸਹਾਇਤਾ ਨੂੰ ਬਿਨਾਂ ਰੁਕਾਵਟ ਪਹੁੰਚਾਉਣ ਦੀ ਮੰਗ ਕੀਤੀ।ਪ੍ਰਤੀਨਿਧੀਆਂ ਨੇ ਸਾਰੇ ਪ੍ਰਮਾਣੂ ਹਥਿਆਰਧਾਰੀ ਦੇਸ਼ਾਂ ਨੂੰ ਟੀ ਪੀ ਐੱਨ ਡਬਲਯੂ ਨਾਲ ਜੁੜਨ ਦੀ ਅਪੀਲ ਕੀਤੀ ਅਤੇ ਆਈ ਪੀ ਪੀ ਐੱਨ ਡਬਲਯੂ ਦੀ ਇਤਿਹਾਸਕ ਭੂਮਿਕਾ ਨੂੰ ਯਾਦ ਕੀਤਾ, ਜਿਸ ਨੇ ਇੰਟਰਨੈਸ਼ਨਲ ਕੈਂਪੇਨ ਟੂ ਅਬਾਲਿਸ਼ ਨਿਊਕਲੀਅਰ ਵੇਪਨਜ਼ (ਆਈ ਸੀ ਏ ਐੱਨ) ਦੀ ਸ਼ੁਰੂਆਤ ਕੀਤੀ, ਜਿਸ ਨੂੰ 2017 ਦਾ ਨੋਬਲ ਸ਼ਾਂਤੀ ਇਨਾਮ ਮਿਲਿਆ ਸੀ।ਦੱਖਣੀ ਏਸ਼ੀਆ ਸਬੰਧੀ ਸੈਸ਼ਨ ਵਿੱਚ ਨੇਪਾਲ, ਭਾਰਤ ਤੇ ਸ੍ਰੀਲੰਕਾ ਦੇ ਪ੍ਰਤੀਨਿਧੀਆਂ ਨੇ ਇਸ ਖੇਤਰ ਨੂੰ ਪ੍ਰਮਾਣੂ ਹਥਿਆਰ ਰਹਿਤ ਖੇਤਰ ਘੋਸ਼ਿਤ ਕਰਨ, ਵੀਜ਼ੇ ਦੀ ਸੁਵਿਧਾ ਨੂੰ ਸੁਖਾਲਾ ਬਣਾਉਣ ਦੀ ਮੰਗ ਕੀਤੀ ਅਤੇ ਸ਼ਾਂਤੀ, ਸਹਿਯੋਗ, ਸਿਹਤ, ਸਿੱਖਿਆ ਤੇ ਟਿਕਾਊ ਵਿਕਾਸ 'ਚ ਨਿਵੇਸ਼ ਵਧਾਉਣ 'ਤੇ ਜ਼ੋਰ ਦਿੱਤਾ।ਭਾਰਤ ਤੋਂ 29 ਮੈਂਬਰਾਂ ਦਾ ਪ੍ਰਤੀਨਿਧੀ ਮੰਡਲ ਇਸ ਸੰਮੇਲਨ ਵਿੱਚ ਸ਼ਾਮਲ ਹੋਇਆ।ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ ਡੀ ਪੀ ਡੀ) ਦੇ ਜਨਰਲ ਸਕੱਤਰ ਡਾ. ਸ਼ਕੀਲ-ਉਰ-ਰਹਮਾਨ ਨੂੰ ਆਈ ਪੀ ਪੀ ਐੱਨ ਡਬਲਯੂ ਦੇ ਬੋਰਡ ਵਿੱਚ ਚੁਣਿਆ ਗਿਆ, ਜਿਸ ਨਾਲ ਵਿਸ਼ਵ ਸ਼ਾਂਤੀ ਤੇ ਨਿਸ਼ਸਤਰਤਾ ਅੰਦੋਲਨ ਵਿੱਚ ਭਾਰਤ ਦੀ ਭੂਮਿਕਾ ਹੋਰ ਮਜ਼ਬੂਤ ਹੋਈ।

# ਮਾਤਾ ਸਾਹਿਬ ਕੌਰ ਸਕੂਲ ਵਿਖੇ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



**ਗੁਰੂ ਹਰ ਸਹਾਏ (ਫ਼ਕੀਰ ਚੰਦ ਸਿਕਰੀ)**-ਸਥਾਨਕ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਸਵੇਰ ਦੀ ਸਭਾ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਮੂਲ ਮੰਤਰ ਦੇ ਜਾਪ ਨਾਲ ਕੀਤੀ ਗਈ, ਜਿਸ ਤੋਂ ਬਾਅਦ ਪੂਰਾ ਮਾਹੌਲ ਸ਼ਾਂਤਮਈ ਤੇ ਅਧਿਆਤਮਕ ਹੋ ਗਿਆ।ਉਪਰੰਤ, ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਦਾ ਮਨਮੋਹਕ ਗਾਇਨ ਕੀਤਾ ਗਿਆ, ਜਿਸ ਨੇ ਸਾਰਿਆਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਇਸ ਮੌਕੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਨਾਲ ਸਬੰਧਤ ਕਵਿਤਾਵਾਂ ਵੀ ਪੇਸ਼ ਕੀਤੀਆਂ, ਜਿਨ੍ਹਾਂ ਵਿੱਚ ਗੁਰੂ ਸਾਹਿਬ ਦੀ ਮਹਾਨਤਾ ਤੇ ਉਪਦੇਸ਼ਾਂ ਦਾ ਜ਼ਿਕਰ ਕੀਤਾ ਗਿਆ।ਅਧਿਆਪਕਾਂ ਵੱਲੋਂ ਬੱਚਿਆਂ ਨਾਲ ਗੁਰੂ ਰਾਮਦਾਸ ਜੀ ਦੇ ਜੀਵਨ ਬਾਰੇ ਵਿਚਾਰ ਸਾਂਝੇ ਕੀਤੇ ਗਏ।ਇਸ ਵਿਚਾਰ-ਚਰਚਾ ਦਾ ਮੁੱਖ ਕੇਂਦਰ ਗੁਰੂ ਸਾਹਿਬ ਦੇ ਦੋ ਮੁੱਖ ਉਪਦੇਸ਼ਾਂ 'ਸੇਵਾ ਤੇ ਨਿਮਰਤਾ' ਉੱਤੇ ਰਿਹਾ।ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਕਿਵੇਂ ਨਿਮਰਤਾ ਧਾਰਨ ਕਰਕੇ ਤੇ ਸੱਚੇ ਮਨ ਨਾਲ ਗੁਰੂ ਦੀ ਸੇਵਾ ਕਰਕੇ ਮਨੁੱਖ ਵੱਡੀਆਂ ਬਾਦਸ਼ਾਹੀਆਂ ਤੇ ਸਫਲਤਾਵਾਂ ਪ੍ਰਾਪਤ ਕਰ ਸਕਦਾ ਹੈ।

ਸਕੂਲ ਦੇ ਪ੍ਰਿੰਸੀਪਲ ਤੇ ਪ੍ਰਬੰਧਕੀ ਕਮੇਟੀ ਨੇ ਵਿਦਿਆਰਥੀਆਂ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ ਤੇ ਉਨ੍ਹਾਂ ਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।ਪ੍ਰਕਾਸ਼ ਪੁਰਬ ਦੇ ਇਸ ਪਵਿੱਤਰ ਮੌਕੇ 'ਤੇ ਸਮੂਹ ਸਟਾਫ ਤੇ ਵਿਦਿਆਰਥੀਆਂ ਵਿੱਚ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ।

# ਪੰਜਾਬੀ ਲਿਖਾਰੀ ਸਭਾ ਵੱਲੋਂ ਸੁਰਜੀਤ ਰਾਮਪੁਰੀ ਦੇ ਰਚਨਾ ਸੰਸਾਰ 'ਤੇ ਸਮਾਗਮ

**ਸਮਰਾਲਾ (ਸੁਰਜੀਤ ਸਿੰਘ)**



ਉੱਘੇ ਸ਼ਾਇਰ ਸੁਰਜੀਤ ਰਾਮਪੁਰੀ ਦੇ ਜੀਵਨ ਤੇ ਰਚਨਾ ਸੰਸਾਰ ਤੇ ਅਧਾਰਤ ਸਾਹਿਤਕ ਸਮਾਗਮ ਭਾਰਤੀ ਸਾਹਿਤ ਅਕਾਦਮੀ ਦਿੱਲੀ ਤੇ ਅਮਰਿੰਦਰ ਸਿੰਘ ਸੋਹਲ ਪ੍ਰਧਾਨ ਦੀ ਵਿਉਂਤਬੰਦੀ ਅਨੁਸਾਰ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਲਾਇਬ੍ਰੇਰੀ ਵਿੱਚ ਆਯੋਜਤ ਕੀਤਾ ਗਿਆ, ਜਿਸ ਵਿੱਚ ਦੂਰ ਦੁਰਾਡੇ ਤੋਂ ਆਏ ਲੇਖਕਾਂ ਨੇ ਭਾਗ ਲਿਆ।

ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਨਾਵਲਕਾਰ ਤੇ ਕਹਾਣੀਕਾਰ ਡਾ. ਬਲਜਿੰਦਰ ਨਸਰਾਲੀ ਨੇ ਕੀਤੀ।ਬੂਟਾ ਸਿੰਘ ਚੌਹਾਨ ਵੱਲੋਂ ਅਕੈਡਮੀ ਦੇ ਪੰਜਾਬ 'ਚ ਕਰਾਏ ਜਾ ਰਹੇ ਸਮਾਗਮਾਂ ਦੀ ਜਾਣਕਾਰੀ ਸਾਂਝੀ ਕੀਤੀ।ਸਰਪ੍ਰਸਤ ਜਸਵੀਰ ਝੱਜ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਉਨ੍ਹਾਂ ਦੂਰਦਰਸ਼ਨ ਜਲੰਧਰ 'ਚ ਕੰਮ ਕਰਦਿਆਂ ਸੁਰਜੀਤ ਰਾਮਪੁਰੀ ਦੇ ਗੀਤ ਜਗਜੀਤ ਜੀਰਵੀ ਤੇ ਹੋਰ ਪ੍ਰਸਿੱਧ ਗਾਇਕਾਂ ਦੀ ਆਵਾਜ਼ 'ਚ ਰਿਕਾਰਡ ਕਰਾਏ ਅਤੇ ਸੁਰਜੀਤ ਰਾਮਪੁਰੀ ਦੇ ਜੀਵਨ ਅਤੇ ਕਾਵਿ ਕਲਾ ਨੂੰ ਆਧਾਰ ਬਣਾ ਕੇ ਇਕ ਡਾਕੂਮੈਂਟਰੀ ਵੀ ਤਿਆਰ ਕਰਾਈ।

ਡਾ. ਗੁਰਜੰਟ ਸਿੰਘ ਨੇ ਕਿਹਾ ਰਾਮਪੁਰੀ ਦੇ ਗੀਤਾਂ 'ਚ ਲੋਕ ਗੀਤਾਂ ਵਰਗੀ ਸਾਦਗੀ ਅਤੇ ਸਰਲਤਾ ਹੈ।ਡਾ. ਗੁਰਜੰਟ ਸਿੰਘ ਨੇ ਸੁਰਜੀਤ ਰਾਮਪੁਰੀ ਦੀ ਰਚਨਾ ਨੂੰ ਅਧਾਰ ਬਣਾ ਕੇ ਲਿਖੀ ਪੁਸਤਕ ਸਭਾ ਦੀ ਲਾਇਬ੍ਰੇਰੀ ਨੂੰ ਭੇਟ ਕੀਤੀ।ਪ੍ਰੋ. ਸ਼ਮਸ਼ਾਦ ਅਲੀ ਨੇ ਸੁਰਜੀਤ ਰਾਮਪੁਰੀ ਦੇ ਜੀਵਨ ਬਾਰੇ ਪਰਚਾ ਪੜ੍ਹਿਆ ਤੇ ਰਾਮਪੁਰੀ ਦੇ ਚਾਰ ਗੀਤ ਗਾ ਕੇ ਮਾਹੌਲ ਨੂੰ ਸੰਗੀਤਮਈ ਬਣਾ ਦਿੱਤਾ।ਸ਼ਮਸ਼ਾਦ ਅਲੀ ਨੇ ਦੱਸਿਆ ਕਿ ਉਹ ਸੁਰਜੀਤ ਰਾਮਪੁਰੀ ਦੀ ਪ੍ਰਸਿੱਧ ਗ਼ਜ਼ਲ 'ਜੋ ਵੀ ਪਾਣੀ ਪੀਂਦਾ ਸ਼ਾਇਰ ਬਣ ਜਾਂਦਾ' ਨੂੰ ਜਲਦ ਹੀ ਰਿਕਾਰਡ ਕਰਾ ਰਹੇ ਹਨ, ਜਿਸਦੀ ਵੀਡੀਓਗਰਾਫੀ ਰਾਮਪੁਰ ਪਿੰਡ 'ਚ ਕੀਤੀ ਜਾਵੇਗੀ।

ਪੰਜਾਬੀ ਸਾਹਿਤ ਮੰਚ ਭਗਤਾ ਭਾਈਕਾ ਦੇ ਪ੍ਰਧਾਨ ਸੁਖਮੰਦਰ ਬਰਾੜ ਗੁੰਮਟੀ, ਸਾਹਿਤ ਸਭਾ ਬਹਿਰਾਮਪੁਰ ਦੇ ਪ੍ਰਧਾਨ ਹਰਨਾਮ ਡੱਲਾ ਤੇ ਪੱਤਰਕਾਰ ਜੋਗਿੰਦਰ ਓਬਰਾਏ, ਮਾਸਟਰ ਦਰਸ਼ਨ ਸਿੰਘ, ਲੇਖਕ ਮੰਚ ਦੇ ਸਰਪ੍ਰਸਤ ਡਾ. ਪਰਮਿੰਦਰ ਸਿੰਘ ਬੈਨੀਪਾਲ, ਸੁਰਿੰਦਰ ਰਾਮਪੁਰੀ, ਸਿਕੰਦਰ ਰਾਮਪੁਰੀ, ਜੋਬਨ ਖਹਿਰਾ, ਸਤਵਿੰਦਰ ਸਿੰਘ, ਸ਼ੇਰ ਸਿੰਘ ਰਾਮਪੁਰੀ, ਇੰਦਰਜੀਤ ਰਾਮਪੁਰ, ਕੇਵਲ ਕ੍ਰਿਸ਼ਨ, ਦਰਸ਼ਨ ਸਿੰਘ, ਮਨਦੀਪ ਸਿੰਘ ਮਾਂਗਟ, ਡਾ. ਟਹਿਲ ਸਿੰਘ ਜੱਸਲ ਆਦਿ ਸ਼ਾਮਲ ਸਨ। ਪਿੰਡ ਦੇ ਸਰਪੰਚ ਤੇ ਸਭਾ ਦੇ ਸਰਪ੍ਰਸਤ ਜਸਵੰਤ ਸਿੰਘ ਨੇ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

ਦੂਜੇ ਦੌਰ 'ਚ ਪ੍ਰਸਿੱਧ ਗ਼ਜ਼ਲਗੋ ਐੱਸ. ਨਸੀਮ ਦੀ ਪ੍ਰਧਾਨਗੀ ਵਿਚ ਕਵੀ ਦਰਬਾਰ ਹੋਇਆ, ਜਿਸ 'ਚ ਮਲਕੀਤ ਸਿੰਘ, ਬਲਜਿੰਦਰ ਸਿੰਘ, ਗੁਰਦਾਸ, ਵਿਸ਼ਵਿੰਦਰ ਰਾਮਪੁਰ, ਸਵਰਨ ਪੱਲ੍ਹਾ, ਨਿਰੰਜਨ ਸੂਖਮ, ਕਸ਼ਮੀਰ ਸਿੰਘ ਕਸ਼ਮੀਰ, ਨਛੱਤਰ ਸਿੰਘ, ਭਗਵਾਨ ਢਿੱਲੋਂ, ਜਸਵੀਰ ਝੱਜ, ਹਰਨਾਮ ਸਿੰਘ ਡੱਲਾ, ਸ਼ਮਸ਼ਾਦ ਅਲੀ, ਅਮਰਿੰਦਰ ਸੋਹਲ, ਪ੍ਰਭਜੋਤ ਰਾਮਪੁਰ, ਤਰਨ ਰਾਮਪੁਰ, ਸਿਕੰਦਰ ਰਾਮਪੁਰੀ, ਹਰਬੰਸ ਸਿੰਘ ਰਾਏ, ਨਵਦੀਪ ਸ਼ਰਮਾ ਸਤਿੰਦਰਪਾਲ ਸਿੰਘ, ਸੁਖਜੀਵਨ ਆਦਿ ਕਵੀਆਂ ਨੇ ਭਾਗ ਲਿਆ।

## ਗਾਂਧੀ ਜਯੰਤੀ ਨੂੰ ਸਮਰਪਤ ਅੱਖਾਂ ਦਾ ਮੁਫ਼ਤ ਚੈੱਕਅੱਪ ਕੈਂਪ ਲਾਇਆ




**ਸਮਾਣਾ (ਇਕਬਾਲ ਸਮਾਣਾ)**-ਪਬਲਿਕ ਕਾਲਜ ਸਮਾਣਾ ਤੇ ਕਾਲਜ ਅਧੀਨ ਚਲਾਏ ਜਾ ਰਹੇ ਪਬਲਿਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਸਮਾਣਾ ਅਤੇ ਐਜੂਕੇਸ਼ਨ ਕਾਲਜ ਦੇ ਐੱਨ.ਐੱਸ.ਐੱਸ. ਵਿਭਾਗ, ਐੱਨ.ਸੀ.ਸੀ. ਯੂਨਿਟ ਤੇ ਰੈੱਡ ਰਿਬਨ ਕਲੱਬ ਵੱਲੋਂ ਕਾਲਜ ਕੈਂਪਸ ਵਿਖੇ ਗਾਂਧੀ ਜਯੰਤੀ ਨੂੰ ਸਮਰਪਤ ਇੱਕ ਰੋਜ਼ਾ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਨੂੰ ਕੰਡਕਟ ਕਰਨ ਵਿੱਚ ਹਾਂਡਾ ਆਈ ਹਸਪਤਾਲ ਤਹਿਸੀਲ ਰੋਡ ਸਮਾਣਾ ਦਾ ਵਿਸ਼ੇਸ਼ ਸਹਿਯੋਗ ਰਿਹਾ। ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਆਈਜ਼ ਸਪੈਸਲਿਸ਼ਟ ਡਾ. ਅਭਿਸ਼ੇਕ ਹਾਂਡਾ ਆਈ ਹਸਪਤਾਲ ਸਮਾਣਾ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਕਾਲਜ ਪਹੁੰਚਣ 'ਤੇ ਸੁਆਗਤ ਕੀਤਾ। ਇਸ ਮੌਕੇ ਡਾਕਟਰਾਂ ਦੀ ਸਮੁੱਚੀ ਟੀਮ ਨੇ ਬੜੀ ਸੁਹਿਰਦਤਾ ਨਾਲ 168 ਦੇ ਕਰੀਬ ਵਿਦਿਆਰਥੀਆਂ ਤੇ ਸਟਾਫ ਦੀਆਂ ਅੱਖਾਂ ਦਾ ਚੈੱਕਅੱਪ ਕੀਤਾ ਤੇ ਲੋੜ ਅਨੁਸਾਰ ਉਨ੍ਹਾਂ ਨੂੰ ਅੱਖਾਂ ਦੀ ਦਵਾਈ ਵੀ ਦਿੱਤੀ। ਵਲੰਟੀਅਰ ਵਿਦਿਆਰਥੀਆਂ ਨੇ ਰਜਿਸਟ੍ਰੇਸ਼ਨ ਕਰਵਾਉਣ ਤੇ ਅਨੁਸ਼ਾਸਨ ਮੇਨਟੇਨ ਕਰਨ ਵਿੱਚ ਆਪਣੀ ਪੂਰੀ ਜ਼ਿੰਮੇਵਾਰੀ ਨਿਭਾਈ। ਕਾਲਜ ਤੇ ਕਾਲਜ ਅਧੀਨ ਚਲਾਏ ਜਾ ਰਹੇ ਪਬਲਿਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਸਮਾਣਾ ਤੇ ਐਜੂਕੇਸ਼ਨ ਕਾਲਜ ਦੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਜ਼ ਨੇ ਇਸ ਕੈਂਪ ਦਾ ਪੂਰਾ ਲਾਭ ਲਿਆ। ਇਸ ਮੌਕੇ ਕਾਲਜ ਦੇ ਰੈੱਡ ਰਿਬਨ ਕਲੱਬ ਦੇ ਇੰਚਾਰਜ ਡਾ. ਹਰਕੀਰਤਨ ਕੌਰ, ਐੱਨ.ਐੱਸ.ਐੱਸ. ਪ੍ਰੋਗਰਾਮ ਅਫਸਰ ਪ੍ਰੋ. ਸੋਨੂੰ ਜੈਨ, ਪ੍ਰੋ. ਕੁਲਜੀਤ ਕੌਰ, ਡਾ. ਅਰਵਿੰਦਰ ਕੌਰ, ਪ੍ਰੋ. ਹਮਿਤ ਕੁਮਾਰ, ਪ੍ਰੋ. ਸ਼ੇਰ ਸਿੰਘ, ਪ੍ਰੋ. ਸ਼ੰਟੀ ਕੁਮਾਰ, ਪ੍ਰੋ. ਅਸ਼ਵਨੀ ਕੁਮਾਰ, ਪ੍ਰੋ. ਜਸਪ੍ਰੀਤ ਕੌਰ, ਐੱਨ.ਸੀ.ਸੀ. ਯੂਨਿਟ ਦੇ ਇੰਚਾਰਜ ਡਾ. ਅਨਿਲ ਕੁਮਾਰ, ਐਜੂਕੇਸ਼ਨ ਕਾਲਜ ਦੇ ਰੈੱਡ ਰਿਬਨ ਕੱਲਬ ਦੇ ਇੰਚਾਰਜ ਪ੍ਰੋ. ਹਰਪ੍ਰੀਤ ਕੌਰ, ਦਫਤਰ ਸੁਪਰਡੈਂਟ ਸ੍ਰੀ ਸੁਭਾਸ਼ ਸਚਦੇਵਾ ਤੇ ਐੱਨ.ਐੱਸ.ਐੱਸ. ਕਲਰਕ ਜਸਬੀਰ ਗੋਰਾਇਆ ਮੌਜੂਦ ਰਹੇ।

## ਸੰਘੇੜਾ ਕਾਲਜ ਦੇ ਅਧਿਆਪਕਾਂ ਦਾ ਇੱਕ ਰੋਜ਼ਾ ਟੂਰ



**ਬਰਨਾਲਾ (ਰਾਜਿੰਦਰ ਬਰਾੜ)**-ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਇਲਾਕੇ ਦੀ ਇੱਕ ਨਾਮਵਰ ਸੰਸਥਾ ਹੈ, ਜੋ ਵੱਖ ਵੱਖ ਖੇਤਰਾਂ ਵਿੱਚ ਆਪਣੀ ਇੱਕ ਨਿਵੇਕਲੀ ਪਹਿਚਾਣ ਬਣਾ ਚੁੱਕੀ ਹੈ, ਜਿਸ ਦਾ ਸਿਹਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸ. ਭੋਲਾ ਸਿੰਘ ਵਿਰਕ ਤੇ ਸਮੁੱਚੀ ਮੈਨੇਜਮੈਂਟ ਕਮੇਟੀ ਨੂੰ ਜਾਂਦਾ ਹੈ।ਸੰਸਥਾ ਪ੍ਰਧਾਨ ਸ. ਭੋਲਾ ਸਿੰਘ ਵਿਰਕ ਜਿੱਥੇ ਵਿਦਿਆਰਥੀਆਂ ਲਈ ਸਮੇਂ ਸਮੇਂ 'ਤੇ ਅਨੇਕਾਂ ਸਹੂਲਤਾਂ ਪ੍ਰਦਾਨ ਕਰਦੇ ਹਨ, ਉੱਥੇ ਹੀ ਆਪਣੀ ਸੰਸਥਾ ਦੇ ਟੀਚਿੰਗ ਤੇ ਨਾਨ-ਟੀਚਿੰਗ ਸਟਾਫ਼ ਦਾ ਵੀ ਬਹੁਤ ਖਿਆਲ ਰੱਖਦੇ ਹਨ। ਇਸ ਦੇ ਤਹਿਤ ਹੀ ਅਧਿਆਪਕ ਦਿਵਸ ਨੂੰ ਸਮਰਪਤ ਸਮੂਹ ਅਧਿਆਪਕ ਸਾਹਿਬਾਨਾਂ ਦਾ ਇੱਕ ਰੋਜ਼ਾ ਟੂਰ ਸੰਸਥਾ ਪ੍ਰਧਾਨ ਸ. ਭੋਲਾ ਸਿੰਘ ਵਿਰਕ ਦੀ ਰਹਿਨੁਮਾਈ ਹੇਠ ਪ੍ਰਿੰਸੀਪਲ ਡਾ. ਸਰਬਜੀਤ ਸਿੰਘ ਕੁਲਾਰ ਦੀ ਦੇਖ-ਰੇਖ ਹੇਠ ਬਠਿੰਡਾ ਵਿਖੇ ਲਿਜਾਇਆ ਗਿਆ, ਜਿਸ ਵਿੱਚ ਸਭ ਤੋਂ ਪਹਿਲਾਂ ਤਾਂ ਅਧਿਆਪਕ ਸਾਹਿਬਾਨਾਂ ਨੂੰ ਮਿੱਤਲ ਮੌਲ ਵਿੱਚ ਪਰਿਵਾਰਕ ਫ਼ਿਲਮ ਦਿਖਾਈ ਗਈ, ਉਸ ਤੋਂ ਪਿੱਛੋਂ ਬਠਿੰਡਾ ਦੇ ਪ੍ਰਸਿੱਧ ਹੋਟਲ ਕ੍ਰਿਸ਼ਨਾ ਵਿੱਚ ਸ਼ਾਨਦਾਰ ਲੰਚ ਕਰਵਾਇਆ ਗਿਆ।ਅਧਿਆਪਕ ਸਾਹਿਬਾਨਾਂ ਨੇ ਰੁਝੇਵਿਆਂ ਭਰੀ ਜ਼ਿੰਦਗੀ ਦੇ ਇਨ੍ਹਾਂ ਆਨੰਦਿਤ ਪਲਾਂ ਦਾ ਖੂਬ ਆਨੰਦ ਮਾਣਿਆ। ਇਸ ਮੌਕੇ ਸਮੂਹ ਸਟਾਫ ਟੀਚਿੰਗ ਤੇ ਨਾਨ ਨੇ ਸ਼ਮੂਲੀਅਤ ਕੀਤੀ।

## ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਵਿਧਾਇਕ ਦੇ ਪਰਵਾਰ ਦਾ ਸਨਮਾਨ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸ੍ਰੀ ਗੁਰੂ ਨਾਨਕ ਦੇਵ ਜੀ ਦੀ 16ਵੀਂ ਵੰਸ਼ਜ਼ 'ਤੇ ਪੀ.ਐੱਚ.ਡੀ. ਕਰਨ ਵਾਲੇ ਮਾਲੇਰਕੋਟਲਾ ਵਿਧਾਇਕ ਡਾਕਟਰ ਮੁਹੰਮਦ ਜਮੀਲ-ਉਰ-ਰਹਿਮਾਨ ਦੇ ਪਰਿਵਾਰ ਦਾ ਸੱਚਖੰਡ ਸ੍ਰੀ ਹੇਮਕੁੰਟ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ। ਵਿਧਾਇਕ ਰਹਿਮਾਨ ਦੀ ਧਰਮ ਪਤਨੀ ਬੀਬਾ ਫਰਿਆਲ ਰਹਿਮਾਨ ਔਰਤਾਂ ਦੇ ਇਕ ਜੱਥੇ ਸਮੇਤ ਸੱਚਖੰਡ ਸ੍ਰੀ ਹੇਮਕੁੰਟ ਸਾਹਿਬ (ਉੱਤਰਖੰਡ) ਵਿਖੇ ਨਤਮਸਤਕ ਹੋਏ ਤੇ ਹਲਕਾ ਨਿਵਾਸੀਆਂ ਦੀ ਸਿਹਤਯਾਬੀ ਦੀ ਕਾਮਨਾ ਕਰਦੇ ਹੋਏ ਸਰਬੱਤ ਦੇ ਭਲੇ ਦੀ ਅਰਦਾਸ ਕਰਵਾਈ। ਇਸ ਮੌਕੇ ਗੁਰਦੁਆਰਾ ਕਮੇਟੀ ਦੇ ਮੈਨੇਜਰ ਕੁਲਜੀਤ ਸਿੰਘ ਬਡਰੁੱਖਾਂ ਵਾਲਿਆਂ ਨੇ ਕਿਹਾ ਕਿ ਬਹੁਤ ਹੀ ਸ਼ਲਾਘਾਯੋਗ ਹੈ ਕਿ ਮੁਸਲਿਮ ਭਾਈਚਾਰੇ ਨਾਲ ਸਬੰਧਤ ਹੋਣ ਨਾਤੇ ਸਰਬੱਤ ਦੇ ਭਲੇ ਲਈ ਹੇਮਕੁੰਟ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ ਕਿ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੰਸ਼ਜ਼ 'ਤੇ ਪੀ.ਐੱਚ.ਡੀ. ਕਰਨ ਵਾਲਾ ਰਹਿਮਾਨ ਪਰਵਾਰ ਦਾ ਸਤਿਕਾਰ ਕਰਨਾ ਸਾਡਾ ਫਰਜ਼ ਬਣਦਾ ਹੈ। ਵਿਧਾਇਕ ਰਹਿਮਾਨ ਦੇ ਪੀ.ਏ. ਗੁਰਮੁੱਖ ਸਿੰਘ ਸਰਪੰਚ ਪਿੰਡ ਖਾਨਪੁਰ ਨੇ ਦੱਸਿਆ ਕਿ ਹੇਮਕੁੰਟ ਪ੍ਰਬੰਧਕ ਕਮੇਟੀ ਵੱਲੋਂ ਬੀਬਾ ਫਰਿਆਲ ਰਹਿਮਾਨ ਦਾ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਮੇਵਿਆਂ ਦਾ ਪ੍ਰਸ਼ਾਦ, ਸਿਰਪਾਓ ਤੇ ਗੁਰਦੁਆਰਾ ਸਾਹਿਬ ਦੀ ਤਸਵੀਰ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪੀ.ਏ ਗੁਰਮੁੱਖ ਸਿੰਘ ਖਾਨਪੁਰ, ਮੀਤ ਮੈਨੇਜਰ ਮੋਨੂੰ ਸਿੰਘ, ਲਖਵੀਰ ਸਿੰਘ ਲੱਕੀ, ਭਾਈ ਹਮੀਰ ਸਿੰਘ ਹੈੱਡ ਗ੍ਰੰਥੀ, ਸੱਚਾ ਸਿੰਘ ਮੀਤ ਗ੍ਰੰਥੀ, ਲਵਪ੍ਰੀਤ ਸਿੰਘ ਸਮੇਤ ਰਾਮਗੜ੍ਹੀਆ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਜਸਵੀਰ ਸਿੰਘ ਜੱਸੀ ਮੌਜੂਦ ਸਨ।

## ਵੇਰਕਾ ਆਊਟਸੋਰਸ ਮੁਲਾਜ਼ਮ ਯੂਨੀਅਨ ਦਾ ਧਰਨਾ ਅਣਮਿੱਥੇ ਸਮੇਂ 'ਚ ਤਬਦੀਲ



**ਦੋਰਾਹਾ (ਹਰਮਿੰਦਰ ਸੇਠ)**-ਵੇਰਕਾ ਮਿਲਕ ਤੇ ਕੈਟਲਫੀਡ ਪਲਾਂਟ ਆਊਟਸੋਰਸ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਵੇਰਕਾ ਮਿਲਕ ਪਲਾਟਾਂ ਦੇ ਗੇਟਾਂ 'ਤੇ ਆਊਟਸੋਰਸ ਮੁਲਾਜ਼ਮਾਂ ਵੱਲੋਂ ਰੈਗੂਲਰ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਤਿੰਨ ਦਿਨਾਂ ਲਈ ਉਲੀਕੇ ਗਏ ਧਰਨੇ ਨੂੰ ਅਣਮਿੱਥੇ ਸਮੇਂ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਪ੍ਰਧਾਨ ਨੇ ਕਿਹਾ ਕਿ ਵੇਰਕਾ ਮੈਨੇਜਮੈਂਟ ਪਿਛਲੇ ਲੰਮੇ ਸਮੇਂ ਤੋਂ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅਣਦੇਖਾ ਕਰ ਰਹੀ ਹੈ।ਪਿਛਲੇ ਤਿੰਨ ਦਿਨਾਂ ਤੋਂ ਆਊਟਸੋਰਸ ਮੁਲਾਜ਼ਮ ਮਿਲਕ ਪਲਾਂਟਾਂ ਦੇ ਗੇਟਾਂ 'ਤੇ ਰੋਸ ਪ੍ਰਦਰਸ਼ਨ ਕਰ ਰਹੇ ਹਨ, ਪ੍ਰੰਤੂ ਵੇਰਕਾ ਮੈਨੇਜਮੈਂਟ ਵੱਲੋਂ ਕੋਈ ਸਥਾਈ ਹੱਲ ਕੱਢਣ ਦੀ ਬਜਾਏ ਕੋਈ ਵੀ ਮੀਟਿੰਗ ਨਹੀਂ ਕੀਤੀ ਗਈ।ਇਸ ਚੱਲ ਰਹੇ ਧਰਨੇ ਵਿੱਚ ਭਰਾਤਰੀ ਜਥੇਬੰਦੀਆਂ ਵੱਡੀ ਗਿਣਤੀ ਵਿੱਚ ਕਿਸਾਨ ਤੇ ਮਜ਼ਦੂਰਾਂ ਦੇ ਜੱਥੇ ਲੈ ਪਹੁੰਚੀਆਂ।ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵੀ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਸਾਮਰਾਜੀ ਪੱਖੀ ਨੀਤੀਆਂ ਨੂੰ ਬਹੁਤ ਤੇਜ਼ੀ ਨਾਲ ਲਾਗੂ ਕਰ ਰਹੀ ਹੈ।ਇਨ੍ਹਾਂ ਦਾ ਸਾਨੂੰ ਸਮੂਹ ਪੰਜਾਬ ਵਾਸੀਆਂ ਨੂੰ ਇਕੱਠੇ ਹੋ ਕੇ ਵਿਰੋਧ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਅਊਟਸੋਰਸ ਮੁਲਾਜ਼ਮਾਂ ਦਾ ਰੁਜ਼ਗਾਰ ਤੇ ਪੰਜਾਬ ਦੇ ਡੇਅਰੀ ਧੰਦੇ ਨੂੰ ਬਚਾਇਆ ਜਾ ਸਕੇ।ਕਿਸਾਨ ਯੂਨੀਅਨ ਦੇ ਆਗੂਆਂ ਨੇ ਵੀ ਆਪਣੇ ਸਾਥੀਆਂ ਨਾਲ ਇਸ ਚੱਲ ਰਹੇ ਧਰਨੇ 'ਚ ਸ਼ਮੂਲੀਅਤ ਕੀਤੀ ਅਤੇ ਹਰ ਸੰਭਵ ਮਦਦ ਦਾ ਯਕੀਨ ਦਿਵਾਇਆ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੱਡੇ ਸੰਘਰਸ਼ ਉਲੀਕ ਕੇ ਸਰਕਾਰ ਨੂੰ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਕਰ ਦੇਣਗੇ।ਇਸ ਸਮੇਂ ਹੋਰਨਾਂ ਤੋਂ ਇਲਾਵਾ ਮੌਜੂਦ ਸਨ।

## ਦਰਜਨ ਤੋਂ ਵੱਧ ਪਰਵਾਰ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ, ਜਦੋਂ ਪਿੰਡ ਵਧਾਈ ਦੇ ਲਗਭਗ 15 ਪਰਵਾਰਾਂ ਨੇ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਕਹਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ।ਹਰਜਿੰਦਰ ਸਿੰਘ ਸਹਾਰਨ ਦੇ ਗ੍ਰਹਿ ਵਿਖੇ ਪਿੰਡ ਦਾ ਇਕੱਠ ਰੱਖਿਆ ਗਿਆ, ਜਿਸ ਵਿੱਚ ਹਨੀ ਫੱਤਣਵਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਵੱਖ-ਵੱਖ ਪਾਰਟੀਆਂ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਪਰਵਾਰਾਂ ਨੂੰ ਹਨੀ ਫੱਤਣਵਾਲਾ ਨੇ ਜੀ ਆਇਆਂ ਕਿਹਾ ਤੇ ਹਾਰ ਪਾ ਕੇ ਪਾਰਟੀ ਵਿੱਚ ਸ਼ਾਮਲ ਕੀਤਾ। ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪਰਵਾਰਾਂ ਨੇ ਦੱਸਿਆ ਕਿ ਅਸੀਂ ਪਹਿਲਾਂ ਕਾਂਗਰਸ ਤੇ ਫਿਰ ਆਮ ਆਦਮੀ ਪਾਰਟੀ ਦੀਆਂ ਗੱਲਾਂ ਵਿੱਚ ਆ ਗਏ ਸੀ, ਪਰ ਹੁਣ ਅਸੀਂ ਸਮਝ ਚੁੱਕੇ ਹਾਂ ਕਿ ਪੰਜਾਬ ਦੇ ਲੋਕਾਂ ਦੇ ਕੰਮ ਸਿਰਫ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੀ ਕਰ ਸਕਦੀ ਹੈ, ਕਿਉਂਕਿ ਪੰਜਾਬ ਵਿੱਚ ਇਸ ਤੋਂ ਪਹਿਲਾਂ ਜੋ ਵੀ ਵਿਕਾਸ ਹੋਇਆ ਉਹ ਅਕਾਲੀ ਸਰਕਾਰ ਮੌਕੇ ਹੀ ਹੋਇਆ ਹੈ।ਇਸ ਮੌਕੇ ਪਾਰਟੀ ਵਿੱਚ ਹਰਜਿੰਦਰ ਸਿੰਘ, ਸਤਨਾਮ ਸਿੰਘ ਮਿਸਤਰੀ, ਬਾਬਾ ਜਗਵੀਰ ਸਿੰਘ, ਗੁਰਮੇਹਰ ਸਿੰਘ, ਕਾਕੂ ਸਿੰਘ, ਨਿਸ਼ਾਨ ਸਿੰਘ, ਲਾਡੀ ਸਿੰਘ, ਰਵਿੰਦਰ ਸਿੰਘ, ਮਨੀਪਾਲ ਸਿੰਘ, ਰਾਜਾ ਸਿੰਘ, ਲਖਵਿੰਦਰ ਸਿੰਘ, ਅਕਾਸ਼ਦੀਪ ਸਿੰਘ, ਮੋਟਾ ਸਿੰਘ, ਸਤਨਾਮ ਸਿੰਘ ਢਾਣੀ ਵਾਲਾ, ਮੁਕੰਦ ਸਿੰਘ ਨੂੰ ਸ਼ਾਮਲ ਕੀਤਾ ਗਿਆ। ਇਹ ਸਾਰੇ ਪਰਿਵਾਰ ਹਰਪ੍ਰੀਤ ਸਿੰਘ ਰੋਬੀ ਫੱਤਣਵਾਲਾ ਤੇ ਸ਼ਮਿੰਦਰ ਸਿੰਘ ਸੰਧੂ ਦੀ ਪ੍ਰੇਰਨਾ ਨਾਲ ਸ਼ਾਮਲ ਹੋਏ।ਹਨੀ ਫੱਤਣਵਾਲਾ ਨੇ ਸ਼ਾਮਲ ਹੋਏ ਪਰਵਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਪਾਰਟੀ ਵੱਲੋਂ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ ਤੇ ਹਰ ਸਮੇਂ ਉਨ੍ਹਾਂ ਦੇ ਮੋਢੇ ਨਾਲ ਮੋਢਾ ਲਗਾ ਕੇ ਨਾਲ ਖੜੇ ਹਨ।

# ਪ੍ਰਵਾਸੀ ਮਜ਼ਦੂਰਾਂ ਦੇ ਆਪਸੀ ਝਗੜੇ 'ਚ ਜ਼ਖ਼ਮੀ ਵਿਅਕਤੀ ਦੀ ਹੋਈ ਮੌਤ

### 4 ਮਹੀਨੇ ਤੋਂ ਕੋਮਾ 'ਚ ਸੀ ਮ੍ਰਿਤਕ ਨੰਦਨ ਸਾਹਨੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਦੀ ਬਲੀਬੇਗ ਬਸਤੀ ਵਿਖੇ ਪ੍ਰਵਾਸੀ ਮਜ਼ਦੂਰਾਂ ਦੇ 4 ਮਹੀਨੇ ਪਹਿਲਾਂ ਹੋਏ ਆਪਸੀ ਝਗੜੇ ਵਿੱਚ ਜ਼ਖ਼ਮੀ ਤੇ ਕੋਮਾ ਵਿੱਚ ਪਏ ਵਿਅਕਤੀ ਨੰਦਨ ਸਾਹਨੀ ਦੀ ਮੌਤ ਹੋ ਗਈ, ਜਿਸ 'ਤੇ ਪੁਲਸ ਨੇ ਜੁਰਮ ਵਿੱਚ ਵਾਧਾ ਕਰਦਿਆਂ 8 ਵਿਅਕਤੀਆਂ ਖਿਲਾਫ਼ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਕਰਨੈਲ ਸਿੰਘ ਨੇ ਦੱਸਿਆ ਕਿ 31-5-2025 ਨੂੰ ਬਲੀਬੇਗ ਵਿਖੇ ਦੋ ਪਰਵਾਰਾਂ ਵਿੱਚ ਝਗੜਾ ਹੋ ਗਿਆ ਸੀ, ਜਿਸ ਵਿੱਚ ਨੰਦਨ ਸਾਹਨੀ ਗੰਭੀਰ ਜ਼ਖ਼ਮੀ ਹੋ ਗਿਆ ਸੀ। ਪੁਲਸ ਵੱਲੋਂ ਉਸ ਸਮੇਂ 8 ਵਿਅਕਤੀ ਅਮਿਤ, ਸੁਮਿਤ, ਅਰਜਨ ਸਾਹਨੀ, ਮਿਸਟਰ ਸਾਹਨੀ, ਰਣਜੀਤ ਸਾਹਨੀ, ਸੁਮਨ ਕੁਮਾਰ, ਸਲੇਮ ਕੁਮਾਰ ਵਾਸੀਆਨ ਬਲੀਬੇਗ ਬਸਤੀ ਤੇ ਅਰੁਣ ਕੁਮਾਰ ਵਾਸੀ ਤਾਜਪੁਰ ਰੋਡ ਲੁਧਿਆਣਾ ਖਿਲਾਫ਼ ਮਾਮਲਾ ਦਰਜ ਕਰ ਲਿਆ ਸੀ, ਜਿਨ੍ਹਾਂ 'ਚੋਂ 6 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਸਹਾਇਕ ਥਾਣੇਦਾਰ ਨੇ ਦੱਸਿਆ ਕਿ ਇਲਾਜ ਤੋਂ ਬਾਅਦ ਨੰਦਨ ਸਾਹਨੀ ਆਪਣੇ ਘਰ ਆ ਗਿਆ ਸੀ, ਪਰ ਕੋਮਾ ਦੀ ਹਾਲਤ ਵਿੱਚ ਸੀ, ਜਿਸ ਦੀ ਬੀਤੀ ਰਾਤ ਮੌਤ ਹੋ ਗਈ। ਪੁਲਸ ਵੱਲੋਂ ਹੁਣ ਜੁਰਮ ਵਿੱਚ ਵਾਧਾ ਕਰ ਦਿੱਤਾ ਗਿਆ ਅਤੇ ਜਲਦ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਦੂਸਰੇ ਪਾਸੇ ਮ੍ਰਿਤਕ ਨੰਦਨ ਸਾਹਨੀ ਦੇ ਪੁੱਤਰ ਚੰਦਨ ਕੁਮਾਰ ਨੇ ਦੱਸਿਆ ਕਿ ਉਸ ਦੇ ਪਿਤਾ ਦੀ ਲੜਾਈ ਦੌਰਾਨ ਬਹੁਤ ਕੁੱਟਮਾਰ ਕੀਤੀ ਗਈ ਸੀ, ਜਿਸ ਵਿੱਚ ਉਹ ਜ਼ਖ਼ਮੀ ਹੋ ਗਏ ਸਨ। ਬਿਆਨਕਰਤਾ ਅਨੁਸਾਰ ਉਸ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ, ਜਿੱਥੇ ਉਸ ਦੇ ਸਿਰ ਦੀ ਸਰਜਰੀ ਵੀ ਹੋਈ, ਪਰ ਉਹ ਕੋਮਾ ਦੀ ਹਾਲਤ ਵਿੱਚ ਸਨ।

ਚੰਦਨ ਕੁਮਾਰ ਨੇ ਦੱਸਿਆ ਕਿ ਉਸ ਦੇ ਪਿਤਾ ਦੀ ਅੱਜ ਮੌਤ ਹੋ ਗਈ ਤੇ ਪੁਲਸ ਵੱਲੋਂ ਹੁਣ ਲਾਸ਼ ਪੋਸਟ ਮਾਰਟਮ ਲਈ ਲਿਆਂਦੀ ਗਈ ਹੈ। ਚੰਦਨ ਕੁਮਾਰ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜਿਨ੍ਹਾਂ ਵਿਅਕਤੀਆਂ ਵੱਲੋਂ ਕੁੱਟਮਾਰ ਕਰਨ ਨਾਲ ਉਸ ਦੇ ਪਿਤਾ ਦੀ ਮੌਤ ਹੋਈ ਹੈ, ਉਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

## ਵਿਧਾਇਕਾ ਮਾਣੂੰਕੇ ਵੱਲੋਂ ਸੜਕਾਂ ਦੀ ਹਾਲਤ ਸੁਧਾਰਨ ਲਈ ਅਪਗ੍ਰੇਡੇਸ਼ਨ ਮੁਹਿੰਮ ਦਾ ਐਲਾਨ



**ਜਗਰਾਉਂ (ਅਮਿਤ ਖੰਨਾ)**-ਹਲਕਾ ਜਗਰਾਉਂ ਦੇ ਲੋਕਾਂ ਨੂੰ ਟੁੱਟੀਆਂ ਸੜਕਾਂ ਤੋਂ ਨਿਯਾਤ ਦਿਵਾਉਣ ਲਈ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਜੰਗੀ ਪੱਧਰ 'ਤੇ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ ਤੇ ਇਨ੍ਹਾਂ ਸੜਕਾਂ ਦੀ ਅਪਗ੍ਰੇਡੇਸ਼ਨ ਦੇ ਨੀਂਹ ਪੱਥਰ 11 ਤੇ 12 ਅਕਤੂਬਰ ਨੂੰ ਰੱਖੇ ਜਾਣਗੇ ਅਤੇ ਨਿਰਮਾਣ ਦਾ ਕੰਮ ਸ਼ੁਰੂ ਕਰਾਇਆ ਜਾਵੇਗਾ।ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਦੱਸਿਆ ਕਿ ਬਹੁਤ ਸਾਰੀਆਂ ਪੇਂਡੂ ਸੜਕਾਂ ਟੁੱਟ ਚੁੱਕੀਆਂ ਹਨ, ਜਿਸ ਕਾਰਨ ਲੋਕਾਂ ਨੂੰ ਰੋਜ਼ਮਰ੍ਹਾ ਦੇ ਕੰਮ ਕਰਨ ਲਈ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾਂ ਪੈਂਦਾ ਸੀ।ਇਸ ਲਈ ਲੋਕਾਂ ਦੀਆਂ ਸੱਮਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਟੁੱਟੀਆਂ ਸੜਕਾਂ ਤੋਂ ਨਿਜ਼ਾਤ ਦਿਵਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਅਪਗ੍ਰੇਡੇਸ਼ਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ ਤੇ 11 ਅਤੇ 12 ਅਕਤੂਬਰ ਨੂੰ ਨੀਂਹ ਪੱਥਰ ਰੱਖ ਕੇ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰ ਦਿੱਤਾ ਜਾਵੇਗਾ।ਉਨ੍ਹਾਂ ਆਖਿਆ ਕਿ ਭਾਵੇਂ ਇਨ੍ਹਾਂ ਸੜਕਾਂ ਦੇ ਅਪਗ੍ਰੇਡੇਸ਼ਨ ਦਾ ਕੰਮ 31 ਮਾਰਚ 2026 ਤੱਕ ਮੁਕੰਮਲ ਕਰਨ ਦੀ ਯੋਜਨਾ ਹੈ, ਪ੍ਰੰਤੂ ਲੋਕਾਂ ਦੀਆਂ ਮੁਸ਼ਕਲਾਂ ਨੂੰ ਵੇਖਦੇ ਹੋਏ ਦੋ ਮਹੀਨੇ ਦੇ ਅੰਦਰ ਅੰਦਰ ਕੰਮ ਮੁਕੰਮਲ ਕਰਾਇਆ ਜਾਵੇਗਾ।

ਵਿਧਾਇਕਾ ਮਾਣੂੰਕੇ ਨੇ ਆਖਿਆ ਕਿ ਵਿਧਾਨ ਸਭਾ ਹਲਕਾ ਜਗਰਾਉਂ ਅਧੀਨ 11 ਅਕਤੂਬਰ ਨੂੰ ਮਲਕ ਤੋਂ ਅਲੀਗੜ੍ਹ, ਬਰਸਾਲ ਤੋਂ ਪੋਨਾਂ, ਚੀਮਨਾਂ ਤੋਂ ਸਿੱਧਵਾਂ ਖੁਰਦ, ਰਾਮਗੜ੍ਹ ਤੋਂ ਬੁਜਰਗ, ਸ਼ੇਖਦੌਲਤ ਤੋਂ ਲੀਲਾਂ, ਅਪਰੋਚ ਰੋਡ ਬੋਦਲਵਾਲਾ, ਲੁਧਿਆਣਾ ਫਿਰੋਜ਼ਪੁਰ ਰੋਡ ਤੋਂ ਕੋਠੇ ਸ਼ੇਰਜੰਗ, ਲੁਧਿਆਣਾ ਫਿਰੋਜ਼ਪੁਰ ਰੋਡ ਤੋਂ ਕੋਠੇ ਜੀਵਾ, ਪਰਚੇਜ ਸੈਂਟਰ ਗਾਲਿਬ ਕਲਾਂ ਮਾਰਕੀਟ ਕਮੇਟੀ ਦੀ ਹੱਦ ਤੱਕ, ਲੋਧੀਵਾਲਾ ਤੋਂ ਸੋਢੀਵਾਲ ਤੋਂ ਬਾਉਲੀ ਸਾਹਿਬ, ਮਲਸ਼ੀਹਾਂ ਬਾਜਣ ਤੋਂ ਕਿਸ਼ਨਪੁਰਾ ਰੋਡ, ਗਿੱਦੜਵਿੰਡੀ ਤੋਂ ਕੰਨੀਆਂ ਤੋਂ ਸਤਲੁਜ ਬੰਨ੍ਹ, ਬਹਾਦਰਕੇ ਤੋਂ ਕਿਸ਼ਨਪੁਰਾ ਜ਼ਿਲ੍ਹੇ ਦੀ ਹੱਦ ਤੱਕ, ਸ਼ੇਰੇਵਾਲ ਤੋਂ ਕੰਨੀਆਂ ਡੇਰਾ ਬਾਬਾ ਲਾਲ ਸਿੰਘ, ਖੁਰਸ਼ੈਦਪੁਰ ਤੋਂ ਪਰਜੀਆਂ ਤੋਂ ਕੰਨੀਆਂ ਤੋਂ ਹੁਸੈਨੀ ਰੋਡ ਤੱਕ ਦੇ ਨੀਂਹ ਪੱਥਰ ਰੱਖੇ ਜਾਣਗੇ।

ਇਸੇ ਤਰ੍ਹਾਂ 12 ਅਕਤੂਬਰ ਨੂੰ ਡੱਲਾ ਰੋਡ ਤੋਂ ਕੋਠੇ ਰਾਹਲਾਂ ਰੋਡ, ਕਾਉਂਕੇ ਖੋਸਾ ਤੋਂ ਡੱਲਾ ਰੋਡ, ਡਾਂਗੀਆਂ ਤੋਂ ਕਾਉਂਕੇ ਖੋਸਾ, ਰਸੂਲਪੁਰ ਤੋਂ ਲੋਪੋਂ, ਮੱਲ੍ਹਾ ਤੋਂ ਮਾਣੂੰਕੇ, ਡੱਲਾ ਤੋਂ ਮੱਲ੍ਹਾ ਰੋਡ, ਡੱਲਾ ਤੋਂ ਭੰਮੀਪੁਰਾ, ਭੰਮੀਪੁਰਾ ਤੋਂ ਰਣਧੀਰਗੜ੍ਹ, ਮਲਕ ਰੋਡ ਤੋਂ ਕੋਠੇ ਸ਼ੇਰਜੰਗ ਆਦਿ ਸੜਕਾਂ ਦੀ ਅੱਪਗ੍ਰੇਡੇਸ਼ਨ ਦੇ ਨੀਂਹ ਪੱਥਰ ਰੱਖਕੇ ਕੰਮ ਸ਼ੁਰੂ ਕਰਵਾਇਆ ਜਾਵੇਗਾ।ਉਨ੍ਹਾਂ ਹਲਕੇ ਦੇ ਲੋਕਾਂ, ਸਮੂਹ ਅਹੁਦੇਦਾਰਾਂ ਤੇ ਵਲੰਟੀਅਰਾਂ ਨੂੰ ਅਪੀਲ ਕਰਦੇ ਹੋਏ ਆਖਿਆ ਕਿ 11 ਤੇ 12 ਅਕਤੂਬਰ ਨੂੰ ਦੋਵੇਂ ਦਿਨ ਸਵੇਰ ਤੋਂ ਸ਼ਾਮ ਤੱਕ ਚੱਲਣ ਵਾਲੇ ਇਹਨਾਂ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਤੇ ਖੁਦ ਨਿਗਰਾਨੀ ਕਰਕੇ ਆਪਣੇ ਪਿੰਡਾਂ ਦੀ ਹਾਲਤ ਸੁਧਾਰਨ ਲਈ ਮੁਹਿੰਮ ਦਾ ਹਿੱਸਾ ਬਣਨ।

## ਅੱਖਾਂ ਦੀ ਦੇਖਭਾਲ ਲਈ ਸਮੇਂ-ਸਮੇਂ 'ਤੇ ਜਾਂਚ ਜ਼ਰੂਰੀ : ਡਾ. ਸੁਦੀਪ ਸਿੱਧੂ

**ਖੰਨਾ (ਸੁਖਵਿੰਦਰ ਸਿੰਘ ਭਾਦਲਾ)** ਸਿਵਲ ਸਰਜਨ ਡਾ. ਰਮਨਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫਸਰ ਡਾ. ਸੁਦੀਪ ਸਿੱਧੂ ਦੀ ਅਗਵਾਈ ਵਿੱਚ ਵਿਸ਼ਵ ਦ੍ਰਿਸ਼ਟੀ ਦਿਵਸ ਮੌਕੇ ਸੀ.ਐਚ.ਸੀ ਮਾਨੂੰਪੁਰ ਵਿਖੇ ਅੱਖਾਂ ਦੀ ਦੇਖਭਾਲ ਸਬੰਧੀ ਜਾਗਰੂਕਤਾ ਕੈਪ ਲਾਏ ਗਏ।ਡਾ. ਸੁਦੀਪ ਸਿੱਧੂ ਨੇ ਦੱਸਿਆ ਕਿ ਇਸ ਦਿਵਸ ਦਾ ਮੁੱਖ ਉਦੇਸ਼ ਲੋਕਾਂ ਵਿੱਚ ਅੱਖਾਂ ਦੀ ਸਿਹਤ, ਦ੍ਰਿਸ਼ਟੀ ਦੇ ਮਹੱਤਵ ਤੇ ਅੰਨ੍ਹੇਪਣ ਦੀ ਰੋਕਥਾਮ ਬਾਰੇ ਜਾਗਰੂਕ ਪੈਦਾ ਕਰਨਾ ਹੈ।ਉਨ੍ਹਾਂ ਕਿਹਾ ਕਿ ਅੱਖਾਂ ਦੀ ਦੇਖਭਾਲ ਲਈ ਪੌਸ਼ਟਿਕ ਭੋਜਨ ਜਿਵੇਂ ਗਾਜਰ, ਹਰੀਆ ਪੱਤੇਦਾਰ ਸਬਜ਼ੀਆਂ, ਦਾਲ਼ਾਂ, ਮੇਵੇ ਦੀ ਉੱਚਿਤ ਮਾਤਰਾ 'ਚ ਵਰਤੋਂ ਬੜੀ ਮਹੱਤਵਪੂਰਨ ਹੈ।

ਇਸ ਸਮੇਂ ਡਾ. ਚਿਰਾਗ ਸੋਮਰਾ ਤੇ ਬੀ.ਈ.ਈ ਗੁਰਦੀਪ ਸਿੰਘ ਨੇ ਕਿਹਾ ਕਿ ਨਜ਼ਰ ਦਾ ਘਟਣਾ, ਅੱਖਾਂ ਜਾਂ ਸਿਰਦਰਦ, ਅੱਖਾਂ 'ਚ ਡਰਾਈਨੈੱਸ ਜਾਂ ਸੋਜ ਆਦਿ ਲੱਛਣ ਦਿਖਾਈ ਦੇਣ ਤੇ ਨੇੜਲੇ ਸਿਹਤ ਕੇਂਦਰ ਜਾ ਕੇ ਜਾਂਚ ਕਰਾਉਣੀ ਜ਼ਰੂਰੀ ਹੈ।

## ਖੇਤੀਬਾੜੀ ਵਿਭਾਗ ਵੱਲੋਂ ਮਲੂਕਪੁਰ 'ਚ ਕਿਸਾਨ ਜਾਗਰੂਕਤਾ ਕੈਂਪ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਫਾਜ਼ਿਲਕਾ ਵੱਲੋਂ ਅਬੋਹਰ ਦੇ ਪਿੰਡ ਮਲੂਕਪੁਰ ਵਿਖੇ ਆਈ. ਈ. ਸੀ. ਐਕਟੀਵਿਟੀ ਤਹਿਤ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿੱਚ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਖੇਤ ਵਿੱਚ ਹੀ ਵਹਾ ਕੇ ਮਿੱਟੀ ਦੀ ਸਿਹਤ ਸੁਧਾਰ ਕਰਨ ਤੇ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਜਾਗਰੂਕ ਕੀਤਾ ਗਿਆ।ਖੇਤੀਬਾੜੀ ਵਿਭਾਗ ਤੋਂ ਏ. ਡੀ. ਓ. ਗੁਰਪ੍ਰੀਤ ਲੋਹੀਆ, ਏ. ਟੀ. ਐੱਮ. ਖ਼ੁਸ਼ਪ੍ਰੀਤ ਸਿੰਘ ਤੇ ਸੀ. ਪੀ. ਸੀ. ਬੀ. ਦਿੱਲੀ ਤੋਂ ਸ੍ਰੀ ਸ਼ਸ਼ਾਂਕ ਖਰੇ ਨੇ ਕਿਸਾਨਾਂ ਨੂੰ ਦੱਸਿਆ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਹੋਏ ਧੂੰਆਂ ਕਾਰਨ ਜਿੱਥੇ ਸੜਕੀ ਦੁਰਘਟਨਾਵਾਂ ਵਿੱਚ ਵਾਧਾ ਹੁੰਦਾ ਹੈ, ਉੱਥੇ ਹੀ ਸਾਹ ਤੇ ਚਮੜੀ ਆਦਿ ਭਿਆਨਕ ਬਿਮਾਰੀਆਂ ਵਿੱਚ ਵੀ ਵਾਧਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਜੇਕਰ ਕਿਸਾਨ ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਵਹਾ ਦੇਣ ਤਾਂ ਇਹ ਪਰਾਲੀ ਰੂੜੀ ਦਾ ਰੂਪ ਬਣ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਕਰੇਗੀ ਤੇ ਅਗਲੀ ਫਸਲ ਦਾ ਝਾੜ ਵੀ ਵਧੇਗਾ।

## ਪਰਾਲੀ ਦੀ ਅੱਗ ਰੋਕਣ ਤੋਂ ਸਿੱਖਿਆ ਵਿਭਾਗ ਦੇ ਅਮਲੇ ਨੇ ਹੱਥ ਕੀਤੇ ਖੜ੍ਹੇ, ਧਰਨਾ ਦੇ ਕੇ ਡਿਊਟੀਆਂ ਕੱਟਣ ਦੀ ਕੀਤੀ ਮੰਗ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਰਾਲੀ ਦੀ ਅੱਗ ਰੋਕਣ ਲਈ ਸਿੱਖਿਆ ਵਿਭਾਗ ਦੇ ਅਮਲੇ ਦੀਆਂ ਡਿਊਟੀਆਂ ਲੱਗਣ ਦਾ ਸਿਲਸਿਲਾ ਜਾਰੀ ਹੈ।ਅਧਿਕਾਰੀਆਂ ਕੋਲ ਕਈ ਵਾਰ ਪਹੁੰਚ ਕਰਨ 'ਤੇ ਸੁਣਵਾਈ ਨਾ ਹੋਣ 'ਤੇ ਸਿੱਖਿਆ ਵਿਭਾਗ ਦੇ ਸਟਾਫ ਵੱਲੋਂ ਪਟਿਆਲਾ ਵਿਖੇ ਧਰਨਾ ਦਿੱਤਾ ਗਿਆ ਹੈ, ਜਿਸ ਵਿੱਚ ਸਮੂਹ ਜ਼ਿਲ੍ਹਾ ਸਿੱਖਿਆ ਦਫਤਰ ਦੇ ਕਲੈਰੀਕਲ ਅਮਲੇ ਨੇ ਦਫਤਰੀ ਕੰਮ ਬੰਦ ਕਰਕੇ ਹਿੱਸਾ ਲਿਆ।ਮੁਲਾਜ਼ਮ ਜਥੇਬੰਦੀ ਦੇ ਜਨਰਲ ਸਕੱਤਰ ਪਵਨ ਸ਼ਰਮਾ ਤੇ ਦਫਤਰੀ ਅਮਲੇ ਦੇ ਅਹੁਦੇਦਾਰਾਂ ਨੇ 'ਸਟਬਲ ਬਰਨਿੰਗ' ਵਿੱਚ ਲਗਾਈਆਂ ਗਈਆਂ ਕਲਰਕਾਂ ਦੀਆਂ ਡਿਊਟੀਆਂ ਦੇ ਵਿਰੋਧ 'ਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਐੱਸਡੀਐੱਮ ਦਫਤਰ ਵੱਲੋਂ ਜ਼ਿਲ੍ਹਾ ਸਿੱਖਿਆ ਦਫਤਰ ਪਟਿਆਲਾ ਦੇ ਕਲਰਕਾਂ ਦੀਆਂ ਜਾਣ ਬੁੱਝ ਕੇ ਡਿਊਟੀਆਂ ਲਗਾਉਣ ਦਾ ਸਖਤ ਵਿਰੋਧ ਕੀਤਾ।ਜ਼ਿਲ੍ਹਾ ਸਿੱਖਿਆ ਅਫਸਰ ਸੰਜੀਵ ਸ਼ਰਮਾ ਨੇ ਰੋਸ ਪ੍ਰਦਰਸ਼ਨ 'ਚ ਪਹੁੰਚ ਕੇ ਇਹ ਭਰੋਸਾ ਦਿਵਾਇਆ ਕਿ ਸਟਬਲ ਬਰਨਿੰਗ 'ਚ ਲਗਾਈਆਂ ਜਾ ਰਹੀਆਂ ਡਿਊਟੀਆਂ ਦਾ ਤੁਰੰਤ ਸਥਾਈ ਹਲ ਕੀਤਾ ਜਾਵੇਗਾ।ਸੂਬਾ ਜਨਰਲ ਸਕੱਤਰ ਪਵਨ ਸ਼ਰਮਾ ਨੇ ਦੱਸਿਆ ਕਿ ਸਟਬਲ ਬਰਨਿੰਗ 'ਚ ਲਗਾਈਆਂ ਜਾ ਰਹੀਆਂ ਡਿਊਟੀਆਂ ਦੇ ਕਾਰਨ ਨਾ ਸਿਰਫ ਦਫਤਰੀ ਕੰਮਕਾਜ ਪ੍ਰਭਾਵਿਤ ਹੋ ਰਿਹਾ ਹੈ, ਬਲਕਿ ਕਲਰਕਾਂ 'ਤੇ ਮਾਨਸਿਕ ਤਣਾਅ ਵੀ ਵੱਧ ਰਿਹਾ।ਦੱਸਣਯੋਗ ਹੈ ਕਿ ਬਹੁਤ ਸਾਰੇ ਕਲਰਕਾਂ ਦੀ ਡਿਊਟੀ ਬੀ.ਐੱਲ.ਓ. ਵਜੋਂ ਵੀ ਲਗੀ ਹੋਈ ਹੈ, ਜਿਸ ਸਬੰਧੀ ਐੱਸਡੀਐੱਮ ਪਟਿਆਲਾ ਨਾਲ ਦੋ ਵਾਰ ਮੁਲਾਕਾਤ ਕੀਤੀ ਗਈ ਤੇ ਉਨ੍ਹਾਂ ਨੂੰ ਇਸ ਸਮੱਸਿਆ ਬਾਰੇ ਜਾਣੂ ਕਰਵਾਇਆ ਗਿਆ, ਪ੍ਰੰਤੂ ਉਨ੍ਹਾਂ ਵੱਲੋਂ ਕੋਈ ਵੀ ਸਥਾਈ ਹੱਲ ਨਹੀਂ ਕੀਤਾ ਗਿਆ।ਦਫਤਰ ਵਿੱਚ 28 ਦਾ ਸਟਾਫ ਹੈ, ਇਨ੍ਹਾਂ ਵਿੱਚੋਂ 17 ਦੀ ਡਿਊਟੀ ਵਾਧੂ ਕੰਮਾਂ 'ਤੇ ਲਗਾਈ ਗਈ ਹੈ, ਜਿਸ ਨਾਲ ਦਫਤਰੀ ਕੰਮ ਪ੍ਰਭਾਵਿਤ ਹੋ ਰਿਹਾ ਹੈ।ਕੋਈ ਸੁਣਵਾਈ ਨਾ ਹੋਣ 'ਤੇ ਅੱਜ ਰੋਸ ਪ੍ਰਦਰਸ਼ਨ ਕਰਨਾ ਪਿਆ ਹੈ।ਧਰਨਾ ਦੇ ਰਹੇ ਮੁਲਾਜ਼ਮਾਂ ਨੇ ਚਿਤਵਾਨੀ ਦਿੱਤੀ ਕਿ ਜੇਕਰ ਇਹ ਡਿਊਟੀਆਂ ਨਹੀਂ ਕੱਟੀਆਂ ਜਾਂਦੀਆਂ ਤਾਂ ਇਹ ਰੋਸ ਪ੍ਰਦਰਸ਼ਨ ਪੂਰੇ ਪੰਜਾਬ ਵਿੱਚ ਹੋਵੇਗਾ।


**ਟਰੂਕੈਪ ਫਾਇਨਾਂਸ ਲਿਮਟਿਡ**

ਰਜਿਸਟਰਡ ਦਫਤਰ : ਰਜਿਸਟਰਡ ਦਫਤਰ, ਚੌਥੀ ਮੰਜ਼ਲ, ਏ-ਵਿੰਗ, ਡੀ.ਜੇ. ਹਾਊਸ, ਪੁਰਾਣੀ ਨਗਾਰਦਾਸ ਰੋਡ, ਅੰਧੇਰੀ (ਪੂਰਬ), ਮੁੰਬਈ-400069, ਮਹਾਰਾਸ਼ਟਰ
ਜੀ ਐੱਸ ਟੀ ਨੰਬਰ : 27AAACD9887D1ZC
ਕਾਰਪੋਰੇਟ ਪਛਾਣ ਨੰਬਰ : L64920MH1994PLC334457

**ਜਨਤਕ ਨੋਟਿਸ**

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਹਿਣ ਕੀਤੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਟਰੂਕੈਪ ਫਾਇਨਾਂਸ ਲਿਮਟਿਡ ਵੱਲੋਂ 27 ਅਕਤੂਬਰ 2025 ਨੂੰ ਪਠਾਨਕੋਟ ਵਿਖੇ ਸਵੇਰੇ 11.00 ਵਜੇ ਕੀਤੀ ਜਾਵੇਗੀ।
ਬਰਾਂਚ ਦਾ ਪਤਾ : ਟਰੂਕੈਪ ਫਾਇਨਾਂਸ ਲਿਮਟਿਡ, ਉੱਪਰ ਸਟੇਟ ਬੈਂਕ ਆਫ ਇੰਡੀਆ, ਸੈਲਾਈ ਰੋਡ, ਪਠਾਨਕੋਟ, ਪੰਜਾਬ-145001
ਨਿਲਾਮੀ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਵੱਖ-ਵੱਖ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜੋ ਆਪਣੇ ਬਕਾਏ ਅਦਾ ਕਰਨ 'ਚ ਅਸਫਲ ਰਹੇ ਹਨ। ਸਾਡੇ ਨਿਲਾਮੀ ਦੇ ਨੋਟਿਸ ਬਕਾਇਦਾ ਇਨ੍ਹਾਂ ਕਰਜ਼ਦਾਰਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।
ਨਿਲਾਮੀ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਵੱਖ-ਵੱਖ ਗਾਹਕਾਂ ਦੇ ਬਕਾਇਆ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜਿਨ੍ਹਾਂ ਦਾ ਵੇਰਵਾ ਸਮੇਤ ਬਰਾਂਚ ਦੇ ਨਾਂਅ ਨਾਲ ਹੇਠਾਂ ਦਰਸਾਇਆ ਗਿਆ ਹੈ।
ਪਠਾਨਕੋਟ ਬਰਾਂਚ : GI0000000311602.
ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ ਟਰੂਕੈਪ ਫਾਇਨਾਂਸ ਲਿਮਟਿਡ ਨਾਲ ਸੰਪਰਕ ਕੀਤਾ ਜਾਵੇ
**ਸੰਪਰਕ ਵਿਅਕਤੀ : ਸਤੀਸ਼ ਕੁਮਾਰ**
**ਸੰਪਰਕ ਨੰਬਰ : 9560735444**
ਟਰੂਕੈਪ ਫਾਇਨਾਂਸ ਲਿਮਟਿਡ ਨੂੰ ਬਿਨਾਂ ਕਿਸੇ ਅਗਾਊਂ ਨੋਟਿਸ ਨਿਲਾਮੀ ਕੀਤੇ ਜਾ ਰਹੇ ਖਾਤਿਆਂ ਦੇ ਨੰਬਰ ਤਬਦੀਲ ਕਰਨ ਅਤੇ ਨਿਲਾਮੀ ਮੁਲਤਵੀ/ਰੱਦ ਕਰਨ ਦਾ ਅਧਿਕਾਰ ਹੈ।
ਟਰੂਕੈਪ ਫਾਇਨਾਂਸ ਲਿਮਟਿਡ


**ਉੱਤਰ ਰੇਲਵੇ**

**ਖੁਲੀ ਟੈਂਡਰ ਸੂਚਨਾ**

ਵ.ਮੰਡਲ ਵਿਦੁਤ ਇੰਜੀਨੀਅਰ/ਟੀ.ਆਰ.ਡੀ., ਉ.ਰੇ. ਫ਼ਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ ਆਖਰੀ ਮਿਤੀ 31.10.2025 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਅਪਣੀ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ 31.10.2025 ਨੂੰ 15.00 ਵਜੇ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹੈ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਟੈਂਡਰ ਦੀ ਕੀਮਤ (₹) | ਟੈਂਡਰ ਪੂਰਾ ਕਰਨ ਦੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | |
|---|---|---|---|---|---|---|---|---|
| 719-ਟੀ.ਆਰ.ਡੀ-ਫ਼ਿਰੋਜ਼ਪੁਰ-2025-26 | ਫ਼ਿਰੋਜ਼ਪੁਰ ਡਵੀਜਨ ਵਿਚ CEU/TSS (01 ਨੰਬਰ) ਅਤੇ BTR/TSS (02 ਨੰਬਰ) ਦੇ 03 ਟ੍ਰੈਕਸ਼ਨ ਟ੍ਰਾਂਸਫਾਰਮਰਾਂ ਦੀ ਪੀਓਐਚ | ₹ 1,19,82,899.61 | ਸਿਫ਼ਰ | 31.10.2025 15:00 ਵਜੇ ਤਕ | 2,09,900/- | 12 ਮਹੀਨੇ | 31.10.2025 15:00 ਵਜੇ ਦੇ ਬਾਦ | ਵੇਬਸਾਈਟ www.ireps.gov.in |
| ਕੰਮ ਦੀ ਸਮਾਨ ਪ੍ਰਕ੍ਰਿਤੀ (ਉਪਰੋਕਤ ਟੈਂਡਰ ਨੰ: 720-ਟੀ.ਆਰ.ਡੀ. ਫ਼ਿਰੋਜ਼ਪੁਰ-2025-26 ਦੇ ਲਈ): (i) ਟ੍ਰਾਂਸਫਾਰਮਰ ਦਾ ਓਈਐਮ ਜਾਂ (ii) ਕੋਈ ਵੀ ਨਿਰਮਾਤਾ ਜਿਸਦੇ ਕੋਲ ਟੈਂਡਰ ਖੁਲਣ ਦੀ ਮਿਤੀ (ਖੁਲਣ ਦੀ ਮਿਤੀ ਨੂੰ ਛੱਡਕੇ) ਤਕ ਭਾਰਤੀਯ ਰੇਲਵੇ/ਕੇਂਦਰੀਯ ਸਾਰਵਜਨਿਕ ਖੇਤਰ ਦੇ ਉਪਕਰਮਾਂ / ਰਾਜ: ਸਾਰਵਜਨਿਕ ਖੇਤਰ ਦੇ ਉਪਕਰਮਾਂ/ਮੈਟਰੋ/ਡੀਐਫਸੀਸੀਆਈਐਲ ਦੇ ਲਈ ਐਮਵੀਏ ਅਤੇ ਕੇਵੀ ਦੋਨੋ ਦੇ ਸਬੰਧ ਵਿਚ ਸਮਾਨ ਜਾਂ ਉੱਚਤਰ ਰੇਟਿੰਗ ਦੇ ਟ੍ਰਾਂਸਫਾਰਮ ਦੇ ਚਾਲੂ ਹੋਣ ਦੀ ਮਿਤੀ ਤੋਂ 30 ਮਹੀਨੇ ਦਾ ਸੰਤੋਸ਼ਜਨਕ ਪ੍ਰਦਰਸ਼ਨ ਹੋਵੇ। (ਸੰਦਰਭ : ਪ੍ਰਧਾਨ ਮੁੱਖ ਵਿਦਯੁਤ ਇੰਜੀਨੀਅਰ/ਉੱਤਰ ਰੇਲਵੇ ਦੇ ਪੱਤਰ ਨੰਬਰ 230-ਇਲੇਕਟ/ਟੀਆਰਡੀ/73, ਮਿਤੀ 24.09.2025 ਰੇਲਵੇ ਬੋਰਡ ਦੇ ਪੱਤਰ ਨੰਬਰ 2003/ਇਲੇਕਟ(ਜੀ)/161/ਖੰਡ-III / ਭਾਗ ਈ-3260334 ਮਿਤੀ 22.09.2025 ਦੇ ਬਿੰਦੂ ਨੰਬਰ 12 ਦੇ ਸੰਦਰਭ ਵਿਚ) | | | | | | | | |
| 720-ਟੀ.ਆਰ.ਡੀ-ਫ਼ਿਰੋਜ਼ਪੁਰ-2025-26 | ਫ਼ਿਰੋਜ਼ਪੁਰ/ਐਨਆਰ ਡਵੀਜਨ ਦੇ ਸਾਰੇ ਸੇਕਸ਼ਨਾਂ ਵਿਚ ਮੌਜੂਦਾ ਐਸਸੀਡੀਏ (SCADA) ਪ੍ਰਣਾਲੀ ਵਿਚ ਸਾਈਬਰ ਸੁਰੱਖਿਆ ਦੇ ਕਾਰਯਨਵਯਨ ਦੇ ਲਈ ਕੰਮ। | ₹ 2,19,73,503.27 | ਸਿਫ਼ਰ | 31.10.2025 15:00 ਵਜੇ ਤਕ | 2,59,900/- | 12 ਮਹੀਨੇ | 31.10.2025 15:00 ਵਜੇ ਦੇ ਬਾਦ | www.ireps.gov.in |
| ਕੰਮ ਦੀ ਸਮਾਨ ਪ੍ਰਕ੍ਰਿਤੀ (ਉਪਰੋਕਤ ਟੈਂਡਰ ਨੰ: 720-ਟੀ.ਆਰ.ਡੀ. ਫ਼ਿਰੋਜ਼ਪੁਰ-2025-26 ਦੇ ਲਈ): (i) ਪਾਤਰਤਾ ਮਾਨਦੰਡ ਦੇ ਲਈ ਰੇਲਵੇ ਬੋਰਡ/ਆਰਡੀਐਸਓ ਦਿਸ਼ਾਨਿਰਦੇਸ਼ਾਂ ਦਾ ਪਾਲਨ ਕੀਤਾ ਜਾਣਾ ਚਾਹੀਦਾ। (ii) ਆਈਈਸੀ ਪ੍ਰੋਟੋਕਾਲ ਉਤੇ ਆਧਾਰਿਤ ਸੀਰੀਅਲ ਕੰਮਯੂਨਿਕੇਸ਼ਨ ਪੋਰਟ ਦੇ ਦੁਵਾਰਾ ਤੋਂ ਸੰਖਯਾਤਮਕ ਰਿਲੇ ਨੂੰ ਐਸਸੀਏਡੀਏ ਸਿਸਟਮ ਤੋਂ ਇੰਟਰਫੇਸ ਕਰਨਾ। (ਸੰਦਰਭ : ਪ੍ਰਧਾਨ ਮੁੱਖ ਵਿਦਯੁਤ ਇੰਜੀਨੀਅਰ/ਉੱਤਰ ਰੇਲਵੇ ਦੇ ਪੱਤਰ ਨੰਬਰ 181-ਇਲੇਕਟ/ਟੀਆਰਡੀ/189/ਭਾਗ II, ਮਿਤੀ 29.07.2021 ਬਿੰਦੂ ਨੰਬਰ 2.8 ਅਤੇ 2.9) | | | | | | | | |

#ਟੈਂਡਰਕਰਤਾ ਕ੍ਰਿਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਗੈਰ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਦੁਵਾਰਾ ਤੋਂ ਨਕਦ ਵਿਚ ਜਾਂ ਭਾਰਤ ਦੇ ਕਿਸੀ ਅਨੁਸੂਚਿਤ ਵਾਣਿਜਿਯਕ ਬੈਂਕ ਤੋਂ ਬੈਂਕ ਗਰੰਟੀ ਬਾਂਡ ਦੇ ਰੂਪ ਵਿਚ ਜਾਂ ਟੈਂਡਰ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਧ ਹੈ। ਬੋਲੀ ਦੀ ਵੈਧਤਾ ਸਮੇਂ ਦੇ ਬਾਦ 90 ਦਿਨਾਂ ਦੇ ਲਈ ਅਪੂਰਣ ਅਤੇ ਅਮਾਨਯ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸਦੇ ਲਈ ਠੇਕੇਦਾਰ ਦਾ ਰੇਲਵੇ ਉਤੇ ਕੋਈ ਦਾਵਾ ਨਹੀਂ ਹੋਵੇਗਾ। ਨੰ: 70-720 ਟੀ.ਆਰ.ਡੀ.ਫ਼ਿਰੋਜ਼ਪੁਰ-2025-26 ਮਿਤੀ : 09.10.2025

3112/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**Format C-7**

**Information regarding individuals with pending criminal cases, who have been selected as candidates, along with the reasons for such selection, as also as to why other individuals without criminal antecedents could not be selected as candidates.**
**(As per the Commission's direction issued in pursuance of the order dated 13.02.2020, of the Hon'ble Supreme Court in contempt petition (C) no. 2192 of 2018 in WP (C) no. 536 of 2011)**

**Name of Political Party :** Aam Aadmi Party
***Name of the Election :** Bye Election to the Council of States from Punjab
**Name of the Sate/UT :** Punjab

| Sl.No | | Name of the Constituency : **Bye Election to the Council of States from Punjab** |
|---|---|---|
| 1. | Criminal antecedents : | Name of the Candidate : **Rajinder Gupta** |
| | a) Nature of the offences | **U/s 406, 420 & 34 IPC** |
| | b) Case No. | **FIR no. 691 28.08.21 PS: City Yavatmal** |
| | c) Name of the Court | **Not Applicable.** |
| | d) Whether charges have been framed or not: Yest/No | NO |
| | e) Date of conviction (if any): | Nil |
| | f) Details of punishment undergone (if any) | Nil |
| | g) Any other Information required to be given | The FIR is against Non payment of contractual dues by Trident Ltd. |
| 2. | The reasons for the selection of the candidate, Selection shall be with reference to the qualifications, achievements and merit of the candidate, and not merely "winnablilty" | The candidate has a huge goodwill amongst the people of the state and he has always worked for the betterment of the society and people |
| 3. | Reasons as to why other individuals withour criminal antecedents could not to be selected as candidates | Candidate was selected by consensus among the party workers in the area No other candidate with similar support. |

**ਉਤਰ ਰੇਲਵੇ**

**ਖੁਲੀ ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਟੀ.ਆਰ./ ਜੰਮੂ ਤਵੀ ਉ.ਰੇ., ਫਿਰੋਜਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ 31.10.2025 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਨਿਵਿਦਾਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 30.10.2025 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜ਼ਨ ਲਾਗਤ (Rs.) | ਟੈਂਡਰ ਦੀ ਕੀਮਤ (Rs.) | ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ # (Rs.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 755A-ਟੀ.ਆਰ.ਡੀ. ਜੰਮੂ ਤਵੀ-2025-26 | ਜੰਮੂ ਸੰਭਾਗ ਵਿਚ ਸ਼ਹੀਦ ਕੈਪਟਨ ਤੁਸ਼ਾਰ ਮਹਾਜਨ ਰੇਲਵੇ ਸਟੇਸ਼ਨ ਤੇ ਲਾਈ ਨੰਬਰ 5 ਅਤੇ 6 ਦੇ ਵਿਚ ਪਲੇਟਫਾਰਮ ਨੰਬਰ 4 ਅਤੇ 5 ਦੀ ਉਸਾਰੀ ਦੇ ਸਬੰਧ ਵਿਚ ਟੀਆਰਡੀ ਕੰਮ। | 2,92,47,008.05 | ਜੀਰੋ | 30.10.2025 15:00 ਵਜੇ ਤਕ | 2,96,200/- | 08 ਮਹੀਨੇ | 30.10.2025 15:00 ਵਜੇ ਦੇ ਬਾਅਦ | www.ireps.gov.in |

ਨੋਟ: #ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੈਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ। ਨੰ.:755A-ਟੀ.ਆਰ.ਡੀ.-ਜੰਮੂ ਤਵੀ-2025-26 ਮਿਤੀ: 08.10.2025

3110/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


**ਟਰੂਕੈਪ ਫਾਇਨਾਂਸ ਲਿਮਟਿਡ**

ਰਜਿਸਟਰਡ ਦਫਤਰ : ਰਜਿਸਟਰਡ ਦਫਤਰ, ਚੌਥੀ ਮੰਜ਼ਲ, ਏ-ਵਿੰਗ, ਡੀ.ਜੇ. ਹਾਊਸ, ਪੁਰਾਣੀ ਨਗਾਰਦਾਸ ਰੋਡ, ਅੰਧੇਰੀ (ਪੂਰਬ), ਮੁੰਬਈ-400069, ਮਹਾਰਾਸ਼ਟਰ
ਜੀ ਐੱਸ ਟੀ ਨੰਬਰ : 27AAACD9887D1ZC
ਕਾਰਪੋਰੇਟ ਪਛਾਣ ਨੰਬਰ : L64920MH1994PLC334457

**ਜਨਤਕ ਨੋਟਿਸ**

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਹਿਣ ਕੀਤੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਟਰੂਕੈਪ ਫਾਇਨਾਂਸ ਲਿਮਟਿਡ ਵੱਲੋਂ 27 ਅਕਤੂਬਰ 2025 ਨੂੰ ਜ਼ੀਰਾ ਵਿਖੇ ਸਵੇਰੇ 11.00 ਵਜੇ ਕੀਤੀ ਜਾਵੇਗੀ।
ਬਰਾਂਚ ਦਾ ਪਤਾ : ਟਰੂਕੈਪ ਫਾਇਨਾਂਸ ਲਿਮਟਿਡ, ਮਾਰਫਤ ਮਲਕੀਤ ਸਿੰਘ ਤਲਵੰਡੀ ਰੋਡ, ਨੇੜੇ ਕਲਾਕ ਟਾਵਰ, ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-142047
ਨਿਲਾਮੀ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਵੱਖ-ਵੱਖ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜੋ ਆਪਣੇ ਬਕਾਏ ਅਦਾ ਕਰਨ 'ਚ ਅਸਫਲ ਰਹੇ ਹਨ। ਸਾਡੇ ਨਿਲਾਮੀ ਦੇ ਨੋਟਿਸ ਬਕਾਇਦਾ ਇਨ੍ਹਾਂ ਕਰਜ਼ਦਾਰਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।
ਨਿਲਾਮੀ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਵੱਖ-ਵੱਖ ਗਾਹਕਾਂ ਦੇ ਬਕਾਇਆ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜਿਨ੍ਹਾਂ ਦਾ ਵੇਰਵਾ ਸਮੇਤ ਬਰਾਂਚ ਦੇ ਨਾਂਅ ਨਾਲ ਹੇਠਾਂ ਦਰਸਾਇਆ ਗਿਆ ਹੈ।
ਫਰੀਦਕੋਟ : GI0000000292935.
ਜ਼ੀਰਾ ਬਰਾਂਚ : GI0000000172305.
ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ ਟਰੂਕੈਪ ਫਾਇਨਾਂਸ ਲਿਮਟਿਡ ਨਾਲ ਸੰਪਰਕ ਕੀਤਾ ਜਾਵੇ
**ਸੰਪਰਕ ਵਿਅਕਤੀ : ਸਤੀਸ਼ ਕੁਮਾਰ**
**ਸੰਪਰਕ ਨੰਬਰ : 9560735444**
ਟਰੂਕੈਪ ਫਾਇਨਾਂਸ ਲਿਮਟਿਡ ਨੂੰ ਬਿਨਾਂ ਕਿਸੇ ਅਗਾਊਂ ਨੋਟਿਸ ਨਿਲਾਮੀ ਕੀਤੇ ਜਾ ਰਹੇ ਖਾਤਿਆਂ ਦੇ ਨੰਬਰ ਤਬਦੀਲ ਕਰਨ ਅਤੇ ਨਿਲਾਮੀ ਮੁਲਤਵੀ/ਰੱਦ ਕਰਨ ਦਾ ਅਧਿਕਾਰ ਹੈ।
ਟਰੂਕੈਪ ਫਾਇਨਾਂਸ ਲਿਮਟਿਡ

**ਟਰੂਕੈਪ ਫਾਇਨਾਂਸ ਲਿਮਟਿਡ**

ਰਜਿਸਟਰਡ ਦਫਤਰ : ਰਜਿਸਟਰਡ ਦਫਤਰ, ਚੌਥੀ ਮੰਜ਼ਲ, ਏ-ਵਿੰਗ, ਡੀ.ਜੇ. ਹਾਊਸ, ਪੁਰਾਣੀ ਨਗਾਰਦਾਸ ਰੋਡ, ਅੰਧੇਰੀ (ਪੂਰਬ), ਮੁੰਬਈ-400069, ਮਹਾਰਾਸ਼ਟਰ
ਜੀ ਐੱਸ ਟੀ ਨੰਬਰ : 27AAACD9887D1ZC
ਕਾਰਪੋਰੇਟ ਪਛਾਣ ਨੰਬਰ : L64920MH1994PLC334457

**ਜਨਤਕ ਨੋਟਿਸ**

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਹਿਣ ਕੀਤੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਟਰੂਕੈਪ ਫਾਇਨਾਂਸ ਲਿਮਟਿਡ ਵੱਲੋਂ 27 ਅਕਤੂਬਰ 2025 ਨੂੰ ਅਬੋਹਰ ਵਿਖੇ ਸਵੇਰੇ 11.00 ਵਜੇ ਕੀਤੀ ਜਾਵੇਗੀ।
ਬਰਾਂਚ ਦਾ ਪਤਾ : ਟਰੂਕੈਪ ਫਾਇਨਾਂਸ ਲਿਮਟਿਡ, ਪਹਿਲੀ ਮੰਜ਼ਲ, ਮੇਵਾ ਮਾਰਕਿਟ ਕੰਪਲੈਕਸ ਸਰਕੂਲਰ ਰੋਡ, ਗਲੀ ਨੰ. 3 ਅਬੋਹਰ, ਪੰਜਾਬ-152116
ਨਿਲਾਮੀ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਵੱਖ-ਵੱਖ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜੋ ਆਪਣੇ ਬਕਾਏ ਅਦਾ ਕਰਨ 'ਚ ਅਸਫਲ ਰਹੇ ਹਨ। ਸਾਡੇ ਨਿਲਾਮੀ ਦੇ ਨੋਟਿਸ ਬਕਾਇਦਾ ਇਨ੍ਹਾਂ ਕਰਜ਼ਦਾਰਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।
ਨਿਲਾਮੀ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਵੱਖ-ਵੱਖ ਗਾਹਕਾਂ ਦੇ ਬਕਾਇਆ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜਿਨ੍ਹਾਂ ਦਾ ਵੇਰਵਾ ਸਮੇਤ ਬਰਾਂਚ ਦੇ ਨਾਂਅ ਨਾਲ ਹੇਠਾਂ ਦਰਸਾਇਆ ਗਿਆ ਹੈ।
ਅਬੋਹਰ ਬਰਾਂਚ : GL0000000293150 , GL0000000330677 , GI0000000330683.
ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ ਟਰੂਕੈਪ ਫਾਇਨਾਂਸ ਲਿਮਟਿਡ ਨਾਲ ਸੰਪਰਕ ਕੀਤਾ ਜਾਵੇ
**ਸੰਪਰਕ ਵਿਅਕਤੀ : ਸਤੀਸ਼ ਕੁਮਾਰ**
**ਸੰਪਰਕ ਨੰਬਰ : 9560735444**
ਟਰੂਕੈਪ ਫਾਇਨਾਂਸ ਲਿਮਟਿਡ ਨੂੰ ਬਿਨਾਂ ਕਿਸੇ ਅਗਾਊਂ ਨੋਟਿਸ ਨਿਲਾਮੀ ਕੀਤੇ ਜਾ ਰਹੇ ਖਾਤਿਆਂ ਦੇ ਨੰਬਰ ਤਬਦੀਲ ਕਰਨ ਅਤੇ ਨਿਲਾਮੀ ਮੁਲਤਵੀ/ਰੱਦ ਕਰਨ ਦਾ ਅਧਿਕਾਰ ਹੈ।
ਟਰੂਕੈਪ ਫਾਇਨਾਂਸ ਲਿਮਟਿਡ

**ਟਰੂਕੈਪ ਫਾਇਨਾਂਸ ਲਿਮਟਿਡ**

ਰਜਿਸਟਰਡ ਦਫਤਰ : ਰਜਿਸਟਰਡ ਦਫਤਰ, ਚੌਥੀ ਮੰਜ਼ਲ, ਏ-ਵਿੰਗ, ਡੀ.ਜੇ. ਹਾਊਸ, ਪੁਰਾਣੀ ਨਗਾਰਦਾਸ ਰੋਡ, ਅੰਧੇਰੀ (ਪੂਰਬ), ਮੁੰਬਈ-400069, ਮਹਾਰਾਸ਼ਟਰ
ਜੀ ਐੱਸ ਟੀ ਨੰਬਰ : 27AAACD9887D1ZC
ਕਾਰਪੋਰੇਟ ਪਛਾਣ ਨੰਬਰ : L64920MH1994PLC334457

**ਜਨਤਕ ਨੋਟਿਸ**

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਹਿਣ ਕੀਤੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਟਰੂਕੈਪ ਫਾਇਨਾਂਸ ਲਿਮਟਿਡ ਵੱਲੋਂ 27 ਅਕਤੂਬਰ 2025 ਨੂੰ ਜਲੰਧਰ ਵਿਖੇ ਸਵੇਰੇ 11.00 ਵਜੇ ਕੀਤੀ ਜਾਵੇਗੀ।
ਬਰਾਂਚ ਦਾ ਪਤਾ : ਟਰੂਕੈਪ ਫਾਇਨਾਂਸ ਲਿਮਟਿਡ, ਸੰਤੋਖਪੁਰਾ ਓਲਡ ਹੁਸ਼ਿਆਰਪੁਰ ਰੋਡ, ਐੱਨ ਏ-411 ਗਰਾਊਂਡ ਫਲੋਰ ਸੰਤੋਖਪੁਰਾ ਓਲਡ ਹੁਸ਼ਿਆਰਪੁਰ ਰੋਡ ਜਲੰਧਰ ਪੰਜਾਬ-144004
ਨਿਲਾਮੀ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਵੱਖ-ਵੱਖ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜੋ ਆਪਣੇ ਬਕਾਏ ਅਦਾ ਕਰਨ 'ਚ ਅਸਫਲ ਰਹੇ ਹਨ। ਸਾਡੇ ਨਿਲਾਮੀ ਦੇ ਨੋਟਿਸ ਬਕਾਇਦਾ ਇਨ੍ਹਾਂ ਕਰਜ਼ਦਾਰਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।
ਨਿਲਾਮੀ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਵੱਖ-ਵੱਖ ਗਾਹਕਾਂ ਦੇ ਬਕਾਇਆ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜਿਨ੍ਹਾਂ ਦਾ ਵੇਰਵਾ ਸਮੇਤ ਬਰਾਂਚ ਦੇ ਨਾਂਅ ਨਾਲ ਹੇਠਾਂ ਦਰਸਾਇਆ ਗਿਆ ਹੈ।
ਜਲੰਧਰ ਬਰਾਂਚ : GL0000000280323 , GL0000000289699 , GI0000000305223.
ਸਰਹਿੰਦ ਬਰਾਂਚ : GI0000000309778.
ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ ਟਰੂਕੈਪ ਫਾਇਨਾਂਸ ਲਿਮਟਿਡ ਨਾਲ ਸੰਪਰਕ ਕੀਤਾ ਜਾਵੇ
**ਸੰਪਰਕ ਵਿਅਕਤੀ : ਸਤੀਸ਼ ਕੁਮਾਰ**
**ਸੰਪਰਕ ਨੰਬਰ : 9560735444**
ਟਰੂਕੈਪ ਫਾਇਨਾਂਸ ਲਿਮਟਿਡ ਨੂੰ ਬਿਨਾਂ ਕਿਸੇ ਅਗਾਊਂ ਨੋਟਿਸ ਨਿਲਾਮੀ ਕੀਤੇ ਜਾ ਰਹੇ ਖਾਤਿਆਂ ਦੇ ਨੰਬਰ ਤਬਦੀਲ ਕਰਨ ਅਤੇ ਨਿਲਾਮੀ ਮੁਲਤਵੀ/ਰੱਦ ਕਰਨ ਦਾ ਅਧਿਕਾਰ ਹੈ।
ਟਰੂਕੈਪ ਫਾਇਨਾਂਸ ਲਿਮਟਿਡ


**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ (ਐਕਟ, 2002) (2002 ਦਾ 54) ਅਧੀਨ ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 08-07-2025 ਨੂੰ ਇਕ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ (1) ਸ੍ਰੀ ਜਸਜੀਤ ਸਿੰਘ (Jasjit Singh) ਉਰਫ ਜਸਜੀਤ ਸਿੰਘ (Jasjeet Singh) ਪੁੱਤਰ ਸ੍ਰੀ ਫਤਹਿ ਸਿੰਘ ਵਾਸੀ ਮਕਾਨ ਨੰ. 67/ਏ, ਬਲਾਕ-ਏ, ਭਾਈ ਰਣਧੀਰ ਸਿੰਘ ਨਗਰ, ਰਾਜਗੁਰੂ ਨਗਰ, ਲੁਧਿਆਣਾ, ਪੰਜਾਬ -141012 (2) ਸ੍ਰੀ ਫਤਹਿ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ ਵਾਸੀ ਮਕਾਨ ਨੰ. 67/ਏ, ਬਲਾਕ-ਏ, ਭਾਈ ਰਣਧੀਰ ਸਿੰਘ ਨਗਰ, ਰਾਜਗੁਰੂ ਨਗਰ, ਲੁਧਿਆਣਾ, ਪੰਜਾਬ-141012 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ (3) ਸ੍ਰੀਮਤੀ ਗੁਨੀਤ ਸੰਘੇੜਾ ਪਤਨੀ ਸ੍ਰੀ ਗੁਰਜੀਤ ਸੰਘੇੜਾ ਵਾਸੀ ਫਲੈਟ ਨੰ. 902/ਆਰ ਆਰ 4, ਪੱਖੋਵਾਲ ਰੋਡ, ਉਮੈਕਸ ਰਾਇਲ ਰੈਜ਼ੀਡੈਂਸੀ, ਠੱਕਰਵਾਲ, ਲੁਧਿਆਣਾ, ਪੰਜਾਬ-142022, ਨਾਲ ਹੀ : ਸ੍ਰੀਮਤੀ ਗੁਨੀਤ ਸੰਘੇੜਾ ਪਤਨੀ ਸ੍ਰੀ ਗੁਰਜੀਤ ਸਿੰਘ ਸੰਘੇੜਾ ਵਾਸੀ ਮਕਾਨ ਨੰ. 52, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ ਉਕਤ ਨੋਟਿਸ ਦੀ ਮਿਤੀ ਅਨੁਸਾਰ ਐੱਲ ਏ ਪੀ/30602000188 'ਚ ਰੁਪਏ 48,88,462/- ਬਕਾਇਆ ਰਾਸ਼ੀ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਰੂਲ ਦੇ ਨਿਯਮ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਐੱਲ ਏ ਪੀ/030602000188 'ਚ 48,88,462 ਸਮੇਤ 01-07-2025 ਤੋਂ ਭਵਿੱਖੀ ਵਿਆਜ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਲਈ ਦੇਣਦਾਰੀ ਦਾ ਵਿਸ਼ਾ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 3930 ਮਿਤੀ 02-06-2005 ਅਨੁਸਾਰ ਸ੍ਰੀ ਫਤਹਿ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 31.68 ਵਰਗ ਗਜ਼, ਬੂਥ ਨੰ. 16, ਪਿੰਡ ਨੂਰ ਭੈਣੀ ਵਿਖੇ ਸਥਿਤ ਗਿਆਨ ਸਿੰਘ ਰਾੜੇਵਾਲਾ ਮਾਰਕਿਟ, ਲੁਧਿਆਣਾ ਨਾਲ ਸੰਬੰਧਤ ਸਭ ਕੁਝ।

ਮਿਤੀ : 08-10-2025, ਸਥਾਨ : ਲੁਧਿਆਣਾ (ਅਧਿਕਾਰਤ ਅਫਸਰ)

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**(ਅਚੱਲ ਜਾਇਦਾਦ ਵਾਸਤੇ) ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ (ਐਕਟ, 2002 {2002 ਦਾ 54} ਅਧੀਨ ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 17.07.2025 ਨੂੰ ਇਕ ਡਿਮਾਂਡ ਨੋਟਿਸ ਜਾਰੀ ਕਰਕੇ 1. ਸ੍ਰੀ ਫਤਹਿ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ, ਵਾਸੀ ਮਕਾਨ ਨੰ. 67/ਏ, ਬਲਾਕ-ਏ, ਭਾਈ ਰਣਧੀਰ ਸਿੰਘ ਨਗਰ, ਰਾਜਗੁਰੂ ਨਗਰ, ਲੁਧਿਆਣਾ, ਪੰਜਾਬ-141012 (ਐੱਚ ਐੱਲ ਅਤੇ ਐੱਲ ਏ ਪੀ 'ਚ ਕਰਜ਼ਦਾਰ) 2. ਸ੍ਰੀਮਤੀ ਗੁਨੀਤ ਸੰਘੇੜਾ ਪਤਨੀ ਸ੍ਰੀ ਗੁਰਜੀਤ ਸਿੰਘ ਸੰਘੇੜਾ, ਵਾਸੀ ਫਲੈਟ ਨੰ. 902/ਆਰ ਆਰ 4, ਪੱਖੋਵਾਲ ਰੋਡ, ਓਮੈਕਸ ਰਾਇਲ ਰੈਜ਼ੀਡੈਂਸੀ, ਠੱਕਰਵਾਲ, ਲੁਧਿਆਣਾ-142022, ਨਾਲ ਹੀ : ਸ੍ਰੀਮਤੀ ਗੁਨੀਤ ਸੰਘੇੜਾ ਪਤਨੀ ਸ੍ਰੀ ਗੁਰਜੀਤ ਸਿੰਘ ਸੰਘੇੜਾ, ਵਾਸੀ ਮਕਾਨ ਨੰ. 52 ਬੀ, ਬੀ ਆਰ ਐੱਸ ਨਗਰ, ਲੁਧਿਆਣਾ (ਐੱਲ ਏ ਪੀ 'ਚ ਕਰਜ਼ਦਾਰ) 3. ਸ੍ਰੀ ਜਸਜੀਤ ਸਿੰਘ (Jasjeet Singh) ਉਰਫ ਜਸਜੀਤ ਸਿੰਘ (Jasjit Singh) ਪੁੱਤਰ ਸ੍ਰੀ ਫਤਹਿ ਸਿੰਘ ਵਾਸੀ ਮਕਾਨ ਨੰ. 67/ਏ, ਬਲਾਕ-ਏ, ਭਾਈ ਰਣਧੀਰ ਸਿੰਘ ਨਗਰ, ਰਾਜਗੁਰੂ ਨਗਰ, ਲੁਧਿਆਣਾ, ਪੰਜਾਬ-141012 (ਐੱਚ ਐੱਲ 'ਚ ਕਰਜ਼ਦਾਰ ਅਤੇ ਐੱਲ ਏ ਪੀ 'ਚ ਗਰੰਟਰ) ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ ਐਚ ਐਲ/030611000009 'ਚ ਰੁਪਏ 1,30,86,080/- ਅਤੇ ਐਲ ਏ ਪੀ/030602000186 'ਚ ਰੁਪਏ 56,83,166/- ਬਕਾਇਆ ਰਾਸ਼ੀ ਉਕਤ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਰੂਲ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।
ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।
ਖਾਸ ਤੌਰ 'ਤੇ ਕਰਜ਼ਦਾਰ/ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਐੱਚ ਐੱਲ/030611000009 'ਚ ਰੁਪਏ 1,30,86,080/- ਅਤੇ ਐੱਲ ਏ ਪੀ /030602000186 'ਚ ਰੁਪਏ 56,83,166/- ਸਮੇਤ 01-07-2025 ਤੋਂ ਭਵਿੱਖੀ ਵਿਆਜ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਲਈ ਦੇਣਦਾਰੀ ਦਾ ਵਿਸ਼ਾ ਹੋਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 14668 ਮਿਤੀ 24-03-2017 ਅਨੁਸਾਰ ਸ੍ਰੀ ਫਤਿਹ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ ਦੀ ਮਲਕੀਅਤ ਜਾਇਦਾਦ ਫਲੈਟ/ਅਪਾਰਮੈਂਟ ਨੰ. 902, ਨੌਵੀਂ ਮੰਜ਼ਲ, ਟਾਵਰ ਰਾਇਲ ਰੀਟਰੀਟ-4, ਰਿਹਾਇਸ਼ੀ ਕੰਪਲੈਕਸ ਰਾਇਲ ਰੈਜ਼ੀਡੈਂਸੀ 'ਚ, ਪਿੰਡ ਠੱਕਰਵਾਲ ਅਤੇ ਦਾਦ ਵਿਖੇ ਸਥਿਤ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਰਕਬਾ ਇਸ ਤਰ੍ਹਾਂ ਹੈ :- ਛੱਤਿਆ ਖੇਤਰ : 408.34 ਵਰਗ ਗਜ਼, ਸਾਂਝਾ ਖੇਤਰ : 66.77 ਵਰਗ ਗਜ਼, ਸੁਪਰ ਖੇਤਰ : 475.11 ਵਰਗ ਗਜ਼

ਮਿਤੀ 08.10.2025, ਸਥਾਨ : ਲੁਧਿਆਣਾ (ਅਧਿਕਾਰਤ ਅਫ਼ਸਰ)


# ਮੁੱਖ ਜੱਜ 'ਤੇ ਜੁੱਤੀ ਸੁੱਟਣ ਦੀ ਕੋਸ਼ਿਸ਼ ਦੇਸ਼ ਦੀ ਆਤਮਾ 'ਤੇ ਹਮਲਾ : ਆਪ ਆਗੂ



ਸ੍ਰੀ ਅੰਮ੍ਰਿਤਸਰ ਸਾਹਿਬ, (ਜਗਦੀਸ਼ ਕਮਲੇਸ਼)-ਆਮ ਆਦਮੀ ਪਾਰਟੀ ਦੇ ਐਸ ਸੀ ਵਿੰਗ ਦੇ ਮਾਝਾ ਜ਼ੋਨ ਵੱਲੋਂ ਅੰਮ੍ਰਿਤਸਰ ਦੇ ਭੰਡਾਰੀ ਪੁੱਲ ਵਿਖੇ ਕੇਂਦਰ ਸਰਕਾਰ ਦਾ ਪੁਤਲਾ ਸਾੜ ਕੇ ਧਰਨਾ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰੋਗਰਾਮ ਦੀ ਅਗਵਾਈ ਐਸ ਸੀ ਵਿੰਗ ਸੂਬਾ ਸਕੱਤਰ ਮਾਝਾ ਜ਼ੋਨ ਇੰਚਾਰਜ ਠੇਕੇਦਾਰ ਅਮਰਜੀਤ ਸਿੰਘ, ਜਿਲਾ ਪ੍ਰਧਾਨ ਅੰਮ੍ਰਿਤਸਰ ਸ਼ਹਿਰੀ ਡਾ. ਇੰਦਰਪਾਲ, ਜਿਲ੍ਹਾ ਪ੍ਰਧਾਨ ਅੰਮ੍ਰਿਤਸਰ ਦਿਹਾਤੀ ਸੁਖਚੈਨ ਸਿੰਘ ਤਲਵੰਡੀ, ਜਿਲ੍ਹਾ ਪ੍ਰਧਾਨ ਪਠਾਨਕੋਟ ਰੌਸ਼ਨ ਭਗਤ, ਜ਼ਿਲਾ ਜਨਰਲ ਸਕੱਤਰ ਮੁਖਵਿੰਦਰ ਸਿੰਘ ਵਿਰਦੀ, ਜਿਲ੍ਹਾ ਮੀਡੀਆ ਇੰਚਾਰਜ ਅੰਮ੍ਰਿਤਸਰ ਸਤਨਾਮ ਸਿੰਘ ਮਠਾੜੂ ਅਤੇ ਮਾਝਾ ਜ਼ੋਨ ਮੀਡੀਆ ਸਕੱਤਰ ਵਰੁਣ ਰਾਣਾ ਨੇ ਕੀਤੀ।ਠੇਕੇਦਾਰ ਅਮਰਜੀਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਜੱਜ ਬੀ.ਆਰ. ਗਵਈ ਉੱਤੇ ਜੁੱਤੀ ਸੁੱਟਣ ਦੀ ਕੋਸ਼ਿਸ਼ ਭਾਰਤ ਦੀ ਆਤਮਾ ਅਤੇ ਦੇਸ਼ ਦੀ ਨਿਆਂਪਾਲਿਕਾ 'ਤੇ ਸਿੱਧਾ ਹਮਲਾ ਹੈ। ਉਹਨਾਂ ਕਿਹਾ ਕਿ ਜਦੋਂ ਦੀ ਕੇਂਦਰ ਵਿੱਚ ਬੀ ਜੇ ਪੀ ਸਰਕਾਰ ਆਈ ਹੈ ਉਦੋਂ ਤੋਂ ਐਸ ਸੀ ਭਾਈਚਾਰੇ ਨੂੰ ਲਗਾਤਾਰ ਟਾਰਗੇਟ ਕੀਤਾ ਜਾ ਰਿਹਾ ਹੈ। ਸੁਖਚੈਨ ਸਿੰਘ ਤਲਵੰਡੀ ਨੇ ਕਿਹਾ ਕਿ ਇਨ੍ਹਾਂ ਲੋਕਾਂ ਦੀ ਹਿੰਮਤ ਤਾਂ ਦੇਖੋ, ਜੋ ਖੁੱਲ੍ਹੇਆਮ ਸੋਸ਼ਲ ਮੀਡੀਆ 'ਤੇ ਮੁੱਖ ਜੱਜ ਨੂੰ ਧਮਕੀਆਂ ਦੇ ਰਹੇ ਹਨ। ਇਹ ਗੱਲ ਦੇਸ਼ ਦੀ ਨਿਆਂਪਾਲਿਕਾ ਤੇ ਲੋਕਤੰਤਰ ਦੋਹਾਂ ਲਈ ਚਿੰਤਾ ਦਾ ਵਿਸ਼ਾ ਹੈ।ਰੌਸ਼ਨ ਭਗਤ ਨੇ ਵੀ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਦੀ ਨਿੰਦਾ ਕੀਤੀ। ਇਸ ਮੌਕੇ ਹਲਕਾ ਕੇਂਦਰੀ ਕੋਆਰਡੀਨੇਟਰ ਰਾਜੇਸ਼ ਕੁਮਾਰ, ਹਲਕਾ ਉੱਤਰੀ ਕੋਆਰਡੀਨੇਟਰ ਬਲਵਿੰਦਰ ਸਿੰਘ ਕਾਲਾ, ਹਲਕਾ ਪੱਛਮੀ ਕੋਆਰਡੀਨੇਟਰ ਰਾਜਾ ਜੇ ਸਿੰਘ, ਹਲਕਾ ਦੱਖਣੀ ਕੋਆਰਡੀਨੇਟਰ ਵਿਜੈ ਖੋਸਲਾ, ਹਲਕਾ ਪੂਰਬੀ ਕੋਆਰਡੀਨੇਟਰ ਨਿਰਮਲ ਸਿੰਘ ਖਾਨਕੋਟ, ਤਰਸੇਮ ਕਲਿਆਣ ਰਾਜ ਕੁਮਾਰ ਲੁੱਧੜ, ਮਨਜੀਤ ਸਿੰਘ ਮਲਕਨੰਗਲ, ਗੁਰਦੇਵ ਸਿੰਘ ਜੋਬਨ, ਸਰਪੰਚ ਬਲਜੀਤ ਸਿੰਘ, ਸਰਪੰਚ ਸਤਨਾਮ ਸਿੰਘ ਰੰਗੀਲਪੁਰਾ, ਸਰਪੰਚ ਮਾਸਟਰ ਮੋਹਨ ਲਾਲ ਭਗਤ ਅਤੇ ਮਾਸਟਰ ਬਲਜੀਤ ਸਿੰਘ ਹਾਜ਼ਰ ਸਨ।

# ਹਜ਼ਰਤ ਮੁਹੰਮਦ ਨੇ ਦੁਨੀਆ ਨੂੰ ਸਚਾਈ ਦੀ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਮੁਸਲਿਮ ਜਮਾਤ ਅਹਿਮਦੀਆ ਦੇ ਬੁਲਾਰੇ ਕੇ ਤਾਰਿਕ ਅਹਿਮਦ ਨੇ ਜਾਰੀ ਪ੍ਰੈਸ ਰਿਲੀਜ਼ ਰਾਹੀਂ ਦੱਸਿਆ ਕਿ ਮੁਸਲਿਮ ਜਮਾਤ ਅਹਿਮਦੀਆ ਦੇ ਪੰਜਵੇਂ ਰੂਹਾਨੀ ਖਲੀਫਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਨੇ ਬੀਤੇ ਦਿਨ ਸੰਬੋਧਨ ਕਰਦਿਆਂ ਕਿਹਾ ਕਿ ਹਜ਼ਰਤ ਮੁਹੰਮਦ ਸੱਲਲਾਹੁ ਅਲੈਹ ਵਸੱਲਮ ਨੇ ਆਪਣੇ ਅਮਲ ਨਾਲ ਦੁਨੀਆ ਨੂੰ ਸਚਾਈ ਦੀ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਦੱਸਿਆ ਕਿ ਜੰਗੀ ਕੈਦੀਆਂ ਨਾਲ ਵੀ ਕਿਸ ਤਰ੍ਹਾਂ ਦਾ ਸਲੂਕ ਕੀਤਾ ਜਾਵੇ। ਆਪ ਨੇ ਫਰਮਾਇਆ ਕਿ ਉਹਨਾਂ ਜੰਗੀ ਕੈਦੀਆਂ ਨੂੰ ਮਾਫ ਕੀਤਾ ਅਤੇ ਉਹਨਾਂ ਨੂੰ ਜਿਥੇ ਰਿਹਾਅ ਕਰਨ ਦੇ ਆਦੇਸ਼ ਦਿੱਤੇ। ਇਹ ਹੁਕਮ ਦਿੱਤਾ ਕਿ ਉਹਨਾਂ ਨੂੰ ਵਾਪਸੀ ਤੇ ਨਵੇਂ ਕੱਪੜਿਆਂ ਵਿੱਚ ਵਾਪਸ ਭੇਜਿਆ ਜਾਵੇ। ਇਸ ਤਰ੍ਹਾਂ ਆਪ ਨੇ ਫਰਮਾਇਆ ਕਿ ਮਾਲਿਕ ਬਿਨ ਆਫ ਨੇ ਆਪਣੀ ਮਰਜ਼ੀ ਨਾਲ ਖੁਸ਼ੀ ਨਾਲ ਇਸਲਾਮ ਕਬੂਲ ਕੀਤਾ ਸੀ ਅਤੇ ਉਸ ਤੋਂ ਬਾਅਦ ਇੱਕ ਵਫਾਦਾਰ ਆਗੂ ਵਜੋਂ ਸੇਵਾ ਵੀ ਨਿਭਾਈ ਆਪ ਜੀ ਨੇ ਫਰਮਾਇਆ ਕਿ ਹਜ਼ਰਤ ਮੁਹੰਮਦ ਸੱਲਲਾਹੋ ਅਲੈਹ ਵਸੱਲਮ ਦੀਆਂ ਸਿੱਖਿਆਵਾਂ ਸਾਡੇ ਲਈ ਮਾਰਗ ਦਰਸ਼ਨ ਹਨ। ਹਮੇਸ਼ਾ ਸਾਨੂੰ ਸਚਾਈ ਦੀ ਰਾਹ 'ਤੇ ਚੱਲਦਿਆਂ ਆਪਣਾ ਜੀਵਨ ਉਸ ਖੁਦਾ ਦੀ ਇਬਾਦਤ ਵਿੱਚ ਗੁਜ਼ਾਰਨਾ ਚਾਹੀਦਾ ਹੈ। ਇਨਸਾਫ ਨੂੰ ਸਥਾਪਤ ਕਰਕੇ ਹੀ ਦੁਨੀਆ ਵਿੱਚ ਅਸੀਂ ਅਮਨ ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਸਥਾਪਤ ਕਰ ਸਕਦੇ ਹਾਂ।



# 4150 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਦੀਆਂ ਲਿੰਕ ਸੜਕਾਂ ਦਾ ਹੋਵੇਗਾ ਨਿਰਮਾਣ : ਈ ਟੀ ਓ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਲੋਕਾਂ ਨੂੰ ਵੱਡਾ ਤੋਹਫਾ ਦਿੰਦੇ ਹੋਏ 4150.42 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਵਿੱਚ 19491 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡ ਕਰਨ ਲਈ ਪ੍ਰੋਜੈਕਟ ਸ਼ੁਰੂ ਕਰ ਦਿੱਤਾ ਹੈ, ਜਿਸ ਨਾਲ ਲੋਕਾਂ ਨੂੰ ਆਵਾਜਾਈ ਵਿੱਚ ਵੱਡੀ ਰਾਹਤ ਮਿਲੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਨਿਰਮਾਣ ਵਿਭਾਗ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਜੰਡਿਆਲਾ ਗੁਰੂ ਹਲਕੇ ਵਿੱਚ ਗਹਿਰੀ ਮੰਡੀ ਤੋਂ ਮਲਕਪੁਰ ਅਤੇ ਵਡਾਲਾ ਜੌਹਲ, ਸਰਕਾਰੀ ਹਾਈ ਸਕੂਲ ਵਡਾਲਾ ਜੌਹਲ ਤੋਂ ਸ਼ਮਸ਼ਾਨਘਾਟ ਵਡਾਲਾ ਜੌਹਲ ਅਤੇ ਮਹਿਤਾ ਰੋਡ ਤੋਂ ਰਸੂਲਪੁਰ ਕਲਾਂ ਵਿਖੇ ਸੜਕਾਂ ਦੀ ਉਸਾਰੀ ਦੇ ਕੰਮ ਦਾ ਨੀਂਹ ਪੱਥਰ ਰੱਖਣ ਪਿੱਛੋਂ ਕੀਤਾ। ਉਨ੍ਹਾਂ ਦੱਸਿਆ ਕਿ ਇਨਾਂ ਸੜਕਾਂ ਦੀ ਕੁਲ ਲੰਬਾਈ 5.98 ਕਿਲੋਮੀਟਰ ਹੈ, ਜਿਸ 'ਤੇ 1 ਕਰੋੜ 16 ਲੱਖ 24 ਹਜ਼ਾਰ ਰੁਪਏ ਦੀ ਲਾਗਤ ਆਵੇਗੀ ਅਤੇ ਇਨ੍ਹਾਂ ਸੜਕਾਂ ਦੀ ਉਸਾਰੀ ਦਾ ਕੰਮ ਮੰਡੀ ਬੋਰਡ ਫੰਡਜ਼ ਸਕੀਮ ਅਧੀਨ ਕੀਤਾ ਜਾਵੇਗਾ। ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ ਇਹ ਸਾਰੀਆਂ ਸੜਕਾਂ ਜਲਦੀ ਹੀ ਮੁਕੰਮਲ ਕਰ ਦਿੱਤੀਆਂ ਜਾਣਗੀਆਂ।ਇਸ ਮੌਕੇ ਈ ਟੀ ਓ ਨੇ ਸੰਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਢਿੱਲਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨਾਂ ਕਿਹਾ ਕਿ ਇਹ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਕਰੀਬ 19500 ਕਿਲੋਮੀਟਰ ਲਿੰਕ ਸੜਕਾਂ ਦੀ ਉਸਾਰੀ ਸ਼ੁਰੂ ਕੀਤੀ ਹੈ। ਉਨਾਂ ਦੱਸਿਆ ਕਿ ਅਸੀਂ ਲੋਕਾਂ ਨਾਲ ਜੋ ਵਆਦੇ ਕੀਤੇ ਸੀ, ਉਨ੍ਹਾਂ ਨੂੰ ਹਰ ਹੀਲੇ ਪੂਰਾ ਕਰਾਂਗੇ।

# ਆਜ਼ਾਦ ਉਮੀਦਵਾਰ ਭਾਈ ਮਨਦੀਪ ਸਿੰਘ ਖਾਲਸਾ ਅੱਜ ਅਰਦਾਸ ਕਰਵਾ ਕੇ ਚੋਣਾਂ ਲੜਨ ਦਾ ਕਰਨਗੇ ਆਗਾਜ਼ : ਚੇਅਰਮੈਨ ਗੰਡੀਵਿੰਡ

ਪੱਟੀ (ਸ਼ਮਸ਼ੇਰ ਸਿੰਘ ਯੋਧਾ)- ਵਿਧਾਨ ਸਭਾ ਹਲਕਾ ਪੱਟੀ ਅਧੀਨ ਪੈਂਦੇ ਪਿੰਡ ਗੰਡੀਵਿੰਡ ਦੇ ਮਸ਼ਹੂਰ ਅਤੇ ਮਾਝੇ ਦੇ ਨਾਮਵਾਰ ਹਸਤੀ ਵਜੋਂ ਜਾਣੇ ਜਾਂਦੇ ਸਵਰਗੀ ਗੁਰਦਿਆਲ ਸਿੰਘ ਸਰਪੰਚ ਦੇ ਹੋਣਹਾਰ ਸਪੁੱਤਰ ਚੇਅਰਮੈਨ ਕੁਲਵਿੰਦਰ ਸਿੰਘ ਗੰਡੀਵਿੰਡ



ਜਨਰਲ ਸਕੱਤਰ ਕਾਂਗਰਸ ਨੇ ਆਪਣੇ ਸਾਰੇ ਅਹੁਦੇ ਛੱਡ ਕੇ ਭਾਈ ਸੰਦੀਪ ਸਿੰਘ ਸੰਨੀ ਖਾਲਸਾ ਦੇ ਭਰਾਤਾ ਭਾਈ ਮਨਦੀਪ ਸਿੰਘ ਖਾਲਸਾ ਜੋ ਕਿ ਆਜ਼ਾਦ ਉਮੀਦਵਾਰ ਵਜੋਂ ਤਰਨ ਤਾਰਨ ਜ਼ਿਮਨੀ ਚੋਣ ਦੀ ਇਲੈਕਸ਼ਨ ਲੜ ਰਹੇ ਹਨ ਦਾ ਡਟ ਕੇ ਸਾਥ ਦੇਣ ਦਾ ਐਲਾਨ ਕੀਤਾ। ਇਸ ਮੌਕੇ ਚੇਅਰਮੈਨ ਕੁਲਵਿੰਦਰ ਸਿੰਘ ਨੇ ਕਿਹਾ ਕਿ ਸ਼ੁੱਕਰਵਾਰ ਸਵੇਰੇ 10 ਵਜੇ ਸ੍ਰੀ ਆਕਾਲ ਤਖ਼ਤ ਸਾਹਿਬ ਵਿਖੇ ਆਪਣੇ ਸਾਥੀਆਂ ਨਾਲ ਨਤਮਸਤਕ ਹੋ ਕੇ ਗੁਰੂ ਸਾਹਿਬ ਦੇ ਚਰਨਾਂ 'ਚ ਅਰਦਾਸ ਬੇਨਤੀ ਕਰਕੇ ਵਾਹਿਗੁਰੂ ਜੀ ਦਾ ਓਟ ਆਸਰਾ ਲੈਕੇ ਤਰਨ ਤਾਰਨ ਸਾਹਿਬ ਨੂੰ ਰਵਾਨਾ ਹੋਣਗੇ।

# ਕਲਾਸੀਫਾਈਡ ਇਸ਼ਤਿਹਾਰ

## Change of Name

I, SURJIT SINGH S/O MR GURDEEP SINGH WHOSE PERMANENT ADDRESS IN INDIA IS 184, PRAKASH AVENUE, KAPURTHALA, PIN: 144601, PUNJAB AND NOW LIVING AT 1ST FLOOR FLAT, BEDWELL GARDENS, HARLINGTON, HAYES, UB3 4ED, UK HEREBY GIVE NOTICE OF MY INTENTION TO CHANGE MY NAME TO INDERJIT SINGH (GIVEN NAME) CHAHAL (SURNAME). (U/I)

I, MR ANIKET SON OF RESHAM LAL KLAIR WHOSE PERMANENT ADDRESS IN INDIA-1163 RAMDASS PURA, BOOTAN MANDI, DISTT. JALANDHAR, PUNJAB 144003 AND NOW LIVING AT 61 UPLANDS AVENUE, ROWELY REGIS, WEST MIDLANDS, B65 9PX HEREBY GIVE NOTICE OF MY INTENTION TO CHANGE MY NAME TO ANIKET (GIVEN NAME) KLAIR (SURNAME). (U/I)

I, Parminderpal Singh S/o Wassan Singh R/o VPO. Mirzajan, The Batala, Distt Gurdaspur. I have changed my name from Parminderpal Singh to Singh is my surname and Parminderpal is my given name. Please concerned note.

I, Kamalvir S/o Hari Pal , Mother Gurmit Choukria R/o House no 83,Street no 12 B, Plahi Gate Bhullarai Road, Phagwara,District Kapurthala,Punjab, India PIN code 144401 have changed my name from Kamalvir to Kamalvir Singh.

I, Kuldip Singh S/o Pal Ram R/o VPO. Aur, Teh. Nawanshahr, Distt. S.B.S Nagar, Pin. 144417, Punjab i have changed my name from Kuldip Singh to Singh Kuldip. (Surname Singh) . All note.

I Avtar Singh S/o Surat Singh R/o Vill. Mand Kulla, PO. Nangal Lubana, Teh Bholath, Distt. Kapurthala, Punjab I have changed my name from Avtar Singh to Singh Avtar (Aingh as my surname). All please note.

I Gagandeep S/o Balvir Singh R/o Vill. Bhatnura Kalan, PO. Bhatnura Lubana, Teh. Bholath, Distt. Kapurthala, Punjab I Have Changed My Name From Gagandeep To Gagandeep Gill. (Gill As My Surname). All Please Note.

I, Mahaveer Sharma S/o Hari Babu R/o H.No.153, Ward No.9, Dashmesh Nagar, Goniana Mandi, District Bathinda have changed my minor son's name from Divya Sharma to Divyansh Sharma

I, Dimpal Singh S/o Paramjit Singh R/o 21-A, Gali No.1, Maqboolpura, Mehta Road, Amritsar have changed my name from Dimpal Singh to Dimple Singh

I, Gursewak Singh S/o Kuldeep Singh R/o H.No.E9/447, Sher Shah Suri Road, Modran Colony, Ghanupur, Chheharta, Amritsar-143105 have declare that Gursewak is my Given name and Singh is my Surname

I, Gurdeep Singh S/o Niranjan Singh R/o Guru Ki Wadali Road Near Baba Jeewan Singh Chheharta Amritsar have changed my name from Gurdeep Singh to Given name Gurdeep Surname Singh

I, Radha Kishan S/o Ram Rattan Kalia R/o Kalia Bhawan, G.T. Road Rayya, Tehsil Baba Bakala, Amritsar-143112 (Pb) have changed my name from Radha Kishan to Radha Krishan Kalia, plz note.

I, Manpreet Singh S/o Manjit Singh R/o H.No.152, New Kot Mit Singh, Tarn Taran Road, Amritsar have changed my name from Manpreet Singh to Given name Manpreet Surname Singh.

I, Ravinderjit Singh S/o Paramjit Singh R/o V.P.O. Jaura, Teh. Tanda, Distt. Hoshiarpur, Punjab have changed my name from Ravinderjit Singh to Ravinderjit Singh Gill.All concerned please note.

I, Iqbal Singh S/O Dilbag Singh Resident Of Vill.chandu Wadala , PO. Barila Kalan , District Gurdaspur, Punjab, India Pin Code 143512 , I Have Changed My Name From IQBAL SINGH to SINGH IQBAL, Surname As SINGH And Given Name As IQBAL.

I, Nirmaljit Singh S/o Satnam Singh R/o Village Bhaini Millwan PO Saidowal Kalan Distt Gurdaspur (Punjab) have changed my name from Nirmaljit Singh to Singh Nirmaljit. In future Singh is my surname and Nirmaljit is my given name. Concerned note.

I, Salinder Pal S/o Dass Ram R/o VPO. Paddi Sura Singh, Tehsil Garhshankar, Distt. Hoshiarpur, Punjab-144529 have changed my name from Salinder Pal to Surinder Pal. Concerned Note.

I, Parveen Kumar S/o Tilak Raj R/o Village Himmatpur, PO. Dhanoa, Tehsil Dasuya, Distt. Hoshiarpur, Punjab have changed my name from Parveen Kumar to Parveen as Given Name and Kumar as Surname. Concerned Note.

I, Harpreet Kaur Baraich W/o Kamalpal Singh Kahlon R/o Pind Mehatpur, Parjian Road, Distt. Jalandhar have changed my name to Harpreet Kaur Kahlon after marriage. All concerned please note.

I, Harwinder Singh S/o Sukhwinder Singh R/o Village Budha Theh, PO. Nurpur Lubana, Distt. Kapurthala, Punjab-144804 have changed my name from Harwinder Singh to Given Name as Harwinder & Surname as Singh. All concerned please note.

I, Balal Ahimad S/o Manjur Ahimad R/o Vill. VPO Udhanwal, Tehsil Batala, District Gurdaspur, Punjab-143505 have changed my name from Blal Ahimad to Balal Ahimad.

I, Harmanjot Singh s/o Jaspal Singh r/o VPO.Butala, Distt. Kapurthala changed my name to Given name as Harmanjot & Surname as Singh. All Please Note.

I, Geeta w/o Joginder Pal r/o H.No.18, Tanda Road, New Colony, Aman Nagar, Jalandhar (PB) have changed my name to Geeta Rani. All Please Note.

I, Tarsem Singh s/o Tarlok Chand r/o Gilzian, Po. Miani, Distt.Hoshiarpur, Punjab- 144202, have changed the name of my minor Daughter Muskan, aged 15 years and she shall hereafter be known as Muskanpreet Kaur.

I, Balvinder Kaur w/o Jagdeep Singh Shergill r/o H. No.422, Mota Singh Nagar, Jalandhar, Punjab-144001 have changed my name as Balvinder Kaur Shergill. All Please Note.

## Change of Name

I, Jaspal s/o Chanan Ram r/o W.No.10, Mohalla Mahtian, Hariana, Hoshiarpur, Punjab, 144208, have changed the name of my minor Son Naitik, aged 13 years and he shall hereafter be known as Naitik Singh.

I, Angel Bhatti w/o Ravi Sabharwal r/o Muridke, Po. Kala Afgana, Distt. Gurdaspur, Punjab-143513 have changed my name as Angel Sabharwal. All Please Note.

I, Ravi s/o Sukhjinder Masih r/o Muridke, Po.Kala Afgana, Distt. Gurdaspur, Punjab- 143513 have changed my name as Ravi Sabharwal. All Please Note.

I, Rohin Kathpaul s/o Manohar Lal Kathpal r/o 374, J P Nagar, Jalandhar have changed my surname spelling to Rohin Kathpal. All Please Note.

I, Monika Kathpaul c/o Rohin Kathpal r/o 374, JP Nagar, Jalandhar have changed my surname spelling to Monika Kathpal. All Please Note.

I, Neeru Kathpaul c/o Manohar Lal Kathpal r/o 374, JP Nagar, Jalandhar have changed my surname spelling to Neeru Kathpal. All Please Note.

I, Kirandeep Kaur w/o Amardeep Singh Brar r/o VPO. Wadda Ghar, Tehsil Bagha Prana, Distt. Moga, Punjab have changed my name as Kirandeep Kaur Gill. All Please Note.

I, Radha Rani w/o Prince Kumar Uppal r/o 168, Adarsh Nagar, Jalandhar, Punjab have changed my name to Radha Uppal, after marriage. All Please Note.

I, Kamlesh Kahlon W/o Parkash R/o Mohalla Kacha Pakka Vehra, Nurmahal, Jalandhar, Punjab declare that Kamlesh Kahlon and Kamlesh are one and the same person. All Please Note.

I, Prakash Ram S/o Bhajna R/o Mohalla Kacha Pakka Vehra, Nurmahal, Jalandhar, Punjab declare that Prakash Ram and Prakash are one and the same person. All Please Note.

I, Neetu D/o Swinder Singh W/o Jaspal Singh R/o Village Nikko Sarai, P.O.Talwandi Rama, Distt. Gurdaspur, Punjab-143604 have changed my name to Anita Kumari. All Please Note.

I, Ahmed Ali S/o Gulzar Mohammed R/o Village Alamgir, P.O. Kala Sanghian, Distt. Kapurthala, Punjab-144623 have changed my name to Ali Ahmed. All Please Note.

I, hitherto known as Sukhwinder Kaur W/o Sukhwinder Singh R/o Vill. Kangniwal, PO. Hazara, Jalandhar, Punjab-144025 have changed my name and shall hereafter be known as Sukhwinder Kaur Jhattu.

I, hitherto known as Sukhwinder Singh S/o Mohinder Singh R/o Vill. Kangniwal, PO. Hazara, Jalandhar, Punjab- 144025 have changed my name and shall hereafter be known as Sukhwinder Singh Jhattu.

I, Ramanjit Kaur W/o Ranvir Singh R/o Gali No. 03, Khothran Road, Onkar Nagar Phagwara, Distt.Kapurthala, Punjab have change the name of my minor son from Harmeet Singh Parmar to Harmeet Singh. All Please Note.

I, Ramanjit Kaur W/o Ranvir Singh R/o Gali No. 03, Khothran Road, Onkar Nagar Phagwara, Distt. Kapurthala, Punjab have change the name of my minor son from Ishmeet Singh Parmar to Ishmeet Singh. All Please Note.

I, Kamal S/o Ram Kishan R/o H.No. 113/11, Mohalla Navi Pur, VPO. Alowalpur, Distt. Jalandhar have changed my name from Kamal to Kamal Virdi (Surname as Virdi) All Please Note.

I, Jagjit Kaur Khurana W/o Balbir Singh R/o H.No. 103-104, Bombay Nagar, Po. Model Town, Jalandhar-144003, Punjab have changed my name from Jagjit Kaur Khurana to Jagjit Kaur. All Please Note. (R)

## PUBLIC NOTICE

I, Varsha Rani W/o Raj Kumar R/o H. No. 50 B, Gate No. 3, Near Imperial Hotel, Jyoti Nagar, Jalandhar do hereby solemny declare that I am known as Varsha Rani and Chhinderpal. Both name are one and same person. (12621)

I, Allan Cheema S/o Late Ajaib Singh Cheema, R/o House No. 198, Lajpat Nagar,Jalandhar declare that my son Siddarth Cheema is out of my control as such. I disinherit/disown my Son Siddharth Cheema from all my moveable and immovable properties anydody dealing with him at his own risk. I am not responsible. (12622)

I, Saroj W/o Late. Karnail Singh R/o 92, Talhan Road, Village Dhilwan, Po. Dakoha, Jalandhar declare that I withdraw my public notice dated 01-07-2023 regarding disinheritance of my son Gagandeep Singh Giller and his wife Amanpreet Kaur from all my movable and immovable properties, because now they both gives respect to me with full service spirit, so now i hereby cancel the disinheritence of my son and his wife. Now they have full rights in my movable and immovable properties.

I, Satnam Singh S/o Harblas R/o Village Kotli Araian, Po. Sarobad, Distt. Jalandhar, Punjab declare that my son Palwinder Singh & his wife Preeti are out of my control. I disinherit them from my movable and immovable properties. I and my family shall not be held responsible for any of their acts deeds and things. All please note.

I, Narinderjit Singh son of Gurdeep Singh R/o VPO. Parasrampur, District Jalandhar, Punjab declare that my son Manjodh Singh and his wife Rupinder Kaur are out of my control. So I disinherit them from all my moveable and immoveable properties. Myself and other family members having no relation with them. I and my family shall not be held responsible for any of their act, deed and things related to them. All concerned please note.

## ਬੇਦਖਲੀ ਨੋਟਿਸ

ਮੈਂ, ਸੁਨੀਤ ਕੁਮਾਰ ਸ਼ਰਮਾ ਪੁੱਤਰ ਅਮਰ ਚੰਦ ਵਾਸੀ ਮਕਾਨ ਨੰਬਰ ਬੀ-15, 356/4, ਆਰਿਆ ਨਗਰ, ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ, ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ'ਅੰਕਿਤ ਕਪਲਿਸ਼' ਅਤੇ ਨੂੰਹ 'ਆਂਚਲ ਸ਼ੁਕਲਾ' ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਹਰ ਕਿਸਮ ਪੰਜਾਬ / ਭਾਰਤ ਵਿੱਚ ਜਿੱਥੇ ਕਿਤੇ ਵੀ ਹੈ, ਤੋਂ ਬੇਦਖਲ ਕਰਦਾ ਹਾਂ ਹੁਣ ਮੇਰਾ ਤੇ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਸਬੰਧ ਨਹੀਂ ਰਿਹਾ ਹੈ ਜੇਕਰ ਕੋਈ ਵਿਅਕਤੀ ਇਨ੍ਹਾਂ ਨਾਲ ਕਿਸੇ ਕਿਸਮ ਦਾ ਤਾਲੁਕ ਵਾਸਤਾ ਰੱਖਦਾ ਹੈ, ਜਾਂ ਇਨ੍ਹਾਂ ਦੇ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜਿੰਮੇਵਾਰ ਹੋਵੇਗਾ ਸਾਰੇ ਸਬੰਧਤ ਨੋਟ ਕਰਨ।

ਮੈਂ, ਜਸਵਿੰਦਰ ਕੌਰ ਪਤਨੀ ਸਰਬਜੀਤ ਸਿੰਘ ਵਾਸੀ ਪਿੰਡ ਲੋਪੋ, ਡਾਕਖਾਨਾ ਲੋਪੋ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਧਾਲੀਵਾਲ (28 ਸਾਲ) ਜੋ ਵਿਦੇਸ਼ ਵਿਚ ਰਹਿ ਰਿਹਾ ਹੈ ਅਤੇ ਉਸ ਦੀ ਪਤਨੀ ਪ੍ਰਦੀਪ ਕੌਰ, ਜੋ 4/5 ਮਹੀਨੇ ਤੋਂ ਆਪਣੇ ਪੇਕੇ ਘਰ ਚਲੀ ਗਈ ਹੈ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੈਨੂੰ ਤੰਗ-ਪ੍ਰੇਸ਼ਾਨ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਮੇਰਾ ਕੋਈ ਤਲਕ-ਵਾਸਤਾ ਨਹੀਂ ਹੈ। ਉਹ ਆਪਣੇ ਕੀਤੇ ਕੰਮਾਂ-ਕਾਰਾਂ ਦੇ ਖੁਦ ਜ਼ਿੰਮੇਵਾਰ ਹੋਣਗੇ।

ਮੈਂ, ਗੀਤਾ ਪਤਨੀ ਅਸ਼ੋਕ ਕੁਮਾਰ ਵਾਸੀ ਡਬਲਿਯੂ ਐੱਸ 55, ਸੱਤਰਾਂ ਮੁਹੱਲਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਾਗਰ ਵਰਮਾ ਅਤੇ ਉਸ ਦੀ ਪਤਨੀ ਪ੍ਰਿਯਾ, ਵਾਸੀ ਸੀ-177, ਪਹਿਲੀ ਮੰਜ਼ਲ ਸੈਨਿਕ ਨਗਰ, ਮਨਸਾ ਰਾਮ ਪਾਰਕ, ਉੱਤਮ ਨਗਰ, ਵੈੱਸਟ ਦਿੱਲੀ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੀ ਦੇਖ-ਭਾਲ ਨਹੀਂ ਕਰਦੇ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਰਾਮ ਪ੍ਰਕਾਸ਼ ਪੁੱਤਰ ਉਡੀਕ ਚੰਦ ਅਤੇ ਸ਼ਾਰਦਾ ਰਾਣੀ ਪਤਨੀ ਰਾਮ ਪ੍ਰਕਾਸ਼, ਵਾਸੀ ਮਕਾਨ ਨੰਬਰ 88-ਏ, ਦਸਮੇਸ਼ ਨਗਰ, ਨਿਊ ਮਾਡਲ ਹਾਊਸ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮੁਕੇਸ਼ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜਸਵਿੰਦਰ ਕੌਰ ਪਤਨੀ ਲੇਟ ਸ੍ਰੀ ਗੁਰਦਿਆਲ ਸਿੰਘ, ਵਾਸੀ ਗਲੀ ਨੰਬਰ-6, ਸ਼ਹੀਦ ਬਾਬਾ ਦੀਪ ਸਿੰਘ ਨਗਰ, ਨਜ਼ਦੀਕ ਬਾਬਾ ਪੀਰ ਚੌਧਰੀ, ਕਪੂਰਥਲਾ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਬਲਜਿੰਦਰ ਸਿੰਘ ਅਤੇ ਉਸਦੀ ਪਤਨੀ ਰੋਜ਼ੀ, ਜੋ ਕਿ ਮੇਰੇ ਕਹਿਣੇਕਾਰ ਵਿੱਚ ਨਹੀਂ ਹਨ, ਜਿਸ ਕਰਕੇ ਮੈਂ ਆਪਣੇ ਲੜਕੇ ਅਤੇ ਉਸਦੀ ਪਤਨੀ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਦੋਵਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਪਰਮਜੀਤ ਕੌਰ ਪਤਨੀ ਕਪਤਾਨ ਸਿੰਘ ਵਾਸੀ ਮਕਾਨ ਨੰਬਰ 131, ਗਰਾਊਂਡ ਫਲੋਰ, ਸੁਖ ਸਿਟੀ, ਸੈਕਟਰ 123, ਨਿਊ ਸੰਨੀ ਐਂਕਲੇਵ, ਖਰੜ, ਜ਼ਿਲ੍ਹਾ ਐਸ ਏ ਐਸ ਨਗਰ, ਪੰਜਾਬ-140301 ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਪਰਮਅਪਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਦਾਰ ਹੋਵੇਗਾ।

ਮੈਂ, ਰਾਜਪਾਲ ਸਿੰਘ ਪੁੱਤਰ ਤੀਰਥ ਰਾਮ, ਪਿੰਡ ਬੇਦਾਦਪੁਰ, ਤਹਿਸੀਲ ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) ਆਪਣੇ ਲੜਕੇ ਵਿਸ਼ਾਲ ਕੁਮਾਰ ਨੂੰ ਕਹਿਣਿਓਂ ਬਾਹਰੀ ਹੋਣ ਕਾਰਨ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਨੀਤਾ ਪਤਨੀ ਸੁਰਿੰਦਰ ਪਾਲ ਵਾਸੀ ਮਕਾਨ ਨੰ. ਬੀ-9(4, 2) ਦੁਰਗਾ ਵਿਹਾਰ ਸੰਤੋਖਪੁਰਾ, ਵਾਰਡ ਨੰ. 6, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਰਸ਼ਦੀਪ ਪੁੱਤਰ ਸੁਰਿੰਦਰ ਪਾਲ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਅਜੀਤ ਸਿੰਘ ਪੁੱਤਰ ਗੁਰਨਾਮ ਸਿੰਘ, ਵਾਸੀ ਅਚਿੰਤਕੋਟ, ਡਾਕ. ਹੁਸ਼ਿਆਰ ਨਗਰ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਮੀਤ ਸਿੰਘ (ਤਲਾਕਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਦੇਵ ਸਿੰਘ ਪੁੱਤਰ ਅਨੋਖ ਸਿੰਘ ਵਾਸੀ ਪਿੰਡ ਪੱਧਰੀ ਕਲਾਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਰਮਨੀਕ ਕੌਰ ਪਤਨੀ ਮਨਬੀਰ ਸਿੰਘ ਵਾਸੀ ਛੇਹਰਟਾ, ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ -ਵਾਸਤਾ ਨਹੀਂ ਹੈ।

ਅਸੀਂ, ਸਤੀਸ਼ ਕੁਮਾਰ ਪੁੱਤਰ ਕੁੰਦਨ ਲਾਲ ਅਤੇ ਕਮਲ ਜੋਤੀ ਪਤਨੀ ਸਤੀਸ਼ ਕੁਮਾਰ, ਵਾਸੀਆਨ ਮਕਾਨ ਨੰ: ਬੀ-2/3754, ਬਾਜ਼ਾਰ ਕਸ਼ਮੀਰੀਆਂ ਵਾਲਾ, ਜੰਡਿਆਲਾ ਗੁਰੂ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕਰਨਵੀਰ ਸ਼ਰਮਾ ਅਤੇ ਉਸ ਦੀ ਪਤਨੀ ਗਰੀਮਾ ਗਰੋਵਰ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਸ੍ਰੀਮਤੀ ਬਿਮਲਾ ਰਾਣੀ ਪਤਨੀ ਲੇਟ ਤਰਲੋਕ ਚੰਦ, ਵਾਸੀ ਮਕਾਨ ਨੰਬਰ 187, ਸੰਧੂ ਕਾਲੋਨੀ, ਨਜ਼ਦੀਕ ਖੂਹ ਕੁੰਡਿਆਂ ਵਾਲਾ ਮਜੀਠਾ ਰੋਡ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਨੂੰਹ ਪ੍ਰਿਆ ਮਹਾਜਨ ਉਰਫ ਨੀਤਿਕਾ ਪਤਨੀ ਲੇਟ ਚੇਤਨ ਪੁੱਤਰ ਤਰਲੋਕ ਚੰਦ ਅਤੇ ਉਸ ਦੀਆਂ ਲੜਕੀਆਂ ਆਯਤ ਅਤੇ ਅਮਾਇਰਾ, ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਪ੍ਰਿਆ ਮਹਾਜਨ (ਨੂੰਹ) ਉਰਫ ਨੀਤਿਕਾ ਅਤੇ ਪੋਤਰੀਆਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਸੁਚੈਨ ਸਿੰਘ ਪੁੱਤਰ ਸ੍ਰ. ਜਸਵੰਤ ਸਿੰਘ ਵਾਸੀ ਪਿੰਡ ਕੋਟਲਾ ਬਾਮਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਅਤੇ ਉਸਦੀ ਪਤਨੀ ਗੁਰਵਿੰਦਰ ਕੌਰ ਅਤੇ ਉਸਦਾ ਪੁੱਤਰ ਨਵਨੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਆਪਣੇ ਲੜਕੇ ਗੁਰਵਿੰਦਰ ਸਿੰਘ ਅਤੇ ਉਸਦੀ ਪਤਨੀ ਗੁਰਵਿੰਦਰ ਕੌਰ ਅਤੇ ਉਸਦੇ ਪੁੱਤਰ ਨਵਨੀਤ ਸਿੰਘ ਨੂੰ ਸਮੇਤ ਪਰਿਵਾਰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਕਿਰਨ ਪਤਨੀ ਸੁਦੇਸ਼ ਕੁਮਾਰ ਵਾਸੀ 151, 03 ਥ੍ਰੀ ਸਟਾਰ ਪੈਰਾਡਾਈਜ਼ ਕਲੋਨੀ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਕਸ਼ੇ ਉਰਫ ਜਾਨੂੰ ਅਤੇ ਉਸਦੀ ਪਤਨੀ ਗੀਤਿਕਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਲਕਸ਼ਮੀ ਪਤਨੀ ਮੋਹਨ ਹੇਤਨ ਵਾਸੀ ਗਲੀ ਨੰਬਰ 2, ਕਾਲਾ ਸਿੰਘਾ ਰੋਡ, ਜਲੰਧਰ ਹਲਫੀਆ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿਸ਼ਾਲ ਹੇਤਨ, ਜੋਕਿ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲੀ ਕਰਦੀ ਹਾਂ। ਜੋ ਕੋਈ ਵੀ ਉਸ ਨਾਲ ਕਿਸੇ ਕਿਸਮ ਦਾ ਲੈਣ-ਦੇਣ ਕਰੇਗਾ ਉਹ ਉਸ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਬਾਕੀ ਪਰਿਵਾਰ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਰੇ ਸੰਬੰਧਤ ਨੋਟ ਕਰਨ।

ਮੈਂ, ਰਾਜੇਂਦਰ ਪਾਸਵਾਨ ਪੁੱਤਰ ਸ੍ਰੀ ਸੋਨੇ ਲਾਲ ਪਾਸਵਾਨ ਵਾਸੀ ਮਕਾਨ ਨੰਬਰ 5, ਮਕਸੂਦਾਂ ਚੌਕ, ਪਿੰਡ ਨਾਗਰਾ ਨੇੜੇ ਨਿਊ ਸਬਜੀ ਮੰਡੀ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਿਤਿਕ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਲੈਣ ਦੇਣ ਨਹੀਂ ਹੈ। ਸੰਬੰਧਿਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, ਕੁਲਵਿੰਦਰ ਕੌਰ ਪੁੱਤਰੀ ਸ੍ਰੀ ਸੁਰਿੰਦਰ ਪਾਲ ਹੁਣ ਪਤਨੀ ਸ੍ਰੀ ਮੰਗਲ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਸੁਦਾਨਾ ਜਿਲਾ ਜਲੰਧਰ, ਪੰਜਾਬ ਦੀ ਰਹਿਣ ਵਾਲੀ ਹਾਂ ਮੈਂ ਆਪਣਾ ਨਾਮ ਕੁਲਵਿੰਦਰ ਕੌਰ ਤੋਂ ਬਦਲ ਕੇ ਕਮਲਜੀਤ ਕੌਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਰਮਨਦੀਪ ਕੌਰ ਪੁੱਤਰੀ ਜਗਦੀਸ਼ ਕੁਮਾਰ ਵਾਸੀ ES 549, ਗਲੀ ਨੰਬਰ -1, ਨਿਊ ਅਬਾਦਪੁਰਾ, ਜਲੰਧਰ ਪੰਜਾਬ, ਨੇ ਆਪਣਾ ਨਾਮ ਰਮਨਦੀਪ ਤੋਂ ਬਦਲ ਕੇ ਰਮਨਦੀਪ ਕੌਰ ਰੱਖ ਲਿਆ ਹੈ।

## ਆਮ ਸੂਚਨਾ

ਮੈ ਜਲਾ ਬੀਬੀ ਉਰਫ ਜਮਨਾ ਬਾਈ ਪਤਨੀ ਕਸ਼ਮੀਰ ਸਿੰਘ ਪੁਤਰ ਕਰਤਾਰ ਸਿੰਘ ਵਾਸੀ ਮਮਦੋਟ ਉਤਾੜ ਤਹਿਸੀਲ ਵਾ ਜ਼ਿਲ੍ਹਾ ਫਿਰੋਜ਼ਪੁਰ ਦੀ ਹਾਂ। ਮੈਨੂੰ ਜਲਾ ਬੀਬੀ ਅਤੇ ਜਮਨਾ ਬਾਈ ਦੋ ਨਾਵਾਂ ਨਾਲ ਜਾਣਿਆ ਜਾਂਦਾ ਹੈ, ਇਹਨਾਂ ਦੋਵਾਂ ਨਾਵਾਂ ਵਾਲੀ ਮੈ ਇੱਕ ਹੀ ਔਰਤ ਹਾਂ, ਸਬੰਧਤ ਨੋਟ ਕਰਨ।

ਮੈਂ, ਪਾਲ ਸਿੰਘ ਪੁੱਤਰ ਉਗਰ ਸਿੰਘ ਪੁੱਤਰ ਸੰਤਾ ਸਿੰਘ ਵਾਸੀ ਪਿੰਡ ਪਿਪਲੀਆਂ ਵਿਖੇ ਜਮ੍ਹਾਂਬੰਦੀ ਸਾਲ 2020-21 ਹੱਦਬਸਤ ਨੰ: 126, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਵਿਖੇ ਖੇਵਟ ਨੰ:145 ਅਤੇ 148 ਵਿਚ ਹਿੱਸੇ ਅਨੁਸਾਰ ਮਾਲਕ ਵਾ ਕਾਬਜ਼ ਹਾਂ। ਇਨ੍ਹਾਂ ਖੇਵਟਾਂ ਵਿਚ ਮੇਰਾ ਨਾਂਅ ਸਤਪਾਲ ਸਿੰਘ ਦਰਜ ਹੈ, ਪਰ ਬਾਕੀ ਪਰੂਫਾਂ ਉੱਪਰ ਮੇਰਾ ਨਾਂਅ ਪਾਲ ਸਿੰਘ ਦਰਜ ਹੈ। ਇਨ੍ਹਾਂ ਦੋ ਨਾਵਾਂ ਵਾਲਾ ਇਕ ਹੀ ਵਿਅਕਤੀ ਅਤੇ ਦੋਵੇਂ ਨਾਂਅ ਮੇਰੇ ਹਨ। ਮੈਂ ਉਕਤ ਫਰਦ ਵਿਚ ਆਪਣਾ ਨਾਂਅ ਸਤਪਾਲ ਸਿੰਘ ਤੋਂ ਪਾਲ ਸਿੰਘ ਦਰਜ ਕਰਵਾਉਣਾ ਚਾਹੁੰਦਾ ਹੈ। ਕਿਰਪਾਲਤਾ ਕੀਤੀ ਜਾਵੇ।

## ਬੇਦਖਲੀ ਨੋਟਿਸ

ਅਸੀਂ ਚੂਨੀ ਲਾਲ ਪੁੱਤਰ ਸ੍ਰੀ ਲਤੂਰ ਵਾ ਰੀਟਾ ਪਤਨੀ ਸ੍ਰੀ ਚੂਨੀ ਲਾਲ ਵਾਸੀਆਨ ਮਕਾਨ ਨੰ: 64-65, ਅਮਨ ਗਾਰਡਨ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਬਲਵਿੰਦਰ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ ਬਲਵਿੰਦਰ ਕੌਰ ਪਤਨੀ ਕੁਲਵੰਤ ਸਿੰਘ ਪਿੰਡ ਛਾਪਿਆਂਵਾਲੀ, ਤਹਿਸੀਲ ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) ਆਪਣੇ ਲੜਕੇ ਅਰਸ਼ਦੀਪ ਸਿੰਘ ਨੂੰ ਕਹਿਣਿਓਂ ਬਾਹਰੀ ਹੋਣ ਕਾਰਨ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## COURT NOTICE

In the Court of
Ms. Chandan
Judicial Magistrate - Ist Class
Ludhiana
CNR No.:- PBLD03-020358-2022
Next Date:-13-11-2025
Housing Development Finance Corporation Limited
Vs.
EKAMJEET KAUR
Detail of offence :-
Notice To :
Ekamjeet Kaur
W/O Sandeep Singh R/o Kishanpura Kalan, Dharmkot Moga.

In above titled case, the accused could not be served. It is ordered that accused should appear in person or through counsel on 13-11-2025 at 10.00 a.m.

For details logon to https://highcourtchd.gov.in/?mod=district_notice&district=mogacourt.

Judicial Magistrate Ist Class
Ludhiana
Dated, this day of 06-10-2025

## COURT NOTICE

In the Court of
Ms. Ankita Loomba
Judicial Magistrate Ist Class
Malerkotla
NACT/643/2022
CNR No.:- PBSGC1-002403-2022
Next Date:-10-12-2025
Mohammad Shamshad
Vs.
Shehnaz
Detail of offence:-
Notice To:
Shehnaz wife of Mohd Irshad Mohalla Chini Garan, Malerkotla

In above titled case, the accused could not be served. It is ordered that accused should appear in person or through counsel on 10-12-2025 at 10.00 a.m.

For details logon to https://highcourtchd.gov.in/?mod=district_notice&district=Sangrur

Judicial Magistrate Ist Class
Malerkotla
Dated, this day of 08-10-2025

## COURT NOTICE

(U/o 5 Rule 20 CPC)
In the Court of Ms. Aesha Duvedi
Civil Judge Junior Division-15,
Patiala
CNR No. PBPT02-003809-2024
Next Date:- 30-10-2025
M/S Anmol Enterprises
Vs.
Dhand Sanitary Store
Publication Issued To:
Akhlesh Dhand
Prop/Authorized Representative Dhand Sanitary Store Akhlesh Dhand Amloh Road, Tehsil Khanna, Distt. Ludhiana,

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 30-10-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge (Jr. Division)-15,
Patiala
Dated, this day of 06-10-2025

## COURT NOTICE

(U/o 5 Rule 20 CPC)
In the Court of Sh. Anupam Gupta
Civil Judge (Junior Division) -I,
Barnala
CS/903/2024
CNR No. PBBR02-001322-2024
Next Date:- 28-10-2025
Balraj Singh
Vs.
Teja Singh @ Gurtej Singh
Publication Issued To:
Defendant No. 1
Teja Singh @ Gurtej Singh S/o Atma Singh S/o Ujagar Singh, R/o Nariangarh Sohian, Tehsil Tapa, District Barnala, Mob. No. 98765-05901

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 28-10-2025 at 10:00 a.m.

For details logon to https://highcourtchd.gov.in/?mod=district_notice&district=barnala

Civil Judge (Junior Division) -I,
Barnala
Dated, this day of 08-10-2025

## COURT NOTICE

(U/o 5 Rule 20 CPC)
In the Court of
Sh. Amrinder Pal Singh
Additional Principal Judge
Family Court, Sangrur
CNR No. :- PBSG01-006320-2025
Next Date :- 31-10-2025
HMA/301/2025
Vijay Kumar
Vs. Arti
Publication Issued To :
Arti
Spouse : Vijay Kumar
D/o Raj Kumar R/o H. No. 555, Sita Nagar, Near Ravi Dass Mandir, Ludhiana 70874-51409

In above titled case, the defendant (s)/ respondent(s) could not be served. It is ordered that defendant(s)/ respondent(s) should appear in person or through counsel on 31.10.2025 at 10:00 A.M.

For details logon to https://highcourtchd.gov.in/?mod=district_notice&district=Sangrur

Additional Principal Judge
Family Court Sangrur
Dated, this day of 06-10-2025

## ਨਿਲਾਮੀ ਸੂਚਨਾ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਪਿੰਡ ਮੂਨਕ ਕਲਾਂ, ਬਲਾਕ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) ਦੇ ਪੰਚਾਇਤੀ ਰਕਬੇ ਵਿੱਚ ਲੱਗੇ ਸਫੈਦਾ 1, ਫਲਦਾਰ 1, ਫੁੱਟਕਲ 2, ਕੁਲ ਗਿਣਤੀ 4, ਦਰੱਖਤਾਂ ਦੀ ਬੋਲੀ ਮਿਤੀ 18/10/2025 ਦਿਨ ਸ਼ਨੀਵਾਰ ਨੂੰ ਸਵੇਰੇ 11 ਵਜੇ ਪਸ਼ੂ ਹਸਪਤਾਲ ਵਿਖੇ ਕੀਤੀ ਜਾਵੇਗੀ। ਚਾਹਵਾਨ ਸੱਜਣ ਮੌਕੇ 'ਤੇ ਬੋਲੀ ਵਿੱਚ ਭਾਗ ਲੈਣ ਦੀ ਕ੍ਰਿਪਾਲਤਾ ਕਰਨ।

ਸੰਪਰਕ : 76268-20129

## CRIMINAL COURTS, LUDHIANA

In the Court of
MS. SHANU GOYAL
Judicial Magistrate - Ist Class
Ludhiana
PBLD03-096333-2022
COMA/92883/2022
Peshi: 06.11.2025
Publication Notice For Proclamation Under Section 82 CR.PC
Au Small Bank Vs Harpreet Singh
Complaint under sec- 138 of N.I ACT
Notice To :
Harpreet Singh Resident of Bazar No. 6, New Shaheed Singh Nagar, Amritsar-143416. M.No. 82889-28073

Whereas it has been proved to the satisfaction of the Court that You, the accused above named cannot be served in the ordinary way of service. Hence, this proclamation under section 82 CRPC is hereby issued against you with a direction that you should appear personally before the court on 06.11.2025 at 10.00 a.m. or within 30 days from the date of publication of this proclamation.

Take notice that, in default of your part to appear as directed above, the above said case will be heard and determined as per law, in your absence.

Given under my hand and the seal of the Court,

For details login To : https://highcourtchd.gov.in/?trs=district_notice&district=ludhiana

Judicial Magistrate -1st Class Ludhiana

## CRIMINAL COURTS, LUDHIANA

In the Court of MS. SHANU GOYAL
Judicial Magistrate - Ist Class
Ludhiana
COMA/7671/2022
CNR No. PBLD03-023972-2022
Peshi: 12-11-2025
Publication Notice For Proclamation Under Section 82 Cr.PC
Kotak Mahindra Bank
Vs
Satish Sampatrao Chopde
Complaint Under Sec- 138 Of N.i Act

Notice To : Satish Sampatrao Chopde, Auto. Sign. Of M/S. Poornima Travels R/o Mig Colony 15/4, Trimurti Ranapratap Nagar, Nagpur-440022 (Maharashtra).

2. M/S. Poornima Travels, Through its Aut. Sign. Satish Sampatrao Chopde, MIG Colony 15/4, Trimurti Nagar, Ranapratap Nagar, Nagpur-440022 (Maharashtra).

Whereas it has been proved to the satisfaction of the Court that You, the accused above named cannot be served in the ordinary way of service. Hence, this proclamation under section 82 CRPC is hereby issued against you with a direction that you should appear personally before the court on 12.11.2025 at 10.00 a.m. or within 30 days from the date of publication of this proclamation.

Take notice that, default of your part to appear as directed above, the above said case will be heard and determined as per law, in your absence.

Given under my hand and the seal of the Court,

For details login To : https://highcourtchd.gov.in/?trs=district_notice&district=ludhiana

Judicial Magistrate - 1st Class
Ludhiana

## ਦੀ ਮੋਗਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ, ਮੋਗਾ

### ਆਮ ਇਜਲਾਸ ਸੂਚਨਾ ਨੋਟਿਸ

ਦੀ ਮੋਗਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ, ਮੋਗਾ ਦੇ ਸਮੂਹ ਏ-ਕਲਾਸ ਮੈਂਬਰਾਂ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਬੈਂਕ ਦਾ ਆਮ ਇਜਲਾਸ ਮਿਤੀ 03.11.2025 ਦਿਨ ਸੋਮਵਾਰ ਨੂੰ ਸਵੇਰੇ 11:00 ਵਜੇ ਪੀ.ਏ.ਡੀ.ਬੀ. ਮੋਗਾ ਵਿਚ ਹੋ ਰਿਹਾ ਹੈ। ਇਸ ਲਈ ਬੈਂਕ ਦੇ ਸਮੂਹ ਏ-ਕਲਾਸ ਮੈਂਬਰਾਂ ਨੂੰ ਸਮੇਂ ਸਿਰ ਆਮ ਇਜਲਾਸ ਵਿਚ ਹਾਜ਼ਰ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

ਅਜੰਡਾ ਹੇਠ ਲਿਖੇ ਅਨੁਸਾਰ ਹੋਵੇਗਾ :-

1. ਪਿਛਲੇ ਆਮ ਇਜਲਾਸ ਦੀ ਕਾਰਵਾਈ ਦੀ ਪੁਸ਼ਟੀ ਕਰਨ 'ਤੇ ਵਿਚਾਰ, 2. ਬੈਂਕ ਦੀ ਵਿੱਤੀ ਸਾਲ 2024-25 ਤੱਕ ਦੀ ਆਡਿਟ ਰਿਪੋਰਟ, ਇੰਸਪੈਕਸ਼ਨ ਨੋਟ, ਚਿੱਠਾ ਲਾਭ-ਹਾਨੀ ਆਦਿ ਨੂੰ ਵਾਚਨ ਅਤੇ ਪ੍ਰਵਾਨ ਕਰਨ 'ਤੇ ਵਿਚਾਰ, 3. ਮਾਣਯੋਗ ਰਜਿਸਟਰਾਰ ਸਾਹਿਬ, ਸਹਿਕਾਰੀ ਸਭਾਵਾਂ ਪੰਜਾਬ ਜੀ ਦੇ ਵੱਲੋਂ ਬੈਂਕ ਦੇ ਬਾਈਲਾਜ਼ ਆਦਿ ਵਿਚ ਕੀਤੀਆਂ ਸੋਧਾਂ, ਤਰਮੀਮਾਂ ਅਤੇ ਜਾਰੀ ਨਿਰਦੇਸ਼ਾਂ/ਸਕੀਮਾਂ ਨੂੰ ਅਪਨਾਉਣ 'ਤੇ ਵਿਚਾਰ, 4. ਆਮ ਇਜਲਾਸ 'ਤੇ ਹੋਏ ਖਰਚੇ ਦੀ ਪ੍ਰਵਾਨਗੀ ਦੇਣ 'ਤੇ ਵਿਚਾਰ, 5. ਸਾਲ 2024-25 ਅਧੀਨ ਬੈਂਕ ਦੇ ਕੰਮ-ਕਾਜ ਸੰਬੰਧੀ ਜੋ ਖਰਚੇ ਕੀਤੇ ਗਏ ਹਨ, ਉਨ੍ਹਾਂ ਦੀ ਪ੍ਰਵਾਨਗੀ 'ਤੇ ਵਿਚਾਰ

ਨੋਟ :- (1) ਬੈਂਕ ਦੇ ਸੰਬੰਧਤ ਚਿਠਾ, ਲਾਭ-ਹਾਨੀ, ਲੇਖਾ-ਜੋਖਾ ਸੰਬੰਧੀ ਜਾਣਕਾਰੀ ਲਿਖਤੀ ਤੌਰ 'ਤੇ ਆਮ ਇਜਲਾਸ ਤੋਂ ਤਿੰਨ ਦਿਨ ਪਹਿਲਾਂ ਲਈ ਜਾ ਸਕਦੀ ਹੈ।
(2) ਜੇਕਰ ਕਿਸੇ ਕਾਰਨ ਆਮ ਇਜਲਾਸ ਦਾ ਕੋਰਮ ਸਵੇਰੇ 11.00 ਵਜੇ ਪੂਰਾ ਨਹੀਂ ਹੁੰਦਾ ਤਾਂ ਉਸ ਦਿਨ ਦੁਪਹਿਰ 3.00 ਵਜੇ ਆਮ ਇਜਲਾਸ ਦੀ ਮੀਟਿੰਗ ਹੋਵੇਗੀ।

ਸਹੀ/-ਮੈਨੇਜਰ, ਪੀ.ਏ.ਡੀ.ਬੀ. ਮੋਗਾ।

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਟੈਂਡਰ ਸੂਚਨਾ ਨੰ: 433-ਸਿਗ-ਟੀ-40-25-26 ਬੰਦ ਹੋਣ ਦੀ ਮਿਤੀ/ਸਮਾਂ:
ਮਿਤੀ : 08.10.2025 ਨੂੰ 29.10.2025 15:00 ਵਜੇ

ਸੀਨੀਅਰ ਡਵੀਜਨ ਸਾਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫ਼ਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਟੈਂਡਰ ਨੰ: 433-ਸਿਗ-ਟੀ-40-25-26 ਈ-ਟੈਂਡਰਿੰਗ ਦੁਆਰਾ ਤੋਂ ਮਿਤੀ 29.10.2025, 15.00 ਵਜੇ ਤਕ https://www.ireps.gov.in ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ। ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।

ਠੇਕੇਦਾਰਾਂ ਦੁਵਾਰਾ ਟੈਂਡਰ ਡਾਕਯੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਐਨ ਆਈ ਟੀ

| ਕੰਮ ਦਾ ਨਾਮ | ਫ਼ਿਰੋਜ਼ਪੁਰ ਮੰਡਲ ਵਿਚ ਡੇਲਟਰਾਨ ਮੇਕ ਯੂਐਫਐਸਬੀਆਈ ਸਿਸਟਮ ਦਾ ਤਿੰਨ ਸਾਲ ਦੇ ਲਈ ਪੂਰਾ ਸਲਾਨਾਂ ਰੱਖ-ਰੱਖਾਵ ਅਨੁਬੰਧ। | | |
|---|---|---|---|
| ਟੈਂਡਰ ਬੰਦ ਕਰਨ ਦੀ ਮਿਤੀ ਸਮਾਂ | 29.10.2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 08.10.2025 10:20 |
| ਅਨੁਮਾਨਿਤ ਕੀਮਤ | 4172830.20 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 15.10.2025 |
| ਬਿਆਨਾ ਰਾਸ਼ੀ (ਰੁ:) | 83500.00 | ਕੰਮ ਪੂਰਾ ਕਰਨ ਦਾ ਸਮਾਂ | 36 ਮਹੀਨੇ |

ਨੋਟ : ਟੈਂਡਰਕਰਤਾ ਨਿਯਮਿਤ ਰੂਪ ਤੋਂ ਵੈੱਬਸਾਈਟ ਦੇ ਸੰਪਰਕ ਵਿਚ ਰਹਿਕੇ ਟੈਂਡਰ ਸੰਸ਼ੋਧਨਾਂ, ਸ਼ੁੱਧੀਪੱਤਰ ਆਦਿ ਬਾਰੇ ਵਿਚ ਖੁਦ ਨੂੰ ਅਪਡੇਟ ਰੱਖੋ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3108/25

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਜਾਂਦੀ ਹੈ:

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-MIXED25-2 | 15.10.25 ਨੂੰ 11:30 ਵਜੇ | 1) ਬਟਾਲਾ ਫਿਲੌਰ ਅਤੇ ਫਾਜਿਲਕਾ ਰੇਲਵੇ ਸਟੇਸ਼ਨ ਉਤੇ ਪੇ ਐਂਡ ਯੂਜ਼ ਪਖਾਨਿਆਂ ਦੇ ਸੰਚਾਲਨ ਅਤੇ ਰੱਖ-ਰੱਖਾਵ ਦੇ ਲਈ ਅਨੁਬੰਧ ਦਾ ਅਲਾਟਮੈਂਟ। 2) ਫ਼ਿਰੋਜ਼ਪੁਰ ਛਾਵਣੀ ਰੇਲਵੇ ਸਟੇਸ਼ਨ ਉਤੇ ਮੋਬਾਇਲ ਅਤੇ ਮੋਬਾਇਲ ਏਕਸੇਸਰੀਜ ਸਟੋਰ ਅਤੇ ਟੇਕਸਟਾਇਲ ਸਟੋਰ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਅਨੁਬੰਧ ਦਾ ਅਲਾਟਮੈਂਟ। 3) ਜਲੰਧਰ ਸ਼ਹਿਰ ਰੇਲਵੇ ਸਟੇਸ਼ਨ ਉਤੇ ਟੇਕਸਟਾਇਲ ਸਟੋਰ ਦੇ ਪ੍ਰਾਵਧਾਨ ਦੇ ਲਈ ਅਨੁਬੰਧ ਦਾ ਅਲਾਟਮੈਂਟ। |
| EAFZR-MA25-6 | 18.10.25 ਨੂੰ 11:00 ਵਜੇ | ਗੱਡੀ ਨੰਬਰ 14634/33, 20424/23, 12408/07, 14622/21 & 14626/25, 20498/97 (ਗਰੁਪ ਰੇਕ ਲਿੰਕ) ਟ੍ਰੇਨਾਂ ਦੇ ਸਵਾਰੀ ਡਿਬਿਆਂ ਦੇ ਬਾਹਰੀ ਭਾਗ ਉਤੇ ਵਿਨਾਇਲ ਰੈਪਿੰਗ ਦੇ ਦੁਵਾਰਾ ਤੋਂ ਵਾਣਿਜਿਯਕ ਪ੍ਰਚਾਰ ਅਧਿਕਾਰਾਂ ਦੇ ਲਈ ਅਨੁਬੰਧ ਦਾ ਅਲਾਟਮੈਂਟ। |
| EAFZR-MPS25-14 | 21.10.25 ਨੂੰ 11:00 ਵਜੇ | ਲੁਧਿਆਣਾ, ਫ਼ਿਰੋਜ਼ਪੁਰ ਛਾਵਣੀ, ਫਰੀਦਕੋਟ ਅਤੇ ਫਿਲੌਰ ਰੇਵੇ ਸਟੇਸ਼ਨ ਉਤੇ ਬਹੁਉਦੇਸ਼ੀਯ ਸਟਾਲ (ਐਮਪੀਐਸ) ਦੇ ਲਈ ਅਨਬੰਧ ਦਾ ਅਲਾਟਮੈਂਟ। |
| EAFZR-ATM25-1 | 22.10.25 ਨੂੰ 11:30 ਵਜੇ | ਅੰਮ੍ਰਿਤਸਰ, ਜਲੰਧਰ ਸ਼ਹਿਰ, ਫ਼ਿਰੋਜ਼ਪੁਰ ਛਾਵਣੀ, ਢੰਢਾਰੀ ਕਲਾ, ਨਵਾਂ ਸ਼ਹਿਰ ਦੋਆਬਾ ਅਤੇ ਫਾਜਿਲਕਾ ਰੇਲਵੇ ਸਟੇਸ਼ਨ ਉਤੇ ਏਟੀਐਮ ਦੇ ਪ੍ਰਾਵਧਾਨ ਦੇ ਲਈ ਅਨੁਬੰਧ ਦਾ ਅਲਾਟਮੈਂਟ। |

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੈੱਬਸਾਈਟ www.ireps.gov.in ਉਤੇ ਜਾਉ।
ਨੰ: NR-FZR0COML(NFR)/18/2024 ਮਿਤੀ : 08.10.2025 3103/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਨੰ. 433-ਸਿਗ-ਟੀ-42-25-26
ਬੰਦ ਹੋਣ ਦੀ ਮਿਤੀ/ਸਮਾਂ: ਨੂੰ 31.10.2025 ਨੂੰ 15:00 ਵਜੇ ਮਿਤੀ 09.10.2025

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-42/25-26 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 31.10.2025 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।

ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜ਼ਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਐਨ.ਆਈ.ਟੀ

| ਕੰਮ ਦਾ ਨਾਮ | (1) ਜਲੰਧਰ ਸਿਟੀ-ਅੰਮ੍ਰਿਤਸਰ ਸੈਕਸ਼ਨ ਉਤੇ ਮਨੁੱਖਯੁਕਤ ਲਾਈਨ ਨੰਬਰ ਸੀ-34 ਉਤੇ ਏਡੀਈਐਨ-II/ਅੰਮ੍ਰਿਤਸਰ ਦੇ ਤਹਿਤ ਸੈਕਸ਼ਨ ਵਿਚ ਪੁਸ਼ਿੰਗ ਵਿਧੀ ਦੁਆਰਾ ਅੰਦਰੂਨੀ ਆਕਾਰ 5.0*5.0 ਮੀਟਰ ਦੇ ਐਲਐਚਐਸ ਦੀ ਉਸਾਰੀ ਦਾ ਕੰਮ (2) ਅੰਮ੍ਰਿਤਸਰ-ਖੇਮਕਰਨ ਸੈਕਸ਼ਨ ਤੇ ਏਡੀਈਐਨ-II/ ਅੰਮ੍ਰਿਤਸਰ ਵਿਚ ਪੁਸ਼ਿੰਗ ਵਿਧੀ ਦੁਆਰਾ ਮਨੁੱਖਯੁਕਤ ਲਾਈਨ ਨੰਬਰ ਸੀ-39 ਤੇ ਅੰਦਰੂਨੀ ਆਕਾਰ 5.0*5.0 ਮੀਟਰ ਦੇ ਐਲਐਚਐਸ ਦਾ ਉਸਾਰੀ ਕੰਮ (3) ਅੰਮ੍ਰਿਤਸਰ-ਖੇਮਕਰਨ ਸੈਕਸ਼ਨ ਤੇ ਏਡੀਈਐਨ-II/ ਅੰਮ੍ਰਿਤਸਰ ਵਿਚ ਪੁਸ਼ਿੰਗ ਵਿਧੀ ਦੁਆਰਾ ਮਨੁੱਖਯੁਕਤ ਲਾਈਨ ਨੰਬਰ ਸੀ-64 ਤੇ ਅੰਦਰੂਨੀ ਆਕਾਰ 5.0*5.0 ਮੀਟਰ ਦੇ ਐਲਐਚਐਸ ਦਾ ਉਸਾਰੀ ਕੰਮ (4) ਅੰਮ੍ਰਿਤਸਰ-ਖੇਮਕਰਨ ਸੈਕਸ਼ਨ ਤੇ ਏਡੀਈਐਨ-II/ ਅੰਮ੍ਰਿਤਸਰ ਵਿਚ ਪੁਸ਼ਿੰਗ ਵਿਧੀ ਦੁਆਰਾ ਮਨੁੱਖਯੁਕਤ ਲਾਈਨ ਨੰਬਰ ਸੀ-18 ਤੇ ਅੰਦਰੂਨੀ ਆਕਾਰ 5.0*5.0 ਮੀਟਰ ਦੇ ਐਲਐਚਐਸ ਦਾ ਉਸਾਰੀ ਕੰਮ (6) ਜਲੰਧਰ ਸਿਟੀ-ਅੰਮ੍ਰਿਤਸਰ ਸੈਕਸ਼ਨ ਤੇ ਏਡੀਈਐਨ-II/ ਅੰਮ੍ਰਿਤਸਰ ਵਿਚ ਪੁਸ਼ਿੰਗ ਵਿਧੀ ਦੁਆਰਾ ਮਨੁੱਖਯੁਕਤ ਲਾਈਨ ਨੰਬਰ ਸੀ-40 ਉਤੇ ਏਡੀਈਐਨ-II/ ਅੰਮ੍ਰਿਤਸਰ ਸੇਕਸ਼ਨ ਵਿਚ ਪੁਸ਼ਿੰਗ ਵਿਧੀ ਦੁਆਰਾ ਐਲਐਚਐਸ 5.0*5.0 ਮੀਟਰ ਦੇ ਦਾ ਉਸਾਰੀ ਕੰਮ। | | |
|---|---|---|---|
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 31/10/2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 09/10/2025 13:09 |
| ਅੰਦਾਜਨ ਕੀਮਤ | 5089538.23 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 17/10/2025 |
| ਬਿਆਨਾ ਰਾਸ਼ੀ (ਰੁ) | 101800.00 | ਕੰਮ ਪੂਰਾ ਕਰਨ ਦਾ ਸਮਾਂ | 6 ਮਹੀਨੇ |
| ਨੋਟ: | ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। 3111/2025 | | |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

10 Oct Page 8.qxd 10/9/2025 10:43 PM Page 1



# ਕਾਰ ਤੇ ਮੋਟਰਸਾਈਕਲ ਦੀ ਟੱਕਰ

**ਮੋਟਰਸਾਈਕਲ ਸਵਾਰ ਦੋ ਵਿਅਕਤੀ ਗੰਭੀਰ ਜ਼ਖ਼ਮੀ**

**ਬਲਾਚੌਰ (ਜਸਵਿੰਦਰ ਬੈਂਸ)**- ਰੋਪੜ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਰਾਜਨ ਢਾਬੇ ਕੋਲ ਕਾਰ ਤੇ ਮੋਟਰਸਾਈਕਲ ਦਾ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਪ੍ਰਵੀਨ ਕੁਮਾਰ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਸੀ ਕਿ ਰਾਜਨ ਢਾਬੇ ਕੋਲ ਐਕਸੀਡੈਂਟ ਹੋ ਗਿਆ ਹੈ। ਉਨ੍ਹਾਂ ਨੇ ਤਰੁੰਤ ਜਾ ਕੇ ਅਸੀਂ ਦੇਖਿਆ ਕਿ ਇੱਕ ਸਵਿਫਟ ਕਾਰ ਪੀ ਬੀ 06ਏ ਡੀ2393 ਜਿਸ ਨੂੰ ਰਾਜਨ ਪੁੱਤਰ ਕੇਵਲ ਕ੍ਰਿਸ਼ਨ ਵਾਸੀ ਗੁਰਦਾਸਪੁਰ ਚਲਾ ਰਿਹਾ ਸੀ ਇਹ ਬਲਾਚੌਰ ਤੋਂ ਰੋਪੜ ਨੂੰ ਜਾ ਰਿਹਾ ਸੀ ਅਤੇ ਇਕ ਸਪਲੈਂਡਰ ਮੋਟਰਸਾਈਕਲ ਪੀ ਬੀ 32 ਕ੍ਰਿਉ 2553 ਜਿਸ ਨੂੰ ਲਖਵੀਰ ਪੁੱਤਰ ਰੌਸ਼ਨ ਲਾਲ ਵਾਸੀ ਬਨਾਂ ਥਾਣਾ ਕਾਠਗੜ੍ਹ ਚਲਾ ਰਿਹਾ ਸੀ ਇਸ ਦੇ ਮਗਰ ਗੁਰਪ੍ਰੀਤ ਪੁੱਤਰ ਕਮਲਜੀਤ ਵਾਸੀ ਪਿੰਡ ਬਨਾਂ ਮਗਰ ਬੈਠਾ ਸੀ। ਇਹ ਦੋਵੇਂ ਮੋਟਰਸਾਈਕਲ ਸਵਾਰ ਬਲਾਚੌਰ ਸਾਈਡ ਤੋਂ ਕਾਠਗੜ੍ਹ ਜਾ ਰਹੇ ਸਨ। ਜਦੋਂ ਇਹ ਕਾਰ ਅਤੇ ਮੋਟਰਸਾਈਕਲ ਉਪਰੋਕਤ ਸਥਾਨ ਦੇ ਪਹੁੰਚੇ ਤਾਂ ਕਾਰ ਵਾਲੇ ਨੇ ਕਾਰ ਸਾਇਡ ਤੇ ਕਰਨ ਲਈ ਬ੍ਰੇਕ ਲਗਾਈ ਤਾਂ ਮੋਟਰਸਾਈਕਲ ਕਾਰ ਦੇ ਪਿੱਛੇ ਜਾ ਵੱਜਿਆ ਜਿਸ ਨਾਲ ਮੋਟਰਸਾਈਕਲ ਸਵਾਰ ਦੋਨੋ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਐਸ ਐਸ ਐਫ ਦੀ ਟੀਮ ਨੇ ਆਪਣੀ ਗੱਡੀ ਵਿਚ ਇਲਾਜ ਲਈ ਸਿਵਲ ਹਸਪਤਾਲ ਬਲਾਚੌਰ ਵਿਖੇ ਦਾਖਲ ਕਰਵਾਇਆ ਅਤੇ ਐਸ ਐਸ ਐਫ ਦੀ ਟੀਮ ਵਲੋਂ ਜ਼ਖਮੀਆਂ ਦੇ ਘਰਾਂ ਨੂੰ ਇਸ ਹਾਦਸੇ ਬਾਰੇ ਸੂਚਿਤ ਕੀਤਾ। ਇਸ ਘਟਨਾ ਦੀ ਸੂਚਨਾ ਬਾਰੇ ਥਾਣਾ ਸਦਰ ਬਲਾਚੌਰ ਨੂੰ ਦੇ ਦਿੱਤੀ ਗਈ ।ਇਸ ਹਾਦਸੇ ਦੀ ਖਬਰ ਸੁਣਦੇ ਸਾਰ ਥਾਣਾ ਸਦਰ ਬਲਾਚੌਰ ਦੇ ਐਸ ਆਈ ਮਨੋਹਰ ਲਾਲ ਪੁਲਸ ਪਾਰਟੀ ਨਾਲ ਮੌਕੇ ਤੇ ਪਹੁੰਚ ਗਏ ਤੇ ਹਾਦਸੇ ਦੇ ਕਾਰਨਾ ਦੀ ਜਾਂਚ ਵਿੱਚ ਜੁੜ ਗਏ।



# ਬਿਜਲੀ ਬੋਰਡ ਦੀਆਂ ਜਾਇਦਾਦਾਂ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦਾ ਕੀਤਾ ਜਾਵੇਗਾ ਵਿਰੋਧ



**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਟੈਕਨੀਕਲ ਸਰਵਿਸਿਜ਼ ਯੂਨੀਅਨ ਸੂਬਾ ਕਮੇਟੀ ਤੇ ਜੁਆਇੰਟ ਫੋਰਮ ਪੰਜਾਬ ਦੇ ਸੱਦੇ ਤੇ ਬਿਜਲੀ ਬੋਰਡ ਕਰਮਚਾਰੀਆ ਵੱਲੋਂ ਪਾਵਰ ਕੋਲਨੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਡਵੀਜ਼ਨ ਪੱਧਰੀ ਰੈਲੀ ਜਨਰੇਸ਼ਨ ਡਵੀਜ਼ਨ ਅਤੇ ਹਾਈਡਲ ਡਵੀਜ਼ਨ ਵਲੋਂ ਸਾਂਝੇ ਤੌਰ ਤੇ ਕੀਤੀ ਗਈ। ਇਸ ਰੈਲੀ ਦੀ ਪ੍ਰਧਾਨਗੀ ਮਨਪ੍ਰੀਤ ਸਿੰਘ ਪ੍ਰਧਾਨ ਮੰਡਲ ਅਤੇ ਸੁਰਿੰਦਰ ਪਾਲ ਐਸ ਐਸ ਏ, ਸੱਕਤਰ ਜਨਰੇਸ਼ਨ ਮੰਡਲ ਅੰਨਦਪੁਰ ਸਾਹਿਬ ਏ ਐਸ ਐਚ ਪੀ ਵੱਲੋਂ ਕੀਤੀ ਗਈ। ਜਿਸ ਵਿੱਚ ਮੁੱਖ ਤੌਰ ਤੇ ਪੰਜਾਬ ਸਰਕਾਰ ਵੱਲੋਂ ਬਿਜਲੀ ਬੋਰਡ ਦੀਆਂ ਕੀਮਤੀ ਸੰਪਤੀ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦੇ ਵਿਰੋਧ ਅਤੇ ਬਿਜਲੀ ਕਰਮਚਾਰੀਆ ਦੀ ਡਿਊਟੀ ਪਰਾਲੀ ਨੂੰ ਸਾੜਨ ਦੇ ਰੋਕਣ ਲਈ ਲਗਾਈ ਗਈ ਹੈ, ਦੇ ਵਿਰੋਧ ਵਿੱਚ ਕੀਤੀ ਗਈ। ਰੋਸ ਰੈਲੀ ਵਿੱਚ ਸੱਕਤਰ ਦੀ ਕਾਰਵਾਈ ਮੋਹਿਤ ਸ਼ਰਮਾ ਜੇਈ ਵੱਲੋਂ ਕੀਤੀ ਗਈ। ਇਸ ਮੌਕੇ ਬੁਲਾਰੇ ਸਾਥੀ ਗੁਰਜੀਤ ਸਿੰਘ ਸਬ ਡਵੀਜ਼ਨ ਪ੍ਰਧਾਨ, ਸੁਖਵੀਰ ਸਿੰਘ ਅਤੇ ਅਸ਼ੋਕ ਕੁਮਾਰ ਜੇਈ ਪ੍ਰਧਾਨ ਸ਼ਿਫਟ ਗੰਗੂਵਾਲ, ਰਜਨੀਸ਼ ਸ਼ਰਮਾ ਮੁਸਾਪੁਰ ਪ੍ਰਧਾਨ ਸਿਵਲ ਸਬ ਡਵੀਜ਼ਨ, ਮਨਦੀਪ ਕੁਮਾਰ ਐਸ ਐਸ ਏ ਪ੍ਰਧਾਨ ਸ਼ਿਫਟ ਨੱਕੀਆ,ਕਸ਼ਮੀਰ ਸਿੰਘ ਪ੍ਰਧਾਨ ਓ ਤੇ ਮ ਸਬ ਡਵੀਜ਼ਨ ਨੰਗਲ, ਗੁਰਦੀਪ ਸਿੰਘ ਪ੍ਰਧਾਨ ਓ ਤੇ ਮ ਸਬ ਡਵੀਜ਼ਨ ਗੰਗੂਵਾਲ ਅਤੇ ਸਾਥੀ ਜਸਪਾਲ ਸਿੰਘ ਐਸ ਐਸ ਏ,ਸੋਮ ਨਾਥ ਜੋਨ ਕੈਸ਼ੀਅਰ , ਗੁਰਮੀਤ ਸਿੰਘ, ਹਰਵਿੰਦਰ ਪਾਲ ਸਿੰਘ ਆਦਿ ਹਾਜ਼ਰ ਸਨ।

# ਸੀ ਟੀ ਗਰੁੱਪ ਸ਼ਾਹਪੁਰ ਵੱਲੋਂ 'ਯੂਨਾਈਟਿਡ ਭਾਰਤ' ਦਾ ਆਯੋਜਨ

**ਜਲੰਧਰ (ਸ਼ੈਲੀ ਐਲਬਰਟ)**- ਸੀ ਟੀ ਗਰੁੱਪ ਆਫ ਇੰਸਟੀਚਿਊਸ਼ਨਜ਼, ਸਾਊਥ ਕੈਂਪਸ ਵਿੱਚ 'ਯੂਨਾਈਟਿਡ ਭਾਰਤ' ਨਾਮਕ ਸੱਭਿਆਚਾਰਕ ਮੇਲੇ ਦਾ ਵਿਸ਼ਾਲ ਆਯੋਜਨ ਕੀਤਾ ਗਿਆ, ਜਿਸ ਵਿੱਚ ਦੇਸ਼ ਦੇ 11 ਰਾਜਾਂ ਦੀਆਂ ਰੰਗਤਾਂ, ਰਸਮਾਂ ਅਤੇ ਸੰਗੀਤਕ ਧੁਨਾਂ ਨੇ ਇੱਕਤਾ ਦਾ ਸੁੰਦਰ ਨਜ਼ਾਰਾ ਪੇਸ਼ ਕੀਤਾ। ਇਹ ਸਮਾਰੋਹ ਭਾਰਤ ਇੱਕ ਪਰਿਵਾਰ-ਵਸੁਧੈਵ ਕੁਟੁੰਬਕਮ ਦੀ ਅਸਲੀ ਰੂਹ ਨੂੰ ਪ੍ਰਗਟ ਕਰਦਾ ਹੋਇਆ ਵਿਭਿੰਨਤਾ ਵਿਚ ਏਕਤਾ ਦਾ ਸ਼੍ਰੇਸ਼ਠ ਉਦਾਹਰਨ ਬਣਿਆ।ਦਿਨ ਭਰ ਚੱਲੇ ਇਸ ਮੇਲੇ ਵਿੱਚ ਵਿਦਿਆਰਥੀਆਂ ਨੇ ਕੇਰਲਾ, ਰਾਜਸਥਾਨ, ਉੱਤਰ ਪ੍ਰਦੇਸ਼, ਪੰਜਾਬ ਸਮੇਤ 11 ਰਾਜਾਂ ਦੀ ਲੋਕ-ਸੱਭਿਆਚਾਰ, ਪਹਿਰਾਵੇ ਅਤੇ ਰੰਗ-ਰੂਪ ਨੂੰ ਜੀਵੰਤ ਕੀਤਾ। ਮੰਚ 'ਤੇ ਪੇਸ਼ ਕੀਤੀਆਂ ਗਈਆਂ ਨਾਟਕ, ਨ੍ਰਿਤਯ ਤੇ ਗੀਤ ਪ੍ਰਸਤੁਤੀਆਂ ਨੇ ਦਰਸ਼ਕਾਂ ਨੂੰ ਮੋਹ ਲਿਆ। ਪਰੰਪਰਾਗਤ ਖਾਣੇ ਅਤੇ ਕਲਾ ਪ੍ਰਦਰਸ਼ਨ ਨੇ ਸਮਾਰੋਹ ਦੀ ਸ਼ੋਭਾ ਹੋਰ ਵਧਾ ਦਿੱਤੀ। ਇਸ ਮੌਕੇ 'ਤੇ ਚੇਅਰਮੈਨ ਸਰਦਾਰ ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਜਾਇੰਟ ਮੈਨੇਜਿੰਗ ਡਾਇਰੈਕਟਰ ਸੁਸ਼੍ਰੀ ਤਾਨਿਕਾ ਚੰਨੀ, ਤੇ ਡਾਇਰੈਕਟਰ ਕੈਂਪਸ ਡਾ. ਸ਼ਿਵ ਕੁਮਾਰ ਸਮੇਤ ਵੱਖ-ਵੱਖ ਵਿਭਾਗਾਂ ਦੇ ਪ੍ਰਿੰਸੀਪਲ ਅਤੇ ਮੁਖੀ ਮੌਜੂਦ ਸਨ। ਉਨ੍ਹਾਂ ਦੀ ਹਾਜ਼ਰੀ ਨੇ ਵਿਦਿਆਰਥੀਆਂ ਦਾ ਉਤਸ਼ਾਹ ਦੁਗਣਾ ਕਰ ਦਿੱਤਾ। ਇਸ ਸੱਭਿਆਚਾਰਕ ਪ੍ਰਸਤੁਤੀ ਮੁਕਾਬਲੇ ਵਿੱਚ-ਪਹਿਲਾ ਇਨਾਮ ਕੇਰਲਾ (ਸੀ.ਟੀ. ਕਾਲਜ ਆਫ ਫਾਰਮੇਸੀ), ਦੂਜਾ ਇਨਾਮ-ਰਾਜਸਥਾਨ (ਸੀ.ਟੀ. ਪਾਲੀਟੈਕਨਿਕ ਕਾਲਜ) ਤੇ ਤੀਜਾ ਇਨਾਮ-ਉੱਤਰ ਪ੍ਰਦੇਸ਼ (ਸੀ.ਟੀ. ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ) ਨੇ ਹਾਸਲ ਕੀਤਾ।



# ਪੰਜਾਬੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਬਾਰੇ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਅਤੇ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਸ. ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ ਹੇਠ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਖਾਲਸਾ ਕਾਲਜ, ਫ਼ੇਜ਼ 3 (ਏ), ਮੋਹਾਲੀ ਵਿਖੇ 'ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ' ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਲੇਖ ਰਚਨਾ, ਕਵਿਤਾ ਰਚਨਾ, ਕਹਾਣੀ ਰਚਨਾ ਅਤੇ ਕਵਿਤਾ ਗਾਇਨ ਦੇ ਮੁਕਾਬਲੇ ਸ਼ਾਮਲ ਸਨ। ਇਨ੍ਹਾਂ ਮੁਕਾਬਲਿਆਂ ਵਿਚ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ, ਅਰਧ-ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਮੈਟ੍ਰਿਕ ਪੱਧਰ ਦੇ ਲਗਭਗ 300 ਵਿਦਿਆਰਥੀਆਂ ਵੱਲੋਂ ਵੱਧ-ਚੜ੍ਹ ਕੇ ਹਿੱਸਾ ਲਿਆ ਗਿਆ ।ਮੁਕਾਬਲਿਆਂ ਦੇ ਨਿਯਮਾਂ ਅਨੁਸਾਰ ਕਵਿਤਾ ਗਾਇਨ ਮੁਕਾਬਲੇ ਲਈ ਵਿਦਿਆਰਥੀਆਂ ਦੁਆਰਾ ਕਵਿਤਾਵਾਂ ਨੂੰ ਗਾ ਕੇ ਮੰਚ ਤੋਂ ਪੇਸ਼ ਕੀਤਾ ਗਿਆ। ਇਸੇ ਤਰ੍ਹਾਂ ਰਚਨਾ ਮੁਕਾਬਲੇ (300 ਸ਼ਬਦ) ਲਈ ਮੌਕੇ 'ਤੇ 'ਅਗਲੀ ਪੀੜ੍ਹੀ ਨੂੰ ਕੀ ਸੌਂਪਾਂ?', 'ਜਦੋਂ ਸਕੂਲ 'ਚੋਂ ਮਾਂ-ਬੋਲੀ ਕੱਢੀ ਗਈ' ਅਤੇ 'ਮਿਹਨਤ ਬੇਰੁਜ਼ਗਾਰ ਹੋ ਗਈ', ਲੇਖ ਰਚਨਾ ਮੁਕਾਬਲੇ (600 ਸ਼ਬਦ) ਲਈ 'ਜੇ ਮਾਂ-ਬੋਲੀ ਚੁੱਪ ਹੋ ਗਈ', 'ਅਸੀਂ ਇਨਸਾਨ ਨਹੀਂ ਰਹੇ', ਅਤੇ 'ਮਾਂ-ਧਰਤੀ ਬਿਮਾਰ ਹੈ' ਅਤੇ ਕਹਾਣੀ ਰਚਨਾ ਮੁਕਾਬਲੇ (600 ਸ਼ਬਦ) ਲਈ 'ਮੇਰੀ ਪਹਿਲੀ ਕਿਤਾਬ','ਮਾਂ ਦੀ ਡਾ ਸਬਕ' ਅਤੇ 'ਜਦੋਂ ਡਰਿਆ ਸੀ' ਵਿਸ਼ੇ ਦਿੱਤੇ ਗਏ। ਸਾਰੀਆਂ ਹੀ ਵਿਧਾਵਾਂ ਵਿੱਚ ਜ਼ਬਰਦਸਤ ਮੁਕਾਬਲਾ ਵੇਖਣ ਨੂੰ ਮਿਲਿਆ। ਇਸ ਮੌਕੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵੱਲੋਂ ਵਿਦਿਆਰਥੀਆਂ ਅੰਦਰ ਪੁਸਤਕ ਸਭਿਆਚਾਰ ਨੂੰ ਪ੍ਰਫੁੱਲਿਤ ਕਰਨ ਅਤੇ ਨਰੋਏ ਜੀਵਨ ਮੁੱਲਾਂ ਨੂੰ ਵਿਕਸਿਤ ਕਰਨ ਦੇ ਉਦੇਸ਼ ਨਾਲ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।





# ਸਤਿਗੁਰੂ ਨਿਰੰਜਨ ਦਾਸ ਦੀ ਰਹਿਨੁਮਾਈ ਹੇਠ ਸੰਤ ਸੰਮੇਲਨ 16 ਨੂੰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੰਡਿਆਲ)**- ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਪਿੰਡ ਜੇਜੋਂ ਵੱਲੋਂ ਗ੍ਰਾਮ ਪੰਚਾਇਤ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ 10ਵਾਂ ਮਹਾਨ ਸੰਤ ਸੰਮੇਲਨ 16 ਅਕਤੂਬਰ ਦਿਨ ਨੂੰ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾਕਟਰ ਕੁਲਵਿੰਦਰ ਸਿੰਘ ਜੇਜੋਂਵੀ ਪ੍ਰਧਾਨ ਸਤਿਗੁਰੂ ਨਿਰੰਜਨ ਦਾਸ ਮਹਾਰਾਜ ਟਰੱਸਟ, ਕੁਲਦੀਪ ਸਿੰਘ ਪ੍ਰਧਾਨ ਸਤਿਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ, ਹਰਬੰਸ ਸਿੰਘ, ਬਲਵੀਰ ਸਿੰਘ ਸਰਪੰਚ ਅਤੇ ਸਮਾਗਮ ਦੇ ਹੋਰ ਪ੍ਰਬੰਧਕਾਂ ਨੇ ਦੱਸਿਆ ਕਿ 16 ਅਕਤੂਬਰ ਨੂੰ ਸਭ ਤੋਂ ਪਹਿਲਾਂ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਦੇ ਪਾਠ ਦੇ ਭੋਗ ਪੈਣਗੇ। ਉਸ ਤੋਂ ਬਾਅਦ 10 ਵਜੇ ਤੋਂ 5 ਵਜੇ ਤੱਕ ਸਮਾਗਮ ਵਿੱਚ ਸ਼ਾਮਿਲ ਸੰਤ ਮਹਾਂਪੁਰਸ਼ ਧਾਰਮਿਕ ਪ੍ਰਵਚਨਾ ਰਾਹੀਂ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਦੀ ਬਾਣੀ ਨਾਲ ਜੋੜਨਗੇ। ਸੰਤ ਸਤਨਾਮ ਦਾਸ ਮਹਿਦੂਦ ਵਾਲੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

# ਵਿਧਾਇਕ ਨੇ 728 ਕਰੋੜ ਰੁਪਏ ਦੀ ਵਿਆਪਕ ਬਿਜਲੀ ਸਪਲਾਈ ਸੁਧਾਰ ਯੋਜਨਾ ਦੀ ਕੀਤੀ ਸ਼ੁਰੂਆਤ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਭਰ ਵਿੱਚ ਬਿਜਲੀ ਸਪਲਾਈ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਬਿਜਲੀ ਸਪਲਾਈ ਰੁਕਾਵਟਾਂ ਨੂੰ ਘੱਟ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਆਰੰਭ 5000 ਕਰੋੜ ਰੁਪਏ ਦੇ ਮੁੱਖ ਰਾਜ ਪੱਧਰੀ ਸੁਧਾਰ ਦੇ ਹਿੱਸੇ ਵਜੋਂ, ਵਿਧਾਇਕ ਸ. ਕੁਲਵੰਤ ਸਿੰਘ ਨੇ ਜ਼ਿਲ੍ਹਾ ਐਸ ਏ ਐਸ ਨਗਰ (ਮੋਹਾਲੀ) ਲਈ 728 ਕਰੋੜ ਰੁਪਏ ਦੀ ਬਿਜਲੀ ਆਊਟੇਜ ਰਿਡਕਸ਼ਨ (ਵਿਆਪਕ ਬਿਜਲੀ ਸਪਲਾਈ ਸੁਧਾਰ) ਯੋਜਨਾ ਦੀ ਸ਼ੁਰੂਆਤ ਕੀਤੀ। ਇਹ ਸਮਾਗਮ 66 ਕੇ ਵੀ ਗਰਿੱਡ ਸਬ-ਸਟੇਸ਼ਨ, ਆਈ.ਟੀ. ਸਿਟੀ, ਮੋਹਾਲੀ ਵਿਖੇ ਆਯੋਜਿਤ ਕੀਤਾ ਗਿਆ, ਜਿੱਥੇ ਇੱਕ ਵਧੀਕ 31.5 ਐਮ.ਵੀ.ਏ. ਪਾਵਰ ਟ੍ਰਾਂਸਫਾਰਮਰ ਦਾ ਵੀ ਉਦਘਾਟਨ ਕੀਤਾ ਗਿਆ ਸੀ, ਜੋ ਪ੍ਰੋਜੈਕਟ ਦੇ ਤਹਿਤ ਲਾਇਆ ਗਿਆ ਸੀ।ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮੋਹਾਲੀ ਲਈ 728 ਕਰੋੜ ਰੁਪਏ ਦਾ ਨਿਵੇਸ਼ ਬਿਜਲੀ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਇੱਕ ਵੱਡੀ ਪੁਲਾਂਘ ਹੈ, ਜੋ ਨਿਰਵਿਘਨ ਬਿਜਲੀ ਸਪਲਾਈ, ਬਿਹਤਰ ਵੋਲਟੇਜ ਸਥਿਰਤਾ ਅਤੇ ਘਰੇਲੂ, ਵਪਾਰਕ ਅਤੇ ਉਦਯੋਗਿਕ ਖਪਤਕਾਰਾਂ ਨੂੰ ਬਿਹਤਰ ਸੇਵਾ ਪ੍ਰਦਾਨ ਕਰਨ ਨੂੰ ਯਕੀਨੀ ਬਣਾਏਗਾ।




# ਇੰਦਰਜੀਤ ਕੌਰ ਮਾਨ ਵੱਲੋਂ ਬਲਾਕ ਪ੍ਰਧਾਨਾਂ ਤੇ ਹਲਕਾ ਕੁਆਰਡੀਨੇਟਰਾਂ ਨਾਲ ਮੀਟਿੰਗ



**ਨੂਰਮਹਿਲ (ਬਲ ਕ੍ਰਿਸ਼ਨ ਬਾਲੀ)**- ਹਲਕਾ ਨਕੋਦਰ ਦੇ ਐੱਮ ਐੱਲ ਏ ਇੰਦਰਜੀਤ ਕੌਰ ਮਾਨ ਤੇ ਹਲਕਾ ਸੰਗਠਨ ਇੰਚਾਰਜ ਤੇ ਡਾਇਰੈਕਟਰ ਵੈਲਫੇਅਰ ਪੰਜਾਬ ਜਸਵੀਰ ਸਿੰਘ ਧੰਜਲ ਦੀ ਅਗਵਾਈ ਵਿੱਚ ਹਲਕਾ ਨਕੋਦਰ ਦੇ ਬਲਾਕ ਪ੍ਰਧਾਨਾਂ, ਵੱਖ-ਵੱਖ ਵਿੰਗਾਂ ਦੇ ਹਲਕਾ ਕੁਆਰਡੀਨੇਟਰਾਂ ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਸਾਹਿਬਾਨਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਤੇ ਐਮ ਐਲ ਏ ਇੰਦਰਜੀਤ ਕੌਰ ਮਾਨ ਅਤੇ ਜਸਵੀਰ ਸਿੰਘ ਧੰਜਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਮੀਟਿੰਗ ਵਿੱਚ ਪਾਰਟੀ ਦੇ ਵਿਸਥਾਰ ਲਈ ਵਿਚਾਰ ਚਰਚਾ ਕੀਤੀ ਗਈ । ਇਸ ਤੋਂ ਇਲਾਵਾ ਆਉਣ ਵਾਲੀਆਂ ਅਤੇ ਚੱਲ ਰਹੀਆਂ ਯੋਜਨਾਵਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਬਲਾਕ ਪ੍ਰਧਾਨਾਂ ਤੇ ਵੱਖ-ਵੱਖ ਵਿੰਗਾਂ ਦੇ ਹਲਕਾ ਕੋਆਰਡੀਨੇਟਰਾਂ ਨੂੰ ਜਨਤਾ ਦੀ ਸਹੂਲਤ ਲਈ ਵਧਾਵਾ ਤੱਤਪਰ ਰਹਿਣ ਵਾਸਤੇ ਕਿਹਾ ਗਿਆ। ਇਸ ਮੌਕੇ ਉੱਤੇ ਹਲਕਾਂ ਨਕੋਦਰ ਦੇ ਐਮ.ਐਲ.ਏ ਮੈਡਮ ਇੰਦਰਜੀਤ ਕੌਰ ਮਾਨ ਅਤੇ ਜਸਵੀਰ ਸਿੰਘ ਧੰਜਲ ਹਲਕਾ ਸੰਗਠਨ ਇੰਚਾਰਜ ਵੱਲੋਂ ਨਵ ਗਠਿਤ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਗਈ।

## ਪੰਜਾਬ ਸਰਕਾਰ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਵਚਨਬੱਧ : ਕੁਲਜੀਤ

**ਬੰਗਾ (ਅਵਤਾਰ ਕਲੇਰ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇੰਚਾਰਜ ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਕੁਲਜੀਤ ਸਿੰਘ ਸਰਹਾਲ ਨੇ ਕਿਹਾ ਕਿ ਪਾਵਰ ਕੱਟ ਰਹਿਤ ਬਿਜਲੀ ਦੇਣ ਲਈ 100 ਕੇ ਵੀ ਏ ਟਰਾਂਸਫਰਮਰ ਚੱਕੀ ਵਾਲਾ ਪਿੰਡ ਬਾਲੋਂ ਵਿਖੇ, ਨਵਾਂ ਐਫ ਸੀ ਕੇ ਵੀ ਏਟਰਾਂਸਫਰਮਰ ਰੱਖਿਆ ਜਿਸ ਨਾਲ ਪਿੰਡ ਵਾਸੀਆਂ ਨੂੰ ਬਿਜਲੀ ਕੱਟਾਂ ਤੋਂ ਮੁਕਤੀ ਮਿਲੇਗੀ। ਪਿੰਡ ਵਾਸੀਆਂ ਨੂੰ ਇਸ ਵਿਕਾਸ ਕਾਰਜਾਂ ਦੀ ਮੁਬਾਰਕਬਾਦ ਦਿੱਤੀ। ਪੰਜਾਬ ਸਰਕਾਰ ਦਾ ਮੁੱਖ ਟੀਚਾ ਪੰਜਾਬ ਦੇ ਹਰ ਘਰ, ਉਦਯੋਗਾਂ ਅਤੇ ਖੇਤਾਂ ਨੂੰ 24 ਘੰਟੇ ਬਿਜਲੀ ਪਹੁੰਚਾਉਣਾ ਹੈ। ਕੁਲਜੀਤ ਸਰਹਾਲ ਨੇ ਕਿਹਾ ਕਿ ਪਿਛਲੇ ਦਿਨੀ ਉਦਯੋਗਾਂ ਲਈ ਮਾਨ ਸਰਕਾਰ ਨੇ ਵੱਡਾ ਐਲਾਨ ਕਰਦਿਆਂ ਕਿਹਾ ਕਿ ਸੋਲਾਂ ਅਕਤੂਬਰ ਤੋਂ ਲੈ ਕੇ ਇਕੱਤੀ ਮਾਰਚ ਤੱਕ ਰਾਤ 10 ਵਜੇ ਤੋਂ ਲੈ ਕੇ ਸਵੇਰੇ 6 ਵਜੇ ਤੱਕ ਇੱਕ ਰੁਪਈਆ ਪ੍ਰਤੀ ਯੂਨਿਟ ਬਿਜਲੀ ਸਸਤੀ ਦਿੱਤੀ ਜਾਵੇਗੀ। ਇਹ ਮਾਨ ਸਰਕਾਰ ਦਾ ਫੈਸਲਾ ਉਦਯੋਗਾਂ ਲਈ ਬਹੁਤ ਫਾਇਦੇਮੰਦ ਸਿੱਧ ਹੋਵੇਗਾ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਵੀਰ ਕਰਨਾਨਾ,ਐਕਸੀਅਨ ਬਿਜਲੀ ਬੋਰਡ ਇੰਦਰਜੀਤ ਪਾਲ,ਐਸ ਡੀ.ਓ. ਬਿਜਲੀ ਬੋਰਡ ਗੁਰਬਖ਼ਸ਼ ਰਾਮ, ਹਰਮੇਸ਼ ਲਾਲ ਜੇਈ, ਮਨਜੀਤ ਸਿੰਘ ਨਾਮਧਾਰੀ, ਸਰਪੰਚ ਊਸ਼ਾ ਦੇਵੀ ਅਤੇ ਆਮ ਆਦਮੀ ਪਾਰਟੀ ਦੇ ਆਗੂ ਹਾਜ਼ਰ ਸਨ।



# ਮਹਿੰਗਾਈ ਭੱਤੇ ਸਮੇਤ ਹੋਰ ਮੰਗਾਂ ਮੰਨਣ ਦਾ ਭਰੋਸਾ



**ਜਲੰਧਰ (ਰਾਜੇਸ਼ ਥਾਪਾ)**- ਪੰਜਾਬ ਮੁਲਾਜਮ ਤੇ ਪੈਨਸ਼ਨਰ ਸਾਂਝੇ ਫਰੰਟ ਦੇ ਦਿੱਤੇ ਮੰਗ ਪੱਤਰ 'ਤੇ ਕੈਬਨਿਟ ਸਬ ਕਮੇਟੀ ਨਾਲ ਪੰਜਾਬ ਸਕੱਤਰੇਤ ਵਿਚ ਸੂਬਾ ਕਨਵੀਨਰ ਧਨਵੰਤ ਸਿੰਘ ਭੱਠਲ, ਸਤੀਸ਼ ਰਾਣਾ , ਕਰਮ ਸਿੰਘ ਧਨੋਆ , ਸੁਖਦੇਵ ਸਿੰਘ ਸੈਣੀ, ਬੋਬਿੰਦਰ ਸਿੰਘ ,ਐਨ ਡੀ ਤਿਵਾੜੀ, ਸੁਰਿੰਦਰ ਪੁਆਰੀ , ਬੀ.ਐਸ ਸੈਣੀ, ਗੁਰਮੇਲ ਸਿੰਘ ਮੈਲਡੇ ,ਦਲਬਾਰਾ ਸਿੰਘ ਮਾਣੋ , ਸੁਰਿੰਦਰ ਪਾਲ ਲਾਹੌਰੀਆ , ਬ੍ਰਿਜ ਮੋਹਨ ਸ਼ਰਮਾ , ਗੁਰਵਿੰਦਰ ਸਿੰਘ ,ਰਾਮ ਮੂਰਤੀ ਸ਼ਰਮਾ , ਅਜੈਬ ਸਿੰਘ ਖਮਾਣੋ ਵੱਲੋਂ ਦਿੱਤੇ ਸੱਦੇ 'ਤੇ ਮੀਟਿੰਗ ਕੀਤੀ ਗਈ।ਮੀਟਿੰਗ ਵਿਚ ਮਹਿੰਗਾਈ ਭੱਤੇ ਦੀਆਂ ਰਹਿੰਦੀਆਂ 16% ਕਿਸ਼ਤਾਂ ਅਤੇ ਇਹਨਾਂ ਦੇ ਬਕਾਏ ਤੁਰੰਤ ਦਿੱਤੇ ਜਾਣ ਦੀ ਮੰਗ ਕੀਤੀ ਗਈ ਜਿਸ 'ਤੇ ਵਿੱਤ ਮੰਤਰੀ ਵਲੋਂ ਚਾਰ ਪੰਜ ਦਿਨਾਂ ਵਿਚ ਜਾਰੀ ਕਰਨ ਦਾ ਭਰੋਸਾ ਦਿੱਤਾ ਗਿਆ। ਪੈਨਸ਼ਨ ਦੀ ਦੁਹਰਾਈ 2:59 ਗੁਣਾਂਕ ਨਾਲ ਕੀਤੇ ਜਾਣ , ਪੁਰਾਣੀ ਪੈਨਸ਼ਨ ਬਹਾਲੀ 'ਤੇ ਵੀ ਸਰਕਾਰ ਵੱਲੋਂ ਕਮੇਟੀ ਬਣਾ ਕੇ ਪੂਰੀ ਚਰਚਾ ਕਰਵਾਉਣ ਦਾ ਭਰੋਸਾ ਦਿੱਤਾ ਗਿਆ।ਹਰ ਤਰਾਂ ਦੇ ਕੱਚੇ ਮੁਲਾਜ਼ਮ ਪੱਕੇ ਕਰਨ ਤੇ ਹੋਰ ਮੰਗਾਂ ਵੀ ਜਲਦੀ ਪੂਰੀਆਂ ਕਰਨ ਦਾ ਭਰੋਸਾ ਦਿੱਤਾ।

# ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਮੰਡਲ ਅਨੰਦਪੁਰ ਸਾਹਿਬ 'ਚ ਖਰਚ ਹੋਣਗੇ 8 ਕਰੋੜ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਨਿਤਿਨ ਜਸਵਾਲ ਕਾਰਜਕਾਰੀ ਇੰ.ਪੀ.ਐਸ.ਪੀ.ਸੀ.ਐਲ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਪਾਵਰ ਕਾਮ ਮੰਡਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਨਿਰਵਿਘਨ ਬਿਜਲੀ ਸਪਲਾਈ ਲਈ ਬਿਜਲੀ ਦੀਆਂ ਤਾਰਾਂ, ਟ੍ਰਾਂਸਫਾਰਮਰ, ਬਿਜਲੀ ਦੇ ਪੋਲ ਆਦਿ ਦਾ ਨਵੀਨੀਕਰਨ 8 ਕਰੋੜ ਦੀ ਲਾਗਤ ਨਾਲ ਕੀਤਾ ਜਾਵੇਗਾ। ਪੇਂਡੂ ਖੇਤਰਾਂ ਦੇ ਮੁਕਾਬਲੇ ਸ਼ਹਿਰੀ ਖੇਤਰਾਂ ਜਿਵੇਂ ਨੰਗਲ, ਸ੍ਰੀ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਵਿੱਚ ਬਿਜਲੀ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ, ਜਿਸ ਕਾਰਨ ਉੱਥੇ ਪੋਲ ਤੇ ਟ੍ਰਾਂਸਫਾਰਮਰ ਲਗਾਉਣ ਲਈ ਸਥਾਨ ਦੀ ਘਾਟ ਵੀ ਇੱਕ ਚੁਣੌਤੀ ਹੈ।ਸਰਕਾਰ ਵੱਲੋਂ ਤਿੰਨਾਂ ਸ਼ਹਿਰਾਂ ਦੇ 13 ਫੀਡਰਾਂ ਨੂੰ ਛੋਟਾ ਕਰਕੇ ਬਿਜਲੀ ਸਪਲਾਈ ਪ੍ਰਣਾਲੀ ਨੂੰ ਸੁਧਾਰਨ ਦੀ ਯੋਜਨਾ ਤਿਆਰ ਕੀਤੀ ਗਈ ਹੈ। ਨੰਗਲ ਦੇ ਇਲਾਕਿਆਂ ਵਿੱਚ ਇੰਦਰਾ ਨਗਰ ਤੇ ਪੋਲੀ ਵਨ ਫੀਡਰਾਂ ਦਾ ਕੰਮ ਸ਼ੁਰੂ ਕੀਤਾ ਜਾ ਚੁੱਕਾ ਹੈ, ਜਦਕਿ ਜਵਾਹਰ ਮਾਰਗ, ਬਿਭੋਰ ਸਾਹਿਬ, ਗਿਆਨੀ ਮਾਰਕੀਟ ਤੇ ਗੋਲਣੀ ਵਿੱਚ ਆਰ ਡੀ ਐਸ ਐਸ ਸਕੀਮ ਤਹਿਤ ਨਵੇਂ ਪ੍ਰੋਜੈਕਟ ਚੱਲ ਰਹੇ ਹਨ।ਸ੍ਰੀ ਅਨੰਦਪੁਰ ਸਾਹਿਬ ਸ਼ਹਿਰ ਦੇ 1-2 ਫੀਡਰਾਂ ਦੀ ਸਪਲਾਈ ਪ੍ਰਣਾਲੀ ਨੂੰ ਵੀ ਅੱਪਗ੍ਰੇਡ ਕੀਤਾ ਜਾ ਰਿਹਾ ਹੈ ਤਾਂ ਜੋ ਸਮਾਗਮਾਂ ਦੌਰਾਨ ਬਿਜਲੀ ਦੀ ਸਹੂਲਤ ਬਿਨਾਂ ਰੁਕਾਵਟ ਮਿਲ ਸਕੇ। ਇਸੇ ਤਰ੍ਹਾਂ, ਚੰਡੇਸਰ, ਢਾਹਾਂ ਤੇ ਅਗੰਮਪੁਰ ਫੀਡਰਾਂ ਦੀ ਮਜ਼ਬੂਤੀ ਵੀ ਕੀਤੀ ਜਾ ਰਹੀ ਹੈ। ਕੀਰਤਪੁਰ ਸਾਹਿਬ ਦੇ ਮੇਨ ਫੀਡਰ ਨੂੰ ਵੱਖਰੇ ਸਬ-ਫੀਡਰਾਂ ਵਿੱਚ ਵੰਡਣ ਦੀ ਯੋਜਨਾ ਹੈ, ਜਿਸ ਵਿੱਚ ਭਰਤਗੜ੍ਹ, ਮੋੜਾ, ਗੱਜਪੁਰ ਅਤੇ ਪਹਾੜਪੁਰ ਫੀਡਰ ਸ਼ਾਮਲ ਹਨ। ਯੂ ਐਲ ਬੀ ਪ੍ਰੋਜੈਕਟਾਂ ਤਹਿਤ ਕਰੋੜਾਂ ਰੁਪਏ ਦੇ ਕੰਮਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ ਖੇਤਰ ਵਿੱਚ 575 ਛੋਟੇ-ਵੱਡੇ ਬਿਜਲੀ ਪ੍ਰੋਜੈਕਟ ਪੂਰੇ ਕੀਤੇ ਜਾ ਚੁੱਕੇ ਹਨ। ਇਸ ਮੌਕੇ ਡਾ. ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੂਰਵੈਦਿਕ ਯੂਨੀਵਰਸਿਟੀ ਤੇ ਜ਼ਿਲ੍ਹਾ ਪ੍ਰਧਾਨ, ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ, ਰਾਮ ਕੁਮਾਰ ਮੁਕਾਰੀ ਚੇਅਰਮੈਨ ਸੈਣੀ ਭਲਾਈ ਬੋਰਡ, ਕਮਿੱਕਰ ਸਿੰਘ ਡਾਢੀ ਹਲਕਾ ਕੋਆਰਡੀਨੇਟਰ, ਰਾਕੇਸ਼ ਚੌਧਰੀ ਚੇਅਰਮੈਨ ਬਲਾਕ ਸੰਮਤੀ ਸੋਹਣ ਸਿੰਘ ਬੈਂਸ ਨੇ ਕਿਹਾ ਕਿ ਸਮੁੱਚਾ ਇਲਾਕਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹੈ ਜਿਨ੍ਹਾਂ ਨੇ ਸਮੁੱਚੇ ਪੰਜਾਬ ਵਿਚ ਬਿਜਲੀ ਦੀ ਸਪਲਾਈ ਵਰਗੀ ਬੁਨਿਆਦੀ ਸਹੂਲਤ ਨੂੰ ਸੁਧਾਰਨ ਦੀ ਦਿਸ਼ਾ ਵਿਚ ਜ਼ਿਕਰਯੋਗ ਉਪਰਾਲੇ ਕੀਤੇ ਹਨ।

# ਫਰੀ ਫਾਈਬਰੋ ਸਕੈਨ ਕੈਂਪ ਦਾ 207 ਮਰੀਜ਼ਾਂ ਨੇ ਲਾਭ ਲਿਆ



**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਲਿਵਰ ਜਾਂਚ ਦੇ ਵਿਸ਼ੇਸ਼ ਟੈਸਟ ਫਾਈਬਰੋ ਸਕੈਨ ਦਾ ਫਰੀ ਕੈਂਪ ਲਗਾਇਆ ਗਿਆ, ਜਿਸ ਦਾ 207 ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ। ਕੈਂਪ ਦਾ ਉਦਘਾਟਨ ਬਰਜਿੰਦਰ ਸਿੰਘ ਢਾਹਾਂ ਮੀਤ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਉਹਨਾਂ ਕਿਹਾ ਰੋਜ਼ਾਨਾ ਜੀਵਨ ਵਿਚ ਹੋ ਰਹੀਆਂ ਤਬਦੀਲੀਆਂ ਕਾਰਨ ਬਿਮਾਰੀ ਕਿਸੇ ਵੀ ਉਮਰ ਵਿਚ ਲੱਗ ਸਕਦੀ ਹੈ ਇਸ ਲਈ ਸਮੇਂ-ਸਮੇਂ ਤੇ ਆਪਣੀ ਮੈਡੀਕਲ ਜਾਂਚ ਮਾਹਿਰ ਡਾਕਟਰ ਸਾਹਿਬਾਨ ਤੋਂ ਜ਼ਰੂਰ ਕਰਵਾਉਣੀ ਚਾਹੀਦੀ ਹੈ ਤਾਂ ਜੋ ਸਰੀਰ ਵਿਚ ਕਿਸੇ ਵੀ ਬਿਮਾਰੀ ਦੇ ਆਰੰਭ ਹੋਣ ਦੀ ਸੂਰਤ ਵਿਚ ਸਮੇਂ ਸਿਰ ਇਲਾਜ ਕਰਵਾਕੇ ਤੰਦਰੁਸਤ ਰਹਿ ਸਕੀਏ। ਇਸ ਮੌਕੇ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਟਰੱਸਟ ਕਿ ਹਸਪਤਾਲ ਦੇ ਮੈਡੀਕਲ ਮਾਹਿਰ ਡਾ. ਵਿਵੇਕ ਗੁੰਬਰ ਦੀ ਅਗਵਾਈ ਹੇਠ ਲਿਵਰ ਦੀ ਜਾਂਚ ਕਰਨ ਵਾਲਾ ਵਿਸ਼ੇਸ਼ ਫਾਈਬਰੋ ਸਕੈਨ ਟੈਸਟ ਮੁਫਤ ਕਰਨ ਦਾ ਵਿਸ਼ੇਸ਼ ਕੈਂਪ ਲਾਇਆ ਗਿਆ ਹੈ, ਇਸ ਮੌਕੇ ਮਰੀਜ਼ਾਂ ਦੀ ਰਜਿਟਰੇਸ਼ਨ ਮੁਫਤ ਕੀਤੀ ਗਈ ।ਇਸ ਮੌਕੇ ਡਾ. ਜਸਦੀਪ ਸਿੰਘ ਸੈਣੀ, ਡਾ, ਬਲਵਿੰਦਰ ਸਿੰਘ,ਮਹਿੰਦਰਪਾਲ ਸਿੰਘ, ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਅਮਨ ਗਿੱਲ ਤੋਂ ਇਲਾਵਾ ਗੁਰੂ ਨਾਨਕ ਮਿਸ਼ਨ ਹਸਪਤਾਲ ਦਾ ਸਟਾਫ ਵੀ ਹਾਜ਼ਰ ਸੀ।

# ਦਰਬਾਰ ਸਾਹਿਬ 'ਚ ਪ੍ਰਕਾਸ਼ ਅਸਥਾਨ 'ਤੇ ਸੋਨਾ ਚੜ੍ਹਾਉਣ ਦੀ ਸੇਵਾ ਮੁਕੰਮਲ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਬ੍ਰਹਮਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੇ ਅਸ਼ੀਰਵਾਦ ਸਦਕਾ ਸ੍ਰੀ ਦਰਬਾਰ ਸਾਹਿਬ ਵਿੱਚ ਪ੍ਰਕਾਸ਼ ਅਸਥਾਨ ਤੇ ਸੋਨੇ ਦੀ ਸੇਵਾ ਮੁਕੰਮਲ ਕਰਵਾਈ ਗਈ। ਇਸ ਕਾਰਜ ਲਈ ਸਵੇਰੇ 9 ਵਜੇ ਸ੍ਰੀ ਸਹਿਜ ਪਾਠ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਪੰਜ ਪਿਆਰਿਆਂ ਵਲੋਂ ਅਰਦਾਸ ਕੀਤੀ ਗਈ। ਸੰਤ ਬਾਬਾ ਪਰਮਜੀਤ ਸਿੰਘ ਹੰਸਾਲੀ ਸਾਹਿਬ ਵਾਲਿਆਂ ਵੱਲੋਂ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਸੋਨੇ ਦੇ ਆਖਰੀ ਪਤਰੇ ਲਵਾ ਕੇ ਸੇਵਾ ਮੁਕੰਮਲ ਕਰਵਾਈ ਗਈ। ਇਸ ਮੌਕੇ ਸ. ਪਰਮਿੰਦਰ ਸਿੰਘ, ਕਈ ਉੱਘੇ ਸਿਆਸੀ ਆਗੂ, ਪਿੰਡ ਅਤੇ ਇਲਾਕੇ ਦੇ ਪਤਵੰਤੇ ਸਜਣ ਉਚੇਚੇ ਤੌਰ ਤੇ ਹਾਜਰ ਸਨ। ਇਸ ਮੌਕੇ ਪ੍ਰਬੰਧਕ ਕਮੇਟੀ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਦੇ ਮੁੱਖ ਸੇਵਾਦਾਰ ਹਰਜਿੰਦਰ ਸਿੰਘ ਤੇ ਸਤਵਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਵਿੱਚ 28 ਫੁੱਟ ਲੰਬਾਈ, 28 ਫੁੱਟ ਚੌੜਾਈ ਅਤੇ 38 ਫੁੱਟ ਉਚਾਈ ਵਾਲੇ ਪ੍ਰਕਾਸ਼ ਅਸਥਾਨ ਤੇ ਡਾਟ ਰੂਪ ਵਿੱਚ ਸੋਨੇ ਦੇ ਕਢਾਈ ਵਾਲੇ ਪਤਰੇ ਚੜ੍ਹਾਉਣ ਦੀ ਸੇਵਾ ਪਿਛਲੇ ਲੰਮੇ ਸਮੇਂ ਤੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਚੱਲ ਰਹੀ ਸੀ, ਜੋ ਅੱਜ ਮੁਕੰਮਲ ਕਰਵਾਈ ਗਈ ਹੈ। ਉਨਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਹਾਲ ਅਤੇ ਬਹੁਮੰਜਿਲੀ ਕਾਰ ਪਾਰਕਿੰਗ ਦੀ ਸੇਵਾ ਵੀ ਸਮੂਹ ਸੰਗਤ ਤੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ। ਇਸ ਮੌਕੇ ਕਈ ਤਰ੍ਹਾਂ ਦੀਆਂ ਮਿਠਾਈਆਂ ਅਤੇ ਗੁਰੂ ਕਾ ਲੰਗਰ ਸੰਗਤਾਂ ਨੂੰ ਅਤੁੱਟ ਵਰਤਾਇਆ ਗਿਆ।



# ਪੰਜਾਬ ਨੰਬਰਦਾਰ ਯੂਨੀਅਨ ਵੱਲੋਂ ਡਿਪਟੀ ਕਮਿਸ਼ਨਰ ਨੂੰ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਚੈੱਕ ਭੇਟ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਨੰਬਰਦਾਰ ਯੂਨੀਅਨ, ਸਬ ਤਹਿਸੀਲ ਬਨੂੜ ਵੱਲੋਂ ਪ੍ਰਧਾਨ ਕੁਲਬੀਰ ਸਿੰਘ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੂੰ 1.20 ਲੱਖ ਰੁਪਏ ਦਾ ਚੈੱਕ ਸੂਬੇ ਦੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਸੌਂਪਿਆ ਗਿਆ।ਡਿਪਟੀ ਕਮਿਸ਼ਨਰ ਨੇ ਸਬ ਤਹਿਸੀਲ ਬਨੂੜ ਦੇ ਨੰਬਰਦਾਰਾਂ ਦੀ ਇਸ ਪਹਿਲਕਦਮੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਹੜ੍ਹ ਪੀੜਤਾਂ ਨੂੰ ਪੁਨਰ ਵਸੇਬੇ ਲਈ ਮਦਦ ਦੀ ਅਤਿਅੰਤ ਲੋੜ ਹੈ ਅਤੇ ਇਸ ਲਈ ਜਿੰਨੀ ਵੀ ਮਦਦ ਉਹਨਾਂ ਦੇ ਮੁੜ ਵਸੇਬੇ ਲਈ ਕੀਤੀ ਜਾਵੇ, ਉਹ ਉਨ੍ਹਾਂ ਦੇ ਨੁਕਸਾਨ ਦੇ ਮੁਕਾਬਲੇ ਭਾਵੇਂ ਥੋੜ੍ਹੀ ਹੈ ਪਰ ਹੌਸਲਾ ਅਫ਼ਜ਼ਾਈ ਲਈ ਕਾਫੀ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਤੇ ਵੱਖ-ਵੱਖ ਐਨ ਜੀ ਓਜ਼ ਵੱਲੋਂ ਇਹਨਾਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਵੱਡੇ ਪੱਧਰ 'ਤੇ ਅੱਗੇ ਆ ਕੇ ਕੰਮ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੇ ਲੋਕਾਂ ਵੱਲੋਂ ਵੀ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਮਦਦ ਭੇਜੀ ਗਈ ਹੈ ਅਤੇ ਜ਼ਿਲ੍ਹਾ ਰੈਡ ਕ੍ਰਾਸ ਸੁਸਾਇਟੀ ਵੱਲੋਂ ਵੀ ਸਮੇਂ-ਸਮੇਂ ਤੇ ਮਦਦ ਭੇਜੀ ਗਈ ਹੈ।ਇਸ ਮੌਕੇ ਮੌਜੂਦ ਨੰਬਰਦਾਰਾਂ 'ਚ ਪੰਜਾਬ ਪ੍ਰਧਾਨ ਜਰਨੈਲ ਸਿੰਘ ਝਰਮੜੀ, ਸਤਨਾਮ ਸਿੰਘ ਲਾਂਡਰਾ, ਜ਼ਿਲ੍ਹਾ ਪ੍ਰਧਾਨ ਗੁਰਜੀਤ ਸਿੰਘ ਮੋਹਾਲੀ, ਕੁਲਜੀਤ ਸਿੰਘ ਖਾਸਪੁਰ ਪ੍ਰਧਾਨ ਬਨੂੜ ਤਹਿਸੀਲ, ਜਗਤਾਰ ਸਿੰਘ ਬਾਸਮਾ ਸੀਨੀਅਰ ਮੀਤ ਪ੍ਰਧਾਨ, ਸਤਨਾਮ ਸਿੰਘ ਸੱਤਾ ਖਜਾਨਚੀ, ਕੁਲਵੰਤ ਸਿੰਘ ਧਰਮਗੜ੍ਹ ਨੰਬਰਦਾਰ, ਕੁਲਦੀਪ ਸਿੰਘ ਮਾਨ ਮੀਤ ਪ੍ਰਧਾਨ ਪੰਜਾਬ, ਹਰਪਾਲ ਸਿੰਘ ਮੀਤ ਪ੍ਰਧਾਨ ਪੰਜਾਬ, ਸੁਖਦੇਵ ਸਿੰਘ ਨੰਗਲ ਮੀਤ ਪ੍ਰਧਾਨ, ਬਹਾਦਰ ਸਿੰਘ ਨੰਬਰਦਾਰ, ਰਘਵੀਰ ਸਿੰਘ ਖੇੜਾ ਗੱਜੂ ਨੰਬਰਦਾਰ, ਸਵਰਨ ਸਿੰਘ ਬਾਜਵਾ ਨੰਬਰਦਾਰ ਬਨੂੜ, ਸੁਰਿੰਦਰ ਸਿੰਘ ਨੰਬਰਦਾਰ ਬੂਟਾ ਸਿੰਘ ਵਾਲਾ, ਜਸਵੰਤ ਸਿੰਘ ਨੰਬਰਦਾਰ ਕਰਾਲਾ ਅਤੇ ਇਸ ਤੋਂ ਇਲਾਵਾ ਹੋਰ ਵੀ ਨੰਬਰਦਾਰ ਮੌਜੂਦ ਸਨ।



# ਵਿਸ਼ਵ ਦ੍ਰਿਸ਼ਟੀ ਦਿਵਸ ਮਨਾਇਆ

**ਗੁਰਾਇਆ (ਬਿੰਦਰ ਸੁੰਮਨ)**: ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ ਸੀਨੀਅਰ ਮੈਡੀਕਲ ਅਫ਼ਸਰ ਡਾ: ਕਿਰਨ ਕੌਸ਼ਲ ਦੀ ਅਗਵਾਈ 'ਚ ਸਰਕਾਰੀ ਸਕੂਲ ਲੇਹਲ ਕਲਾਂ ਵਿੱਚ ਵਿਸ਼ਵ ਦ੍ਰਿਸ਼ਟੀ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਬਲਜਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਅੱਖਾਂ ਦੀ ਸਿਹਤ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨਾਂ ਦੱਸਿਆ ਕਿ ਅਜੋਕੇ ਸਮੇਂ ਵਿੱਚ ਬੱਚਿਆਂ ਵੱਲੋਂ ਮੋਬਾਈਲ, ਟੈਬਲੇਟ ਅਤੇ ਕੰਪਿਊਟਰ ਦੀ ਵਧੇਰੇ ਵਰਤੋਂ ਕਾਰਨ ਅੱਖਾਂ ਦੀਆਂ ਬਿਮਾਰੀਆਂ ਤੇਜ਼ੀ ਨਾਲ ਵੱਧ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਲੰਮੇ ਸਮੇਂ ਤੱਕ ਸਕ੍ਰੀਨ 'ਤੇ ਦੇਖਦੇ ਰਹਿਣ ਨਾਲ ਅੱਖਾਂ ਵਿਚ ਸੁੱਕਾਪਣ, ਲਾਲੀ, ਧੁੰਦਲਾ ਵੇਖਣਾ ਅਤੇ ਸਿਰਦਰਦ ਵਰਗੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਇਸ ਲਈ ਹਰ 20 ਮਿੰਟ ਬਾਅਦ 20 ਸਕਿੰਟ ਲਈ ਅੱਖਾਂ ਨੂੰ ਆਰਾਮ ਦੇਣਾ ਅਤੇ 20 ਫੁੱਟ ਦੂਰ ਵੇਖਣਾ ਚਾਹੀਦਾ ਹੈ, ਜਿਸਨੂੰ "20-20-20 ਨਿਯਮ"ਕਿਹਾ ਜਾਂਦਾ ਹੈ। ਉਨਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਸਿਹਤਮੰਦ ਅੱਖਾਂ ਲਈ ਸੰਤੁਲਿਤ ਖੁਰਾਕ ਬਹੁਤ ਜ਼ਰੂਰੀ ਹੈ। ਬਲਾਕ ਐਜੂਕੇਟਰ ਪ੍ਰੀਤਇੰਦਰ ਸਿੰਘ ਨੇ ਕਿਹਾ ਕਿ ਮਾਪਿਆਂ ਨੂੰ ਬੱਚਿਆਂ ਦੇ ਸਕ੍ਰੀਨ ਸਮੇਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਖੇਡਾਂ ਅਤੇ ਬਾਹਰੀ ਗਤੀਵਿਧੀਆਂ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਜੋ ਉਹਨਾਂ ਦੀ ਅੱਖਾਂ ਅਤੇ ਸਰੀਰ ਦੀ ਕੁਦਰਤੀ ਕਸਰਤ ਹੋਵੇ। ਇਸ ਮੌਕੇ ਤੇ ਵਿਦਿਆਰਥੀਆਂ ਨੂੰ ਅੱਖਾਂ ਦੀ ਸੰਭਾਲ ਬਾਰੇ ਜਾਣਕਾਰੀ ਪੈਫਲੈਂਟ ਵੰਡੇ ਗਏ।



# ਰਾਜਵੀਰ ਜਵੰਦਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ



**ਭਲਾਣ (ਹਰਭਜਨ ਢਿੱਲੋਂ)**- ਸਤਲੁਜ ਪ੍ਰੈਸ ਕਲੱਬ ਸੁਖਸਾਲ ਦੇ ਸਮੂਹ ਮੈਂਬਰਾਂ ਨੇ ਪੰਜਾਬੀ ਗਾਇਕ ਅਤੇ ਅਦਾਕਾਰ ਰਾਜਵੀਰ ਜਵੰਦਾ ਦੇ ਅਕਾਲ 'ਤੇ ਗਹਿਰਾ ਦੁੱਖ ਪ੍ਰਗਟਾਇਆ। ਇਸ ਮੌਕੇ ਪੱਤਰਕਾਰ ਧਰਮਪਾਲ ਨੇ ਕਿਹਾ ਕਿ ਰਾਜਵੀਰ ਜਵੰਦਾ ਨੇ ਆਪਣੀ ਸੁਰੀਲੀ ਅਵਾਜ਼, ਸਾਦਗੀ ਅਤੇ ਮਿਠੇ ਸੁਭਾਵ ਨਾਲ ਲੋਕਾਂ ਦੇ ਦਿਲਾਂ ਵਿੱਚ ਖ਼ਾਸ ਥਾਂ ਬਣਾਈ। ਪ੍ਰਧਾਨ ਨੇ ਕਿਹਾ ਕਿ ਜਵੰਦਾ ਦੀ ਸੁਰੀਲੀ ਅਵਾਜ਼ ਦੀ ਕਲਾ ਸਦਾ ਲੋਕਾਂ ਦੇ ਦਿਲਾਂ ਵਿੱਚ ਜਿਉਂਦੀ ਰਹੇਗੀ ਅਤੇ ਉਹ ਨੌਜਵਾਨ ਪੀੜ੍ਹੀ ਦੇ ਪ੍ਰੇਰਣਾ ਦਾ ਸਰੋਤ ਬਣੇ ਰਹਿਣਗੇ ।

# ਡੈਪੂਟੇਸ਼ਨਾਂ 'ਤੇ ਗਏ ਅਧਿਆਪਕਾਂ ਨੂੰ ਵਾਪਸ ਉਹਨਾਂ ਦੇ ਨਿਯੁਕਤੀ ਸਥਾਨਾਂ 'ਤੇ ਭੇਜਣ ਦਾ ਫੈਸਲਾ ਇਤਿਹਾਸਕ : ਖਟੜਾ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਪੰਜਾਬ ਦੇ ਸਿੱਖਿਆ ਵਿਭਾਗ ਵੱਲੋਂ ਡੈਪੂਟੇਸ਼ਨਾਂ ਉਤੇ ਗਏ ਅਧਿਆਪਕਾਂ ਨੂੰ ਵਾਪਸ ਉਹਨਾਂ ਦੇ ਨਿਯੁਕਤੀ ਸਥਾਨਾਂ ਉੱਤੇ ਭੇਜਣ ਦਾ ਫੈਸਲਾ ਇਸ ਪੱਖੋਂ ਇਤਿਹਾਸਕ ਹੈ ਕਿ ਪਿਛਲੀਆਂ ਸਰਕਾਰਾਂ ਕਦੇ ਅਜਿਹਾ ਫੈਸਲਾ ਨਹੀਂ ਕਰ ਸਕੀਆਂ। ਸੁੱਚਾ ਸਿੰਘ ਖਟੜਾ ਸਾਬਕਾ ਜੀ ਟੀ ਯੂ ਸੂਬਾਈ ਜ ਸਕੱਤਰ ਅਤੇ ਹਰਨੇਕ ਮਾਵੀ ਪ੍ਰੈਸ ਸਕੱਤਰ ਨੇ ਉਪ੍ਰੋਕਤ ਸਾਂਝੇ ਪ੍ਰੈਸ ਨੋਟ ਵਿੱਚ ਜਿੱਥੇ ਸਰਕਾਰ ਦੇ ਇਸ ਦਲੇਰਾਨਾ ਫੈਸਲੇ ਨੂੰ ਸਿਖਿਆ ਪੱਖੀ ਕਿਹਾ ਉਥੇ ਨਾਲ ਹੀ ਟਿਪਣੀ ਕਰ ਦਿੱਤੀ ਕਿ ਜੇਕਰ ਅਜਿਹੇ ਹੀ ਪ੍ਰਸ਼ਾਸਨਕ ਬਣਦੇ ਹੋਰ ਫੈਸਲਿਆਂ ਨੂੰ ਕਰਨ ਵੱਲ ਪਿੱਠ ਦਿਖਾ ਦਿੱਤੀ ਤਾਂ ਇਸ ਇਤਿਹਾਸਕ ਫੈਸਲੇ ਨੂੰ ਵੀ ਲੰਬੇ ਸਮੇਂ ਤੋਂ ਅਧਿਆਪਕ ਭਰਤੀ ਨਾ ਕਰਨ ਨਾਲ ਪੈਦਾ ਹੋਈ ਘਾਟ ਪੂਰਤੀ ਹੀ ਸਮਝਿਆ ਜਾਵੇਗਾ। ਕਰਨ ਵਾਲੇ ਹੋਰ ਫੈਸਲਿਆਂ ਵਿੱਚ ਰੈਸ਼ਨਲਾਈਜੇਸ਼ਨ , ਵਿਦਿਆਰਥੀਆਂ ਦੀ ਘਾਟ ਕਾਰਨ ਬੰਦ ਹੋਣ ਕਿਨਾਰੇ ਸਕੂਲਾਂ ਸਬੰਧੀ ਸਰਵੇ ਕਰਕੇ ਤੁਰੰਤ ਫ਼ੈਸਲੇ ਕਰਨੇ, ਅਧਿਆਪਕਾਂ ਨੂੰ ਨਿਰਧਾਰਤ ਪਾਠਕ੍ਰਮਾਂ ਵਿੱਚ ਫਜ਼ੂਲ ਅਤੇ ਸਿਖਿਆ ਵਿਰੋਧੀ ਅਚਾਨਕ ਟੈਸਟ ਲਿਆ ਠੋਸਣੇ, ਪੜ੍ਹਾਈ ਸਮੇਤ ਸਾਰੀਆਂ ਗਤੀਵਿਧੀਆਂ ਦਾ ਵਾਰਸ਼ਕ ਕੈਲੰਡਰ ਦੇਣਾ, ਵਿਸ਼ਾ ਅਧਿਆਪਕਾਂ, ਮੁੱਖ ਅਧਿਆਪਕਾਂ, ਪ੍ਰਿੰਸੀਪਲਾਂ,ਬੀ ਪੀ ਈ ਓ ਅਤੇ ਕਲਰਕਾਂ ਦੀਆਂ ਪੋਸਟਾਂ ਭਰਨੀਆਂ ਪ੍ਰਮੁੱਖ ਹਨ। ਆਗੂਆਂ ਕਿਹਾ ਕਿ ਡੈਪੂਟੇਸ਼ਨ ਰੱਦ ਕਰਦਿਆਂ ਇਸ ਚੀਜ ਦਾ ਹਰ ਹਾਲ ਧਿਆਨ ਰੱਖਿਆ ਜਾਵੇ ਕਿ ਅਧਿਆਪਕ ਜਾਂ ਅਧਿਆਪਕਾਂ ਦੀ ਘਾਟ ਪੂਰਤੀ ਲਈ ਕੀਤੇ ਡੈਪੂਟੇਸ਼ਨ ਨਾ ਛੇੜੇ ਜਾਣ ।

# ਸਰਪੰਚਾਂ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਸੀਚੇਵਾਲ ਦੀ ਸ਼ਲਾਘਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਬਲਵੀਰ ਸ਼ਾਲ੍ਹਪੁਰੀ)**— ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਆਪਣੇ ਅਖਤਿਆਰੀ ਫੰਡਾਂ ਵਿੱਚੋਂ 14 ਲੱਖ 63 ਹਜ਼ਾਰ ਰੁਪਏ ਤੋਂ ਵੱਧ ਦੀ ਗ੍ਰਾਂਟ ਜਾਰੀ ਕਰਕੇ ਚਾਰ ਪਿੰਡਾਂ ਨੂੰ ਪਾਣੀ ਦੇ ਟੈਂਕਰ ਸੌਂਪੇ ਹਨ। ਇਹ 5-5 ਹਜ਼ਾਰ ਲੀਟਰ ਸਮਰੱਥਾ ਵਾਲੇ ਟੈਂਕਰ ਵਾਤਾਵਰਣ ਸੰਭਾਲ ਅਤੇ ਪਿੰਡਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਣਗੇ।ਕਪੂਰਥਲਾ ਦੇ ਜਿਨ੍ਹਾਂ ਪਿੰਡਾਂ ਨੂੰ ਇਹ ਟੈਂਕਰ ਦਿੱਤੇ ਗਏ ਉਹਨਾਂ ਵਿੱਚ - ਜੈਨਪੁਰ, ਸ਼ਾਹਵਾਲਾ ਅੰਦਰੀਸਾ, ਹੈਬਤਪੁਰ ਅਤੇ ਤਲਵੰਡੀ ਚੌਧਰੀਆਂ ਸ਼ਾਮਿਲ ਹਨ। ਇਨ੍ਹਾਂ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਵੱਲੋਂ ਸੰਤ ਸੀਚੇਵਾਲ ਦਾ ਧੰਨਵਾਦ ਕਰਦਿਆਂ ਕਿਹਾ ਗਿਆ ਕਿ ਇਹ ਟੈਂਕਰ ਨਾ ਸਿਰਫ਼ ਪਿੰਡਾਂ ਦੇ ਸਾਂਝੇ ਸਮਾਗਮਾਂ ਵਿੱਚ ਵਰਤੇ ਜਾਣਗੇ, ਸਗੋਂ ਦਲਿਤ ਪਰਿਵਾਰਾਂ ਦੇ ਵਿਆਹ-ਸ਼ਾਦੀਆਂ ਵਿੱਚ ਵੀ ਬਹੁਤ ਲਾਹੇਵੰਦ ਸਾਬਤ ਹੋਣਗੇ। ਪੰਜ ਹਜ਼ਾਰ ਲੀਟਰ ਸਮਰੱਥਾ ਵਾਲੇ ਇਹ ਟੈਂਕਰ ਪਿੰਡਾਂ ਅਤੇ ਆਲੇ-ਦੁਆਲੇ ਲਗਾਏ ਬੂਟਿਆਂ ਨੂੰ ਪਾਣੀ ਦੇਣ ਦੇ ਨਾਲ-ਨਾਲ ਵੱਖ-ਵੱਖ ਸਮਾਗਮਾਂ ਦੌਰਾਨ ਪਾਣੀ ਦੀ ਲੋੜ ਪੂਰੀ ਕਰਨ ਵਿੱਚ ਸਹਾਇਕ ਰਹਿਣਗੇ। ਪਿੰਡ ਤਲਵੰਡੀ ਚੌਧਰੀਆਂ ਦੇ ਸਰਪੰਚ ਬਲਵਿੰਦਰ ਸਿੰਘ, ਪਿੰਡ ਸ਼ਾਹਵਾਲਾ ਅੰਦਰੀਸਾ ਦੇ ਸਰਪੰਚ ਜੋਗਿੰਦਰ ਸਿੰਘ , ਪਿੰਡ ਜੈਨਪੁਰ ਦੇ ਸਰਪੰਚ ਮੇਜਰ ਸਿੰਘ ਅਤੇ ਪਿੰਡ ਹੈਬਤਪੁਰ ਦੇ ਸਰਪੰਚ ਬਲਬੀਰ ਸਿੰਘ ਨੇ ਵੀ ਸੀਚੇਵਾਲ ਦੀ ਸ਼ਲਾਘਾ ਕੀਤੀ ਹੈ।



# ਲਾਇਲਪੁਰ ਖਾਲਸਾ ਕਾਲਜ ਨੇ ਇੰਟਰ-ਕਾਲਜ ਟੈਨਿਸ ਚੈਂਪੀਅਨਸ਼ਿਪ ਜਿੱਤੀ

**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖਾਲਸਾ ਕਾਲਜ ਜਲੰਧਰ ਨੇ ਮਾਡਲ ਟਾਊਨ ਟੈਨਿਸ ਅਕੈਡਮੀ ਜਲੰਧਰ ਵਿੱਚ ਹੋਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਇੰਟਰ-ਕਾਲਜ ਟੈਨਿਸ ਚੈਂਪੀਅਨਸ਼ਿਪ ਜਿੱਤੀ। ਸੈਮੀਫਾਈਨਲ ਵਿੱਚ ਲਾਇਲਪੁਰ ਖ਼ਾਲਸਾ ਕਾਲਜ ਦੀ ਟੀਮ ਡੀ.ਏ.ਵੀ.ਕਾਲਜ ਅੰਮ੍ਰਿਤਸਰ ਨੂੰ ਹਰਾਇਆ ਅਤੇ ਫਾਈਨਲ ਵਿੱਚ ਏ.ਪੀ.ਜੇ.ਕਾਲਜ ਜਲੰਧਰ ਨੂੰ ਸ਼ਾਨਦਾਰ ਢੰਗ ਨਾਲ ਹਰਾਕੇ ਖਿਤਾਬ ਜਿੱਤਿਆ। ਟੀਮ ਦੇ ਖਿਡਾਰੀ ਇਸ਼ਾਨ ਭਗਤ, ਰਾਧੇ ਮੋਹਨ, ਰਿਭਵ ਸ਼ਰਮਾ, ਹਰਜੈ ਸਿੰਘ ਅਤੇ ਸਰਥਕ ਗੁਲਾਟੀ ਨੇ ਕੋਚ ਸੁਖਦੀਪ ਸਿੰਘ ਦੀ ਰਹਿਨੁਮਾਈ ਹੇਠ ਵਧੀਆ ਪ੍ਰਦਰਸ਼ਨ ਕੀਤਾ। ਟੂਰਨਾਮੈਂਟ ਦੀ ਦੇਖਰੇਖ ਜੀ.ਐਨ.ਡੀ.ਯੂ. ਦੇ ਅਧਿਕਾਰਕ ਇੰਚਾਰਜ ਪ੍ਰਦੀਪ ਕੁਮਾਰ ਨੇ ਕੀਤੀ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਦਿਆਰਥੀਆਂ, ਕੋਚ ਸੁਖਦੀਪ ਸਿੰਘ, ਮੁਖੀ ਪ੍ਰੋ. ਸਿਮਰਨਜੀਤ ਸਿੰਘ, ਪ੍ਰੋ. ਅਜੈ ਕੁਮਾਰ, ਪ੍ਰੋ. ਮਨਵੀਰ ਅਤੇ ਵਿਭਾਗ ਸਰੀਰਿਕ ਸਿੱਖਿਆ ਤੇ ਵਿਜੈਤਾ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸ਼ਾਨਦਾਰ ਜਿੱਤ ਸਾਡੇ ਵਿਦਿਆਰਥੀਆਂ ਦੇ ਸਮਰਪਣ ਅਤੇ ਕਾਲਜ ਦੀ ਸਮਪੂਰਨ ਉਤਕ੍ਰਿਸ਼ਟਤਾ ਨੂੰ ਦਰਸਾਉਂਦੀ ਹੈ।



# ਸੁਖਬੀਰ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਪੂਰੀ ਤਰਾਂ ਮਜ਼ਬੂਤ : ਲੱਖੀ

**ਅੱਡਾ ਸਰਾ (ਜਸਵੀਰ ਕਾਜਲ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਵੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਪੂਰੀ ਤਰ੍ਹਾਂ ਮਜਬੂਤ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹੁਸ਼ਿਆਰਪੁਰ ਦੇ ਜਿਲਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਗਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਸੁਖਬੀਰ ਸਿੰਘ ਬਾਦਲ ਹੀ ਇਕੋ ਇਕ ਅਜਿਹੇ ਲੀਡਰ ਹਨ ਜਿਹੜੇ ਸ਼੍ਰੋਮਣੀ ਅਕਾਲੀ ਦਲ ਨੂੰ ਬੁਲੰਦੀਆਂ ਤੇ ਪਹੰਚਾ ਸਕਦੇ ਹਨ। ਉਨ੍ਹਾਂ ਕਿਹਾ ਬਾਦਲ ਪਰਵਾਰ ਪਿਛਲੇ ਕਈ ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਅਤੇ ਪੰਥ ਦੀ ਸੇਵਾ ਕਰ ਰਿਹਾ ਹੈ ਤੇ ਪੰਜਾਬ ਨੂੰ ਸੁਖਬੀਰ ਸਿੰਘ ਵਰਗੇ ਸੂਝਵਾਨ ਆਗੂ ਦੀ ਸਖਤ ਜ਼ਰੂਰਤ ਹੈ ਜੋ ਪੰਜਾਬ ਨੂੰ ਵਿਕਾਸ ਦੀਆਂ ਬੁਲੰਦੀਆਂ ਤੇ ਪੁਹੰਚਾ ਸਕਣ। ਉਨ੍ਹਾਂ ਕਿਹਾ ਸੁਖਵੀਰ ਸਿੰਘ ਨੇ ਹੜ੍ਹ ਪੀੜਤਾਂ ਦੀ ਮਦਦ ਕੀਤੀ ਅਤੇ ਸ਼੍ਰੋਮਣੀ ਅਕਾਲੀ ਦਲ ਵਜੋਂ ਨਭਾਈ ਗਈ ਭੂਮਿਕਾ ਨੇ ਲੋਕਾਂ ਦਾ ਦਿਲ ਜਿਤ ਲਿਆ ਹੈ। ਇਸ ਮੌਕੇ ਸਰਬਜੀਤ ਸਿੰਘ ਮੋਮੀ, ਕੁਲਵਿੰਦਰ ਸਿੰਘ ਕਿਦਾ, ਕਸ਼ਮੀਰ ਸਿੰਘ, ਬੱਬਲੂ ਗਿਲਜੀਆ, ਗੁਰਮੁਖ ਸਿੰਘ ਘੁਮਣ ਆਦਿ ਹਾਜ਼ਰ ਸਨ।



# ਚੀਫ ਜਸਟਿਸ 'ਤੇ ਸੁੱਟੀ ਗਈ ਜੁੱਤੀ ਨੇ ਭਾਜਪਾ ਦੀ ਨਫਰਤੀ ਰਾਜਨੀਤੀ ਦਾ ਚਿਹਰਾ ਕੀਤਾ ਨੰਗਾ : ਬੇਗਮਪੁਰਾ ਟਾਈਗਰ ਫੋਰਸ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੀ ਇੱਕ ਹੰਗਾਮੀ ਮੀਟਿੰਗ ਫੋਰਸ ਦੇ ਸਬ ਦਫਤਰ ਅੱਡਾ ਪੁਰਾਣੀ ਬਸੀ ਹੁਸ਼ਿਆਰਪੁਰ ਵਿਖੇ ਕੀਤੀ ਗਈ। ਮੀਟਿੰਗ ਵਿੱਚ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫ਼ਤਿਹਗੜ੍ਹ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਤੀਸ਼ ਕੁਮਾਰ ਸ਼ੇਰਗੜ੍ਹ ਅਤੇ ਅਨਿਲ ਕੁਮਾਰ ਬੰਟੀ ਬਲਾਕ ਪ੍ਰਧਾਨ ਹਰਿਆਣਾ ਭੂੰਗਾ ਵਿਸ਼ੇਸ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਆਗੂਆਂ ਨੇ ਕਿਹਾ ਕਿ ਚੀਫ ਜਸਟਿਸ ਬੀ ਆਰ ਗਵੱਈ ਤੇ ਕੋਰਟ ਰੂਮ ਵਿੱਚ ਸੁੱਟੀ ਗਈ ਜੁੱਤੀ ਦੀ ਘਟਨਾ ਨੇ ਆਰ ਐਸ ਐਸ ਅਤੇ - ਭਾਜਪਾ ਦੀ ਨਫਰਤੀ ਰਾਜਨੀਤੀ ਦਾ ਚਿਹਰਾ ਨੰਗਾ ਕੀਤਾ ਹੈ । ਉਹਨਾਂ ਕਿਹਾ ਕਿ ਪਿਛਲੇ ਕਰੀਬ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਭਾਜਪਾ ਦੇ ਆਗੂ ਲਗਾਤਾਰ ਦੇਸ਼ ਵਿੱਚ ਧਰਮ-ਜਾਤੀ ਅਧਾਰਤ ਬਿਨਾ ਵਜ੍ਹਾ ਹੀ ਫ਼ਿਰਕੂ ਨਫਰਤ ਫੈਲਾ ਰਹੇ ਹਨ । ਉਹਨਾਂ ਕਿਹਾ ਕਿ ਸੁਪਰੀਮ ਕੋਰਟ ਦੇ ਮੁਖੀ ਤੇ ਜੁੱਤੀ ਸੁੱਟਣ ਉਪਰੰਤ ਮੁਲਜਮ ਵਕੀਲ ਵੱਲੋਂ ਸਨਾਤਨ ਧਰਮ ਦੇ ਹੱਕ ਵਿੱਚ ਨਾਅਰੇਬਾਜ਼ੀ ਕਰਨਾ ਸਿੱਧ ਕਰਦਾ ਹੈ ਕਿ ਫਿਰਕੂ ਤਾਕਤਾਂ ਵੱਲੋਂ ਸਮਾਜ ਵਿੱਚ ਜ਼ਹਿਰ ਘੋਲਣ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਉਹਨਾਂ ਕਿਹਾ ਕਿ ਇਨ੍ਹਾਂ ਕੋਸ਼ਿਸ਼ਾਂ ਨੂੰ ਆਰ ਐਸ ਐਸ ਦੇ ਗਰੁੱਪ ਅਤੇ ਭਾਜਪਾ ਸ਼ਾਸਿਤ ਰਾਜ ਸਰਕਾਰਾਂ ਵੱਲੋਂ ਸਿੱਧੇ/ ਅਸਿੱਧੇ ਢੰਗ ਨਾਲ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ।

10 Oct Page 9.qxd 10/9/2025 10:42 PM Page 1



# ਕੈਬਨਿਟ ਮੰਤਰੀ ਨੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਜਲੰਧਰ (ਇਕਬਾਲ ਸਿੰਘ ਉੱਭੀ)**- ਪੰਜਾਬ ਦੇ ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਤਹਿਤ ਜਲੰਧਰ, ਸ਼ਹੀਦ ਭਗਤ ਸਿੰਘ ਨਗਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਹੋਣ ਵਾਲੇ ਵੱਖ-ਵੱਖ ਸਮਾਗਮਾਂ ਦੀਆਂ ਤਿਆਰੀਆਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਕੈਬਨਿਟ ਮੰਤਰੀ ਮੋਹਿੰਦਰ ਭਗਤ, ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ, ਸਕੱਤਰ ਡਾ. ਅਭਿਨਵ ਤ੍ਰਿਖਾ, ਵਿਧਾਇਕ ਬਲਕਾਰ ਸਿੰਘ ਅਤੇ ਇੰਦਰਜੀਤ ਕੌਰ ਮਾਨ ਵੀ ਮੌਜੂਦ ਸਨ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਤਿੰਨੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ, ਸੀ ਪੀ/ਐਸ.ਐਸ.ਪੀਜ਼ ਸਮੇਤ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਲੋਕ ਪ੍ਰਤੀਨਿਧੀਆਂ ਨਾਲ ਇਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਨੂੰ ਪੰਜਾਬ ਸਰਕਾਰ ਵਲੋਂ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵੱਖ-ਵੱਖ ਸਮਾਗਮ ਉਲੀਕੇ ਗਏ ਹਨ। ਇਸੇ ਤਹਿਤ ਵੱਖ-ਵੱਖ ਸਥਾਨਾਂ ਤੋਂ ਵਿਸ਼ਾਲ ਨਗਰ ਕੀਰਤਨ ਕੱਢੇ ਜਾਣੇ ਹਨ। ਇਨ੍ਹਾਂ ਵਿਚੋਂ ਹੀ ਇਕ ਨਗਰ



ਕੀਰਤਨ ਗੁਰਦਾਸਪੁਰ ਤੋਂ 20 ਨਵੰਬਰ ਨੂੰ ਸ਼ੁਰੂ ਹੋ ਕੇ 21 ਨਵੰਬਰ ਨੂੰ ਜਲੰਧਰ ਵਿਖੇ ਪ੍ਰਵੇਸ਼ ਕਰੇਗਾ ਅਤੇ 22 ਨਵੰਬਰ ਨੂੰ ਸ਼ਹੀਦ ਭਗਤ ਸਿੰਘ ਨਗਰ ਲਈ ਰਵਾਨਾ ਹੋਵੇਗਾ। 21 ਨਵੰਬਰ ਨੂੰ ਜਲੰਧਰ ਵਿਖੇ ਹੀ ਨਗਰ ਕੀਰਤਨ ਦਾ ਠਹਿਰਾਅ ਹੋਵੇਗਾ। ਕੈਬਨਿਟ ਮੰਤਰੀ ਨੇ ਦੱਸਿਆ ਕਿ 1 ਨਵੰਬਰ ਤੋਂ 18 ਨਵੰਬਰ ਤੱਕ ਜ਼ਿਲ੍ਹਿਆਂ ਵਿੱਚ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਸ਼ਾਨਦਾਰ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਜਾਣਗੇ। ਉਨ੍ਹਾਂ ਇਸ ਮੌਕੇ ਤਿੰਨਾਂ ਜ਼ਿਲ੍ਹਿਆਂ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਲੋਗੋ ਵੀ ਭੇਟ ਕੀਤੇ। ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਿਵੇਕਲੀ ਪਹਿਲ ਕਰਦਿਆਂ ਪਹਿਲੀ ਵਾਰ ਹਰ ਜ਼ਿਲ੍ਹੇ ਵਿੱਚ ਪਹੁੰਚਣ 'ਤੇ ਨਗਰ ਕੀਰਤਨ ਨੂੰ ਸ਼ਾਨਦਾਰ 'ਗਾਰਡ ਆਫ਼ ਆਨਰ' ਦਿੱਤਾ ਜਾਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਪੰਚਾਲ, ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਡਾ. ਅੰਕੁਰਜੀਤ ਸਿੰਘ, ਪੁਲਿਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ, ਐਸ.ਐਸ.ਪੀ. ਜਲੰਧਰ ਹਰਵਿੰਦਰ ਸਿੰਘ ਵਿਰਕ, ਐਸ.ਐਸ.ਪੀ. ਕਪੂਰਥਲਾ ਗੌਰਵ ਤੂਰਾ, ਐਸ.ਐਸ.ਪੀ. ਐਸ.ਬੀ.ਐਸ. ਨਗਰ ਡਾ. ਮਹਿਤਾਬ ਸਿੰਘ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਅੰਮ੍ਰਿਤਪਾਲ ਸਿੰਘ, ਚੇਅਰਮੈਨ ਇੰਪਰੂਵਮੈਂਟ ਟਰੱਸਟ ਜਲੰਧਰ ਰਮਨੀਕ ਸਿੰਘ ਰੰਧਾਵਾ, ਚੇਅਰਮੈਨ ਸਹਿਕਾਰੀ ਵਿਕਾਸ ਬੈਂਕ ਪਵਨ ਕੁਮਾਰ ਟੀਨੂੰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਮਨਪ੍ਰੀਤ ਸਿੰਘ ਚੱਡਾ ਬਣੇ ਯੂਥ ਕਾਂਗਰਸ ਦੇ ਇੰਚਾਰਜ

## 'ਵੋਟ ਚੋਰ ਗੱਦੀ ਛੋੜ' ਦੀ ਮੁਹਿਮ ਸਬੰਧੀ ਯੂਥ ਨੂੰ ਕਰਵਾਇਆ ਜਾਣੂ



**ਗੁਰਾਇਆ (ਬਿੰਦਰ ਸੁੰਮਨ)**: ਨੇੜਲੇ ਪਿੰਡ ਸੰਗ ਢੇਸੀਆਂ ਦੇ ਰਹਿਣ ਵਾਲੇ ਮਨਪ੍ਰੀਤ ਸਿੰਘ ਚੱਡਾ ਨੂੰ ਯੂਥ ਕਾਂਗਰਸ 'ਚ ਦਿੱਤੀਆ ਜਾ ਰਹੀਆ ਵਧੀਆ ਸੇਵਾਵਾਂ ਦੇ ਚੱਲਦਿਆ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅਤੇ ਫਰੀਦਕੋਟ ਦਾ ਯੂਥ ਕਾਂਗਰਸ ਦਾ ਇੰਚਾਰਜ ਲਗਾਇਆ ਗਿਆ ਹੈ। ਇੰਚਾਰਜ ਲਗਾਏ ਜਾਣ ਤੋ ਬਾਦ ਆਪਣੀ ਸਰਗਰਮੀ ਦਿਖਾਉਦੇ ਹੋਏ ਮਨਪ੍ਰੀਤ ਸਿੰਘ ਚੱਡਾ (ਸੰਗ ਢੇਸੀਆਂ) ਵਲੋਂ ਸ੍ਰੀ ਮੁਕਤਸਰ ਸਾਹਿਬ ਦੀ ਜ਼ਿਲ੍ਹਾ ਯੂਥ ਕਾਂਗਰਸ ਨਾਲ ਮੀਟਿੰਗ ਕਰਕੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਰਣਨੀਤੀਆਂ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਦੇ ਨਾਲ ਹੀ ਕਾਂਗਰਸ ਪਾਰਟੀ ਵਲੋਂ ਦੇਸ਼ ਪੱਧਰ ਤੇ ਚਲਾਈ ਜਾ ਰਹੀ 'ਵੋਟ ਚੋਰ ਗੱਦੀ ਛੋੜ' ਮੁਹਿੰਮ ਦੇ ਤਹਿਤ ਉਨ੍ਹਾਂ ਇਸ ਬਾਰੇ ਯੂਥ ਨੂੰ ਜਾਣੂ ਕਰਵਾਉਦਿਆ, ਇਸ ਦੇ ਹੱਕ 'ਚ ਹਸਤਾਖਰ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਬੋਲਦਿਆ ਮਨਪ੍ਰੀਤ ਸਿੰਘ ਚੱਡਾ (ਸੰਗ ਢੇਸੀਆਂ) ਨੇ ਕਿਹਾ ਕਿ ਦੇਸ਼ ਦੀ ਸੱਤਾ ਤੇ ਕਾਬਜ਼ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਲੋਂ ਦੇਸ਼ ਵਾਸੀਆਂ ਦੀਆਂ ਵੋਟਾਂ ਨੂੰ ਆਪਣੇ ਹੱਕ 'ਚ ਭੁਗਤਾਉਣ ਲਈ ਸੱਤਾ ਦਾ ਦੁਰਉਪਯੋਗ ਕਰਕੇ ਵੋਟਾਂ ਚੋਰੀ ਕੀਤੀਆ ਗਈਆ ਹਨ, ਜੋ ਕਿ ਸਿੱਧੇ ਰੂਪ 'ਚ ਲੋਕਤੰਤਰ ਦਾ ਘਾਣ ਹੈ ਅਤੇ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾ ਕਿਹਾ ਕਿ ਲੋਕਾਂ ਕੋਲੋ ਸਮਰਥਨ ਵਜੋਂ ਜੋ ਹਸਤਾਖਰ ਕਰਵਾਏ ਜਾ ਰਹੇ ਹਨ, ਇਹ ਭਾਰਤੀ ਚੋਣ ਕਮਿਸ਼ਨ ਨੂੰ ਸੌਂਪੇ ਜਾਣਗੇ ਤਾਂ ਜੋ ਭਵਿੱਖ ਦੀਆਂ ਚੋਣਾਂ ਵਿੱਚ ਭਾਜਪਾ ਦੀ ਹੇਰਾਫੇਰੀ ਨੂੰ ਰੋਕਿਆ ਜਾ ਸਕੇ।


# ਪ੍ਰਾਇਮਰੀ ਸਰਕਾਰੀ, ਏਡਿਡ ਤੇ ਪ੍ਰਾਈਵੇਟ ਸਕੂਲ ਮੁਖੀਆਂ ਦੀ ਮੀਟਿੰਗ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਡਾ. ਗਿੰਨੀ ਦੁੱਗਲ ਦੀ ਅਗਵਾਈ ਹੇਠ ਸੂਬੇ ਵਿੱਚ ਚਲ ਰਹੇ ਵੱਖ-ਵੱਖ ਵਿਦਿਅਕ ਪ੍ਰੋਗਰਾਮਾਂ ਬਾਰੇ ਜਾਗਰੂਕਤਾ ਵਧਾਉਣ ਲਈ ਜ਼ਿਲ੍ਹੇ ਦੇ ਸਮੂਹ ਅੱਪਰ ਪ੍ਰਾਇਮਰੀ ਸਰਕਾਰੀ, ਏਡਿਡ ਅਤੇ ਪ੍ਰਾਈਵੇਟ ਸਕੂਲ ਮੁਖੀਆਂ ਦੀ ਮੀਟਿੰਗ ਆਯੋਜਿਤ ਕੀਤੀ ਗਈ। ਇਹ ਮੀਟਿੰਗ ਐਮਿਟੀ ਯੂਨੀਵਰਸਿਟੀ, ਮੋਹਾਲੀ ਵਿੱਚ ਹੋਈ ਜਿਸ ਵਿੱਚ 500 ਤੋਂ ਵੱਧ ਸਕੂਲ ਮੁੱਖੀਆਂ ਨੇ ਭਾਗ ਲਿਆ।ਮੀਟਿੰਗ ਦੌਰਾਨ ਡਾ. ਗਿੰਨੀ ਦੁੱਗਲ ਨੇ ਸਕੂਲਾਂ ਲਈ ਚੱਲ ਰਹੇ ਕਈ ਮਹੱਤਵਪੂਰਨ ਪ੍ਰੋਗਰਾਮਾਂ — ਜਿਵੇਂ ਕਿ ਰਾਜ ਪੱਧਰੀ ਖੇਡਾਂ, ਪ੍ਰੀਖਿਆ ਕੇਂਦਰ ਪ੍ਰਬੰਧਨ, 'ਏਕ ਪੇੜ ਮਾਂ ਕੇ ਨਾਮ', ਮਿਸ਼ਨ ਚੜ੍ਹਦੀ ਕਲਾ, ਅੰਤਰਰਾਸ਼ਟਰੀ ਪੰਜਾਬੀ ਬੋਲੀ ਓਲੰਪਿਆਡ, ਵਿਕਸਿਤ ਭਾਰਤ ਬਿਲਡਾਥੋਨ 2025, ਐਸ ਐਚ ਵੀ ਆਰ (ਸਵੱਛ ਐਵਮ ਹਰਿਤ ਵਿਦਿਆਲਿਆ ਰੇਟਿੰਗ), ਗ੍ਰੀਨ ਸਕੂਲ ਪ੍ਰੋਗਰਾਮ, ਗ੍ਰੀਨ ਹੈਕਾਥੋਨ ਅਤੇ ਯੂ ਡਾਇਸ ਆਦਿ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਇਸ ਮੌਕੇ ਉਨ੍ਹਾਂ ਨੇ ਸਕੂਲ ਮੁਖੀਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ, ਤਾਂ ਜੋ ਇਨ੍ਹਾਂ ਪ੍ਰੋਗਰਾਮਾਂ ਵਿੱਚ ਸਕੂਲਾਂ ਦੀ ਭਾਗੀਦਾਰੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਡਾ. ਦੁੱਗਲ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਮੀਟਿੰਗਾਂ ਸਰਕਾਰ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਨੂੰ ਸੁਚਾਰੂ ਰੂਪ ਨਾਲ ਲਾਗੂ ਕਰਨ ਲਈ ਬਹੁਤ ਸਹਾਇਕ ਹੁੰਦੀਆਂ ਹਨ, ਕਿਉਂਕਿ ਇਨ੍ਹਾਂ ਦੌਰਾਨ ਸਕੂਲ ਮੁਖੀਆਂ ਦੀਆਂ ਦਿੱਕਤਾਂ ਦਾ ਨਿਪਟਾਰਾ ਮੌਕੇ ਤੇ ਹੀ ਕੀਤਾ ਜਾ ਸਕਦਾ ਹੈ।ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸ. ਅੰਗਰੇਜ਼ ਸਿੰਘ ਸਮੇਤ ਸਿੱਖਿਆ ਵਿਭਾਗ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।



# ਜਸਨੂਰ ਨੇ ਸਟੇਟ ਵੁਸ਼ੋ ਚੈਂਪੀਅਨਸ਼ਿਪ 'ਚ ਗੋਲਡ ਮੈਡਲ ਜਿੱਤਿਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਦੀ ਖਿਡਾਰਨ ਜਸਨੂਰ ਕੌਰ ਨੇ ਪੰਜਾਬ ਸਕੂਲ ਖੇਡਾਂ ਦੇ ਵਿੱਚ ਸਟੇਟ ਲੈਵਲ ਤੇ ਗੋਲਡ ਮੈਡਲ



ਹਾਸਿਲ ਕਰਕੇ ਨੈਸ਼ਨਲ ਲੈਵਲ ਵਿੱਚ ਕੁਆਲੀਫਾਈ ਕੀਤਾ।ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਇਸ ਮੌਕੇ ਤੇ ਆਪਣੀ ਖੁਸ਼ੀ ਸਾਂਝੀ ਕਰਦੇ ਹੋਏ ਸਮੂਹ ਸਟਾਫ ਨੂੰ ਅਤੇ ਬੱਚਿਆਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਬੱਚਿਆਂ ਅਤੇ ਉਨ੍ਹਾਂ ਦੇ ਕੋਚ ਦੀ ਮਿਹਨਤ ਦਾ ਨਤੀਜਾ ਇਹ ਹੈ ਕਿ ਬੱਚੇ ਏਡੀਆਂ ਵੱਡੀਆਂ ਉਪਲਬੱਧੀਆਂ ਹਾਸਲ ਕਰ ਰਹੇ ਹਨ। ਉਹਨਾਂ ਨੇ ਦੱਸਿਆ ਕਿ ਰਾਜ ਪੱਧਰ ਤੇ ਇਸ ਕਰੜੇ ਮੁਕਾਬਲੇ ਦੇ ਵਿੱਚ ਜਸਨੂਰ ਨੇ ਗੋਲਡ ਮੈਡਲ ਹਾਸਿਲ ਕਰਕੇ ਸਕੂਲ ਦਾ ਝੰਡਾ ਬੁਲੰਦ ਕੀਤਾ ਹੈ। ਪ੍ਰਿੰਸੀਪਲ ਮਨੀਸ਼ਾ ਸੰਗਰ ਨੇ ਦੱਸਿਆ ਕਿ ਇਹਨਾਂ ਬੱਚਿਆਂ ਦੀ ਕਰੜੀ ਮਿਹਨਤ ਲਗਾਤਾਰ ਇਹਨਾਂ ਤੇ ਪ੍ਰਦਰਸ਼ਨ ਨੂੰ ਨਿਖਰਦੀ ਜਾ ਰਹੀ ਹੈ। ਉਹਨਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦ ਅਸੀਂ ਜਸਨੂਰ ਕੌਰ ਨੂੰ ਇੰਟਰਨੈਸ਼ਨਲ ਲੈਵਲ ਤੇ ਇਸੇ ਤਰ੍ਹਾਂ ਵਧੀਆ ਪ੍ਰਦਰਸ਼ਨ ਕਰਦੇ ਹੋਏ ਦੇਖਾਂਗੇ। ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ ਨੇ ਸਕੂਲ ਦੇ ਖੇਡ ਵਿਭਾਗ ਅਤੇ ਤਮਾਮ ਸਟਾਫ ਨੂੰ ਮੁਬਾਰਕਬਾਦ ਦਿੱਤੀ। ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਜਗਬੰਧਨ ਸਿੰਘ, ਰਾਜਵੀਰ ਕੌਰ, ਅਮਰਜੀਤ ਕੌਰ ਸੈਣੀ, ਗੁਰਪ੍ਰੀਤ ਕੌਰ, ਅਰਚਨਾ ਸੈਨੀ, ਸੁਮਨ ਚੋਪੜਾ, ਪ੍ਰੀਆ, ਰਾਜਵਿੰਦਰ ਅਤੇ ਬਾਕੀ ਸਟਾਫ ਵੀ ਮੌਜੂਦ ਸੀ।

# ਵਿਸ਼ੂ ਰਾਣਾ ਸ੍ਰੀ ਬਾਬਾ ਬਲਰਾਜ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ



**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ ਦਾ ਪ੍ਰਾਚੀਨ ਵਿਸ਼ਵ ਪ੍ਰਸਿੱਧ ਸ੍ਰੀ ਬਾਬਾ ਬਲਰਾਜ ਮੰਦਰ ਦੀ ਮੰਦਿਰ ਪ੍ਰਬੰਧਕ ਕਮੇਟੀ ਦੀ ਹਰ ਸਾਲ ਚੋਣ ਹੁੰਦੀ ਹੈ, ਜਿਸ ਵਿੱਚ ਐਤਵਾਰ ਨੂੰ ਹੋਏ ਵਿਸ਼ੇਸ਼ ਇਜਲਾਸ ਵਿੱਚ ਵਿਸ਼ੂ ਰਾਣਾ ਸਰਬਸੰਮਤੀ ਦੇ ਨਾਲ ਸ੍ਰੀ ਬਾਬਾ ਬਲਰਾਜ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਿਯੁਕਤ ਕੀਤੇ ਗਏ ਹਨ। ਇਸ ਤੋਂ ਪਹਿਲਾਂ ਪਿਛਲੇ ਸਾਲ ਦੀ ਕਮੇਟੀ ਜਿਸ ਦੇ ਪ੍ਰਧਾਨ ਲਲਿਤ ਰਾਣਾ ਸੀ ਅਤੇ ਮੀਤ ਪ੍ਰਧਾਨ ਵਿਸ਼ੂ ਰਾਣਾ ਸੀ, ਉਹਨਾਂ ਵੱਲੋਂ ਪਿਛਲੇ ਸਾਲ ਦਾ ਹਿਸਾਬ ਕਿਤਾਬ ਦਿੱਤਾ ਗਿਆ। ਉਸ ਤੋਂ ਬਾਅਦ ਸ੍ਰੀ ਬਾਬਾ ਬਲਰਾਜ ਜੀ ਦੀ ਹਜ਼ੂਰੀ ਵਿਚ ਅਤੇ ਮੋਹਤਵਰ ਬਜ਼ੁਰਗਾਂ ਦੀ ਹਾਜ਼ਰੀ ਵਿੱਚ ਪਿਛਲੇ ਸਾਲ ਮੀਤ ਪ੍ਰਧਾਨ ਵਿਸ਼ੂ ਰਾਣਾ ਨੂੰ ਇਸ ਵਾਰ ਸਰਬਸੰਮਤੀ ਨਾਲ ਸ੍ਰੀ ਬਾਬਾ ਬਲਰਾਜ ਮੰਦਿਰ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ।ਵਿਸ਼ੂ ਰਾਣਾ ਮੰਦਰ ਦੀ ਉਸਾਰੀ (ਨਵੀਨੀਕਰਨ) ਤੋਂ ਲੈ ਕੇ ਹੁਣ ਤੱਕ ਸਰਗਰਮ ਸੇਵਾਦਾਰ ਵੱਜੋਂ ਆਪਣੀਆਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਉਹਨਾਂ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਦੁਬਾਰਾ ਉਹਨਾਂ ਨੂੰ ਪ੍ਰਧਾਨ ਚੁਣਿਆ ਗਿਆ ਹੈ। ਇਸ ਤੋਂ ਪਹਿਲਾਂ ਵਿਸ਼ੂ ਰਾਣਾ 2023 ਵਿੱਚ ਵੀ ਸ਼੍ਰੀ ਬਾਬਾ ਬਲਰਾਜ ਮੰਦਿਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹਿ ਚੁੱਕੇ ਹਨ। ਇਸ ਮੌਕੇ ਚੇਅਰਮੈਨ ਜਗਦੀਸ਼ ਸਿੰਘ ਰਾਣਾ, ਵਾਈਸ ਚੇਅਰਮੈਨ ਪਦਮ ਸਿੰਘ ਰਾਣਾ, ਵਾਈਸ ਪ੍ਰਧਾਨ ਮਨੀਸ਼ ਕੌਸ਼ਲ, ਸੈਕਟਰੀ ਐਡਵੋਕੇਟ ਅਮਨ ਕੌਸ਼ਲ, ਜੁਆਇੰਟ ਸੈਕਟਰੀ ਵਿਵੇਕ ਕੌਸ਼ਲ, ਕੈਸੀਅਰ ਪੰਕਜ ਭਨੋਟ, ਜੋਇੰਟ ਕੈਸ਼ੀਅਰ ਗੌਰਵ ਕੌਸਲ,ਆਡੀਟਰ ਸੁਭਾਸ਼ ਕੌਸ਼ਲ, ਜੋਇੰਟ ਆਡੀਟਰ ਜੰਗ ਪਰਮਿੰਦਰ ਨੂੰ ਪ੍ਰਬੰਧਕ ਕਮੇਟੀ ਦੇ ਅਹੁਦੇ ਸੌਂਪੇ ਗਏ ਹਨ। ਇਸ ਮੌਕੇ ਸਾਬਕਾ ਨਗਰ ਕੌਂਸਲ ਪ੍ਰਧਾਨ ਰਾਣਾ ਰਣਦੀਪ ਕੌਸਲ ਆਦਿ ਹਾਜ਼ਰ ਸਨ।

# ਗਵਈ 'ਤੇ ਹਮਲਾ ਦਲਿਤਾਂ ਉਪਰ ਹਮਲਾ : ਹਰਪਾਲ ਸਿੰਘ ਚੀਮਾ

**ਚੰਡੀਗੜ੍ਹ** : ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਰਤ ਦੇ ਮਾਣਯੋਗ ਚੀਫ਼ ਜਸਟਿਸ ਜਸਟਿਸ ਭੂਸ਼ਣ ਰਾਮਕ੍ਰਿਸ਼ਨ ਗਵਈ 'ਤੇ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਦੇਸ਼ ਵਿੱਚ ਖਤਰਨਾਕ ਦਲਿਤ ਵਿਰੋਧੀ ਮਾਹੌਲ ਪੈਦਾ ਕਰਨ ਲਈ ਸਿੱਧੇ ਤੌਰ 'ਤੇ ਦੋਸ਼ੀ ਠਹਿਰਾਉਂਦਿਆਂ ਇਸ ਘਟਨਾ ਨੂੰ ਸੁਪਰੀਮ ਕੋਰਟ, ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੁਆਰਾ ਤਿਆਰ ਕੀਤੇ ਗਏ ਸੰਵਿਧਾਨ ਅਤੇ ਦੇਸ਼ ਭਰ ਦੇ ਲੱਖਾਂ ਦਲਿਤਾਂ 'ਤੇ ਹਮਲਾ ਕਰਾਰ ਦਿੱਤਾ ਹੈ। ਇਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸ ਘਟਨਾ ਬਾਰੇ ਬਣੀ ਚੁੱਪੀ 'ਤੇ ਡੂੰਘੀ ਨਿਰਾਸ਼ਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਨਾ ਸਿਰਫ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਬਾਰੇ ਕੋਈ ਗੱਲ ਨਹੀਂ ਕੀਤੀ, ਬਲ ਕਿ ਸੀਨੀਅਰ ਕਾਂਗਰਸੀ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀ ਚੁੱਪੀ ਧਾਰੀ ਹੋਈ ਹੈ।ਵਿੱਤ ਮੰਤਰੀ ਨੇ ਮੌਜੂਦਾ ਰਾਜਨੀਤਿਕ ਮਾਹੌਲ ਵਿੱਚ ਦੇਸ਼ ਭਰ ਵਿੱਚ ਅਨੁਸੂਚਿਤ ਜਨ ਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਵਿਰੁੱਧ ਅਪਰਾਧਾਂ ਵਿੱਚ ਹੋਏ ਡਰਾਉਣੇ ਵਾਧੇ ਨੂੰ ਦਰਸਾਉਂਦੀ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ,'ਭਾਰਤ ਵਿੱਚ ਅਪਰਾਧ 2023' ਦਾ ਵੀ ਹਵਾਲਾ ਦਿੱਤਾ। ਉਨ੍ਹਾਂ ਨੇ ਦੇਸ਼ ਭਰ ਵਿੱਚ ਅਨੁਸੂਚਿਤ ਜਨਜਾਤੀਆਂ ਵਿਰੁੱਧ ਅਪਰਾਧਾਂ ਵਿੱਚ 28.8% ਦੇ ਹੈਰਾਨੀਜਨਕ ਵਾਧੇ ਦਾ ਜ਼ਿਕਰ ਕੀਤਾ। ਚੀਮਾ ਨੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਦੀ ਮੰਗ ਕੀਤੀ।

# ਭਗਵਾਨ ਵਾਲਮੀਕੀ ਦੇ ਪ੍ਰਗਟ ਦਿਵਸ 'ਤੇ ਨਗਰ ਕੀਰਤਨ ਸਜਾਇਆ



**ਨਕੋਦਰ (ਮਨਜੀਤ ਮਾਨ)**- ਪਿੰਡ ਸਹਿਮ ਜ਼ਿਲ੍ਹਾ ਜਲੰਧਰ ਵਿਖੇ ਭਗਵਾਨ ਵਾਲਮੀਕ ਮਹਾਰਾਜ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਪ੍ਰਕਾਸ਼ ਪੁਰਬ ਮਨਾਇਆ ਗਿਆ। ਇਸ ਮੌਕੇ ਤੇ ਭਗਵਾਨ ਵਾਲਮੀਕਿ ਮਹਾਰਾਜ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਉਸ ਦੇ ਉਪਰੰਤ ਦੂਸਰੇ ਦਿਨ ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਸ੍ਰੀ ਰਮਾਇਣ ਸਾਹਿਬ ਚੜ੍ਹਾਏ ਗਏ। ਉਪਰੰਤ ਸਹਿਜ ਪਾਠ ਦੇ ਭੋਗ ਪਾਏ ਗਏ। ਕੀਰਤਨੀ ਜਥੇ ਵੱਲੋਂ ਭਗਵਾਨ ਵਾਲਮੀਕਿ ਮਹਿਮਾ ਦਾ ਗੁਣਗਾਨ ਕੀਤਾ। ਇਸ ਮੌਕੇ ਭਗਵਾਨ ਵਾਲਮੀਕੀ ਪ੍ਰਬੰਧਕ ਕਮੇਟੀ ਤੇ ਗ੍ਰਾਮ ਪੰਚਾਇਤ ਸਹਿਮ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਹੈਪੀ ਖਾਲਸਾ, ਸੋਨੂੰ ਸਹਿਮ, ਸੁਖਵਿੰਦਰ ਸਿੱਧੂ, ਸਨੀ ਸਿੱਧੂ, ਦਵਿੰਦਰ ਸਹਿਮ, ਭਾਈ ਸਤਪਾਲ ਸਿੰਘ ਹੈਡ ਗ੍ਰੰਥੀ, ਧਰਮਪ੍ਰੀਤ ਬਾਲੂ, ਤਲੂ ਮੱਟੂ, ਕਰਨ ਬਾਲੂ, ਵਿਸ਼ਾਲ ਖੋਸਲਾ, ਕ੍ਰਿਸ਼ਨ ਸਿੱਧੂ, ਗੁਰਮੀਤ ਬਾਲੂ, ਪਿੰਡ ਦੇ ਸਰਪੰਚ ਜਗੀਰ ਸਿੰਘ, ਬਲਵੀਰ ਸਿੰਘ ਅਟਵਾਲ, ਅਮਨਦੀਪ ਸਿੰਘ ਬਾਲੂ ਪੰਚਾਇਤ ਮੈਂਬਰ, ਧਰਮਪਾਲ ਮੱਟੂ, ਰੋਣਕੀ ਰਾਮ, ਜੱਗਮਨਪ੍ਰੀਤ, ਗੁਰਪ੍ਰੀਤ ਸਿੱਧੂ, ਗੁਰਪ੍ਰੀਤ ਔਜਲਾ, ਅਨਮੋਲ ਸਿੱਧੂ, ਜਸਵਿੰਦਰ ਸਿੱਧੂ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ।

# ਦੀਪਇੰਦਰ ਸਿੰਘ ਢਿੱਲੋਂ ਨੇ 'ਵੋਟ ਚੋਰ, ਗੱਦੀ ਛੋਡ' ਮੁਹਿੰਮ ਤਹਿਤ ਫਾਰਮ ਵੰਡੇ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਕੁੱਲ ਹਿੰਦ ਕਾਂਗਰਸ ਕਮੇਟੀ ਦੇ ਸੱਦੇ ਹੇਠ ਸ਼ੁਰੂ ਕੀਤੀ ਗਈ ਵੋਟ ਚੋਰ, ਗੱਦੀ ਛੋਡ ਮੁਹਿੰਮ ਤਹਿਤ ਹਲਕਾ ਡੇਰਾਬੱਸੀ ਤੋਂ ਸੀਨੀਅਰ ਕਾਂਗਰਸੀ ਆਗੂ ਦੀਪਇੰਦਰ ਸਿੰਘ ਢਿੱਲੋਂ ਨੇ ਲਾਲੜੂ ਖੇਤਰ ਦੇ ਕਾਂਗਰਸੀਆਂ ਨੂੰ ਫਾਰਮ ਵੰਡੇ। ਇਸ ਸਬੰਧੀ ਮਹਾਰਾਣਾ ਪ੍ਰਤਾਪ ਭਵਨ ਲਾਲੜੂ ਵਿੱਚ ਕੀਤੀ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ. ਢਿੱਲੋਂ ਨੇ ਕਿਹਾ ਕਿ ਕੌਮੀ ਕਾਂਗਰਸ ਵੱਲੋਂ ਵੋਟ ਚੋਰੀ ਰੋਕਣ ਲਈ ਇੱਕ ਮੁਹਿੰਮ ਛੇੜੀ ਹੋਈ ਹੈ ਅਤੇ ਇਸ ਮੁਹਿੰਮ ਤਹਿਤ



ਰਾਹੁਲ ਗਾਂਧੀ ਦੀ ਅਗਵਾਈ ਹੇਠ ਸਾਰੇ ਦੇਸ਼ ਵਿੱਚੋਂ 5 ਕਰੋੜ ਫਾਰਮ ਕੇਂਦਰੀ ਚੋਣ ਕਮਿਸ਼ਨ ਨੂੰ ਸੌਂਪੇ ਜਾਣੇ ਹਨ ਤਾਂ ਜੋ ਲੋਕਤੰਤਰ ਨੂੰ ਕਾਇਮ ਰੱਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸੇ ਲੜੀ ਤਹਿਤ ਹਲਕਾ ਡੇਰਾਬੱਸੀ ਵਿੱਚੋਂ ਕਰੀਬ 10 ਹਜ਼ਾਰ ਫਾਰਮ ਕੌਮੀ ਕਾਂਗਰਸ ਕੋਲ ਭੇਜੇ ਜਾਣਗੇ। ਇਸ ਮੌਕੇ ਉਨ੍ਹਾਂ ਨਾਲ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਸੁਸ਼ੀਲ ਮਗਰਾ, ਕੌਂਸਲਰ ਮਾਸਟਰ ਮੋਹਨ ਸਿੰਘ, ਯੁਗਵਿੰਦਰ ਰਾਠੌਰ, ਬਲਕਾਰ ਸਿੰਘ ਦੱਪਰ, ਮੈਡਮ ਨਛੱਤਰ ਕੌਰ, ਰਮੇਸ ਪ੍ਰਜਾਪਤ ਅਤੇ ਬਲਕਾਰ ਸਿੰਘ ਆਦਿ ਸਮੇਤ ਵੱਖ-ਵੱਖ ਪਿੰਡਾਂ ਦੇ ਕਾਂਗਰਸੀ ਵੀ ਹਾਜ਼ਰ ਸਨ।

# ਧਾਰਮਿਕ ਸੈਰ-ਸਪਾਟਾ ਪ੍ਰਫੁੱਲਤ ਕਰਨ ਲਈ ਪੰਜਾਬ ਸਰਕਾਰ ਹੋਰ ਯਤਨ ਕਰੇਗੀ : ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ 5 ਅਕਤੂਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿੱਚ ਤਿਆਰ ਹੋਈ ਅਮਰ ਸ਼ਹੀਦ ਭਾਈ ਜੈਤਾ ਜੀ ਦੀ ਯਾਦਗਾਰ ਨੂੰ ਸਮੁੱਚੀ ਲੋਕਾਈ ਸਮਰਪਤ ਕਰ ਚੁੱਕੇ ਹਨ। ਜਿਸ ਨੂੰ ਸੰਗਤਾਂ/ਸ਼ਰਧਾਲੂਆਂ ਲਈ ਖੋਲ ਦਿੱਤਾ ਗਿਆ ਹੈ ਅਤੇ ਸ੍ਰੀ ਅਨੰਦਪੁਰ ਸਾਹਿਬ ਆਉਣ ਵਾਲੇ ਸ਼ਰਧਾਲੂ ਵਿਰਾਸਤ ਏ ਖਾਲਸਾ ਮਿਊਜ਼ੀਅਮ ਦੇ ਨਾਲ ਨਾਲ ਹੁਣ ਭਾਈ ਜੈਤਾ ਜੀ ਯਾਦਗਾਰ ਨੂੰ ਦੇਖਣ ਲਈ ਵੀ ਬਹੁਤ ਉਤਸ਼ਾਹਤ ਹੋਏ ਹਨ। ਇਸ ਨਾਲ ਗੁਰੂ ਨਗਰੀ ਵਿੱਚ ਜਿੱਥੇ ਸ਼ਰਧਾਲੂਆਂ ਦੀ ਆਮਦ ਹੋਰ ਵਧ ਰਹੀ ਹੈ ਉਥੇ ਧਾਰਮਿਕ ਸੈਰ ਸਪਾਟਾ ਪ੍ਰਫੁੱਲਤ ਹੋ ਰਿਹਾ ਹੈ। ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਸਮਾਗਮ ਬਹੁਤ ਹੀ ਸ਼ਰਧਾ ਨਾਲ ਮਨਾਏ ਜਾ ਰਹੇ ਹਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਭਾਈ ਜੈਤਾ ਜੀ ਯਾਦਗਾਰ ਨੂੰ ਸਮਰਪਤ ਕਰਨ ਦੇ ਨਾਲ ਨਾਲ ਵਿਰਾਸਤੀ ਮਾਰਗ ਦਾ ਕੰਮ ਵੀ ਸ਼ੁਰੂ ਕਰਵਾਇਆ ਹੈ। ਬੈਂਸ ਨੇ ਦੱਸਿਆ ਕਿ ਇਸ ਯਾਦਗਾਰ ਦੋ ਭਾਗਾਂ ਵਿੱਚ ਤਿਆਰ ਕੀਤਾ ਗਿਆ ਹੈ। ਪਹਿਲੇ ਭਾਗ 'ਤੇ ਲਗਭਗ 17 ਕਰੋੜ ਰੁਪਏ ਦੀ ਲਾਗਤ ਨਾਲ ਇਮਾਰਤ ਦਾ ਨਿਰਮਾਣ ਕੀਤਾ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਦੂਜੇ ਭਾਗ 'ਚ ਲਗਭਗ 3 ਕਰੋੜ ਰੁਪਏ ਦੀ ਲਾਗਤ ਨਾਲ ਪੰਜ ਪ੍ਰਦਰਸ਼ਨੀ ਗੈਲਰੀਆਂ ਤਿਆਰ ਕੀਤੀਆਂ ਗਈਆਂ ਹਨ। ਬੈਂਸ ਨੇ ਦੱਸਿਆ ਕਿ ਗੈਲਰੀਆਂ ਵਿੱਚ ਸਿੱਖ ਗੁਰੂ ਸਾਹਿਬਾਨ, ਭਾਈ ਜੈਤਾ ਜੀ ਦੇ ਪੁਰਖਿਆਂ ਦਾ ਗੁਰੂ ਸਾਹਿਬਾਨ ਨਾਲ ਨਾਤਾ, ਕਸ਼ਮੀਰੀ ਪੰਡਤਾਂ 'ਤੇ ਜ਼ੁਲਮ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ, ਭਾਈ ਜੈਤਾ ਜੀ ਵੱਲੋਂ ਗੁਰੂ ਜੀ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਲਿਆਉਣਾ, ਬਾਲ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਿਰ ਭੇਟ ਕਰਨਾ, ਰੰਗਰੇਟੇ ਗੁਰੂ ਕੇ ਬੇਟੇ ਦਾ ਖ਼ਿਤਾਬ, ਖ਼ਾਲਸਾ ਪੰਥ ਦੀ ਸਿਰਜਣਾ ਅਤੇ ਭਾਈ ਜੈਤਾ ਜੀ ਦੀਆਂ ਜੰਗਾਂ ਵਿੱਚ ਭਾਗੀਦਾਰੀ ਵਰਗੇ ਇਤਿਹਾਸਕ ਪਲ ਦਰਸਾਏ ਗਏ ਹਨ।ਕੈਬਨਿਟ ਮੰਤਰੀ ਨੇ ਦੱਸਿਆ ਕਿ ਆਖ਼ਰੀ ਗੈਲਰੀ ਵਿੱਚ 3ਡੀ ਐਨੀਮੇਸ਼ਨ ਰਾਹੀਂ ਭਾਈ ਜੈਤਾ ਜੀ ਦੀ ਪੂਰੀ ਜੀਵਨ ਯਾਤਰਾ ਦਰਸਾਈ ਗਈ ਹੈ।



# ਜਗਰੂਪ ਸਿੰਘ ਸੋਸ਼ਲ ਮੀਡੀਆ ਵਿੰਗ ਦੇ ਵਾਈਸ ਕੋਆਰਡੀਨੇਟਰ ਨਿਯੁਕਤ

**ਕਾਲਾ ਸੰਘਿਆਂ (ਮਨਜੀਤ ਮਾਨ)**- ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ , ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ, ਸਹਿ ਪ੍ਰਭਾਰੀ ਸਤਿੰਦਰ ਜੈਨ, ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਲੁਬਾਣਾ, ਐਡਵੋਕੇਟ ਕਰਮਵੀਰ ਸਿੰਘ ਚੰਦੀ ਹਲਕਾ ਇੰਚਾਰਜ ਕਪੂਰਥਲਾ, ਸਰਦਾਰ ਅਤਵਾਰ ਸਿੰਘ ਦੋਆਬਾ ਜ਼ੋਨ ਇੰਚਾਰਜ ਸੋਸ਼ਲ ਮੀਡੀਆ ਵਿੰਗ, ਮਨਮੋਹਨ ਸਿੰਘ ਦੋਆਬਾ ਜ਼ੋਨ ਸੈਕਟਰੀ ਸੋਸ਼ਲ ਮੀਡੀਆ ਵਿੰਗ, ਨਵਨੀਤ ਉੱਪਲ ਜ਼ਿਲ੍ਹਾ ਪ੍ਰਧਾਨ ਸੋਸ਼ਲ ਮੀਡੀਆ ਵਿੰਗ, ਸੰਜੇ ਸ਼ੁਕਲਾ ਜ਼ਿਲ੍ਹਾ ਸੈਕਟਰੀ ਸੋਸ਼ਲ ਮੀਡੀਆ ਵਿੰਗ ਅਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਨਪ੍ਰੀਤ ਸਿੰਘ ਸੋਸ਼ਲ ਮੀਡੀਆ ਕੋਆਰਡੀਨੇਟਰ ਹਲਕਾ ਕਪੂਰਥਲਾ ਅਤੇ ਜਗਰੂਪ ਸਿੰਘ ਸੋਸ਼ਲ ਮੀਡੀਆ ਦੇ ਵਿੰਗ ਹਲਕਾ ਕਪੂਰਥਲਾ ਦੇ ਵਾਇਸ ਕੋਆਰਡੀਨੇਟਰ ਲਗਾਉਣ ਤੇ ਹਾਈ ਕਮਾਂਡ ਦਾ ਧੰਨਵਾਦ ਕੀਤਾ। ਜਗਰੂਪ ਸਿੰਘ ਨੇ ਕਿਹਾ ਕਿ ਹਾਈਕਮਾਂਡ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਬਾਖੂਬੀ ਤੇ ਦ੍ਰਿੜ ਇਰਾਦੇ ਨਾਲ ਨਿਭਾਵਾਂਗਾ ਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ ਰਾਤ ਇੱਕ ਕਰਾਂਗਾ।

# ਪੰਜਾਬ ਸਰਕਾਰ ਉਦਯੋਗਿਕ ਬੁਨਿਆਦੀ ਢਾਂਚਾ ਮਿਸ਼ਨ ਦੀ ਸ਼ੁਰੂਆਤ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਅਹਿਮ ਕਦਮ ਚੁੱਕਦੇ ਹੋਏ, ਸੂਬਾ ਸਰਕਾਰ ਨੇ ਇੱਕ ਵਿਸ਼ਾਲ, ਬਹੁ-ਕਰੋੜੀ ਬੁਨਿਆਦੀ ਢਾਂਚਾ ਮਿਸ਼ਨ ਸ਼ੁਰੂ ਕੀਤਾ ਹੈ। ਇਹ ਮਹੱਤਵਾਕਾਂਖੀ ਯੋਜਨਾ ਸੂਬੇ ਦੇ ਉਦਯੋਗਿਕ ਖੇਤਰਾਂ ਦੀ ਨੁਹਾਰ ਬਦਲਣ ਲਈ ਪੂਰੀ ਤਰ੍ਹਾਂ ਤਿਆਰ ਹੈ, ਇਸ ਤਰ੍ਹਾਂ ਨਵੇਂ ਨਿਵੇਸ਼ਾਂ ਤੇ ਸਥਾਨਕ ਕਾਰੋਬਾਰਾਂ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ।ਵਿਆਪਕ ਸੁਧਾਰਾਂ ਦਾ ਐਲਾਨ ਕਰਦੇ ਹੋਏ, ਉਦਯੋਗ ਅਤੇ ਵਣਜ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਉਤਸ਼ਾਹ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਦੇ ਉਦਯੋਗਿਕ ਖੇਤਰ ਦੀ ਪੁਨਰ ਸੁਰਜੀਤੀ ਸ਼ੁਰੂ ਹੋ ਚੁੱਕੀ ਹੈ। ਅਸੀਂ ਸਪੱਸ਼ਟ ਤੌਰ ਤੇ ਉਦਯੋਗ ਜਗਤ ਦੇ ਆਗੂਆਂ ਦੀ ਅਵਾਜ਼ ਸੁਣ ਰਹੇ ਹਾਂ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਦ੍ਰਿੜ ਸਮਰਥਨ ਹੇਠ ਉਹ ਨਿਰਣਾਇਕ ਢੰਗ ਨਾਲ ਕੰਮ ਕਰ ਰਹੇ ਹਨ। ਇਹ ਸਰਗਰਮ ਕਾਰਵਾਈ ਉੱਚ-ਪੱਧਰੀ ਮੀਟਿੰਗਾਂ ਦੀ ਇੱਕ ਲੜੀ ਤੋਂ ਬਾਅਦ ਕੀਤੀ ਗਈ ਹੈ, ਜਿੱਥੇ ਉਦਯੋਗ ਜਗਤ ਦੇ ਨੁਮਾਇੰਦਿਆਂ ਨੇ ਬੁਨਿਆਦੀ ਸਹੂਲਤਾਂ ਵਿੱਚ ਵੱਡੇ ਪਾੜੇ ਨੂੰ ਉਭਾਰਿਆ। ਇਸ ਦੇ ਜਵਾਬ ਵਿੱਚ, ਪੰਜਾਬ ਵਿਕਾਸ ਕਮਿਸ਼ਨ (ਪੀ.ਡੀ.ਸੀ.) ਨੇ ਤੁਰੰਤ ਰਾਜ ਦੇ ਉਦਯੋਗਿਕ ਖੇਤਰਾਂ ਵਿੱਚ ਟੀਮਾਂ ਤਾਇਨਾਤ ਕੀਤੀਆਂ। ਉਦਯੋਗਿਕ ਸੰਸਥਾਵਾਂ ਅਤੇ ਸਥਾਨਕ ਪ੍ਰਸ਼ਾਸਨ ਨਾਲ ਜ਼ਮੀਨੀ ਪੱਧਰ 'ਤੇ ਵਿਆਪਕ ਵਿਚਾਰ-ਵਟਾਂਦਰੇ ਤੋਂ ਬਾਅਦ, ਇੱਕ ਵਿਸਤ੍ਰਿਤ, ਪੜਾਅਵਾਰ ਅਪਗ੍ਰੇਡ ਯੋਜਨਾ ਤਿਆਰ ਕੀਤੀ ਗਈ।ਮੰਤਰੀ ਨੇ ਕਿਹਾ, ਵਾਅਦੇ ਨੂੰ ਅਮਲ ਵਿੱਚ ਲਿਆਂਦਾ ਗਿਆ ਹੈ।'ਟੈਂਡਰਿੰਗ ਪ੍ਰਕਿਰਿਆ ਹੁਣ ਲਾਈਵ ਹੈ, ਜੋ ਜ਼ਮੀਨੀ ਪੱਧਰ 'ਤੇ ਇਸ ਪਰਿਵਰਤਨਸ਼ੀਲ ਸਫ਼ਰ ਦੀ ਸ਼ੁਰੂਆਤ ਨੂੰ ਦਰਸਾਉਂਦੀ ਹੈ।ਹੁਣ ਸੂਬੇ ਭਰ ਵਿੱਚ ਵਿਕਾਸ ਦੀ ਇੱਕ ਲਹਿਰ ਸ਼ੁਰੂ ਹੋਣ ਵਾਲੀ ਹੈ।ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ (ਪੀ.ਐਸ.ਆਈ.ਈ.ਸੀ.) 26 ਮੁੱਖ ਉਦਯੋਗਿਕ ਫੋਕਲ ਪੁਆਇੰਟਾਂ ਨੂੰ ਮੁੜ ਸੁਰਜੀਤ ਕਰਨ ਲਈ 97.54 ਕਰੋੜ ਰੁਪਏ ਦੇ ਨਿਵੇਸ਼ ਨਾਲ ਪਹਿਲੇ ਕਾਰਜ ਦੀ ਅਗਵਾਈ ਕਰ ਰਿਹਾ ਹੈ।

# ਜਿੰਪਾ ਨੇ ਸੜਕ ਨਿਰਮਾਣ ਕਾਰਜ ਦੀ ਕੀਤੀ ਸ਼ੁਰੂਆਤ



**ਹੁਸ਼ਿਆਰਪੁਰ ਬਲਵੀਰ ਸਿੰਘ ਸੈਣੀ)**— ਵਿਕਾਸ ਕਾਰਜਾਂ ਨੂੰ ਜਨਤਕ ਹਿੱਤ ਵਿੱਚ ਤਰਜ਼ੀਹ ਦੱਸਦੇ ਹੋਏ ਹੁਸ਼ਿਆਰਪੁਰ ਦੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 24 ਵਿੱਚ ਜਲੰਧਰ ਰੋਡ ਤੋਂ ਨਿਆੜਾ ਰੋਡ ਅਤੇ ਡਗਾਣਾ ਰੋਡ ਤੱਕ 34.05 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਇਸ ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਪੂਰੇ ਸੂਬੇ ਵਿਚ ਵਿਕਾਸ ਕਾਰਜਾਂ ਨੂੰ ਨਵੀਂ ਗਤੀ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਹਰ ਵਾਰਡ ਵਿਚ ਸੜਕਾਂ, ਨਾਲੀਆਂ, ਸਟਰੀਟ ਲਾਈਟਾਂ, ਪੀਣ ਵਾਲੇ ਪਾਣੀ ਵਰਗੇ ਬੁਨਿਆਦੀ ਸਹੂਲਤਾਂ ਦੀ ਪ੍ਰਗਤੀ ਦੇ ਕਾਰਜ ਜੰਗੀ ਪੱਧਰ 'ਤੇ ਕੀਤੇ ਜਾ ਰਹੇ ਹਨ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪਰਵੀਨ ਸੈਣੀ, ਮਾਰਕੀਟ ਕਮੇਟੀ ਹੁਸ਼ਿਆਰਪੁਰ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ, ਬਲਵੀਰ ਸਿੰਘ ਸੈਣੀ, ਬਲਜਿੰਦਰ ਸਿੰਘ, ਸੰਜੇ ਸ਼ਰਮਾ, ਕਰਮਜੀਤ ਬੱਬੂ, ਅਮਰਜੋਤ ਸੈਣੀ, ਰੂਬੀ ਤੁਲੀ, ਬਹਾਦਰ ਸਿੰਘ ਸੁਨੇਤ, ਬਲਦੇਵ ਸਿੰਘ ਹੈਪੀ ਸੈਣੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਐੱਨ ਐੱਸ ਐੱਸ ਕੈਂਪ ਲਗਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆਂ ਕਾਲਾ ਸੰਘਿਆ ਵਿਖੇ ਐਨ.ਐਸ.ਐਸ, ਰੈਡ ਰਿਬਨ ਕਲੱਬ ਤੇ ਇਕੋ ਕਲੱਬ ਨੇ ਸਾਂਝੇ ਤੌਰ ਤੇ 'ਸਵੱਛਤਾ ਹੀ ਸੇਵਾ' ਦੇਸ਼ ਵਿਆਪੀ ਮੁਹਿਮ ਦੇ ਤਹਿਤ ਇੱਕ ਰੋਜ਼ਾ ਕੈਂਪ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਇਸ ਕੈਂਪ ਦਾ ਮੂਲ ਉਦੇਸ਼ ਵਿਦਿਆਰਥੀਆਂ ਅੰਦਰ ਪੜ੍ਹਾਈ ਦੇ ਨਾਲ-ਨਾਲ ਸਫਾਈ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਤੇ ਸਮਾਜ ਵਿੱਚ ਸਾਫ ਸੁਥਰਾ ਵਾਤਾਵਰਣ ਪੈਦਾ ਕਰਨਾ ਹੈ। ਵਿਦਿਆਰਥੀਆਂ ਨੇ ਪੂਰੇ ਕੈਂਪਸ ਦੀ ਬੜੇ ਉਤਸ਼ਾਹ ਨਾਲ ਸਫਾਈ ਕੀਤੀ ਤੇ ਆਪਣਾ ਆਲਾ ਦੁਆਲਾ ਸਾਫ ਰੱਖਣ ਦਾ ਪ੍ਰਣ ਲਿਆ। ਐਨ ਐਸ ਐਸ ਤੇ ਰੈਡ ਰਿਬਨ ਕਲੱਬ ਦੇ ਇੰਚਾਰਜ ਮੈਡਮ ਡਾ. ਕੁਲਵਿੰਦਰ ਕੌਰ ਨੇ ਵਲੰਟੀਅਰਜ਼ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਸਫਾਈ ਰੱਖਣਾ ਸਿਰਫ



ਸਾਡਾ ਵਿਅਕਤੀਗਤ ਫਰਜ਼ ਨਹੀਂ ਹੈ ਸਗੋਂ ਸਾਡੀ ਸਮੂਹਿਕ ਜਿੰਮੇਵਾਰੀ ਹੈ ਜਿਹੜੀ ਕੌਮੀ ਸੇਵਾ ਯੋਜਨਾ ਦੇ ਤਹਿਤ ਹੀ ਕੀਤੀ ਜਾ ਸਕਦੀ ਹੈ। ਇਸ ਮੌਕੇ ਪ੍ਰਿੰਸੀਪਲ ਬਲਜਿੰਦਰ ਕੌਰ, ਕਾਲਜੀਏਟ ਪ੍ਰਿੰਸੀਪਲ ਰਜਿੰਦਰ ਕੌਰ, ਐਨ.ਐਸ.ਐਸ/ਰੈਡ ਰਿਬਨ ਕਲੱਬ ਦੇ ਇੰਚਾਰਜ ਕੁਲਵਿੰਦਰ ਕੌਰ, ਸੁਜਨ, ਇਰਮਾ, ਨੀਤੂ ਸਮੂਹ ਸਟਾਫ ਮੈਂਬਰਸ ਤੇ ਵਲੰਟੀਅਰਜ਼ ਹਾਜ਼ਰ ਸਨ।

# ਅਜ਼ਾਦ ਪ੍ਰੈੱਸ ਐਂਡ ਵੈੱਲਫੇਅਰ ਕਲੱਬ ਨੇ ਕੀਤੀ ਮਾਸਿਕ ਮੀਟਿੰਗ



**ਬਲਾਚੌਰ (ਜਸਵਿੰਦਰ ਬੈਂਸ)**- ਅਜ਼ਾਦ ਪ੍ਰੈਸ ਐਂਡ ਵੈਲਫੇਅਰ ਕਲੱਬ ਬਲਾਚੌਰ ਦੀ ਮਾਸਿਕ ਮੀਟਿੰਗ ਕਲੱਬ ਦੇ ਚੇਅਰਮੈਨ ਸਤੀਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੀ ਸਮੁੱਚੀ ਰੂਪਰੇਖਾ ਕਲੱਬ ਦੇ ਔਰਗੇਨਾਈਜ਼ਰ ਤਰਸੇਮ ਕਟਾਰੀਆ ਵਲੋਂ ਤਿਆਰ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆ ਸਤੀਸ਼ ਸ਼ਰਮਾ ਨੇ ਆਖਿਆ ਕਿ ਪੱਤਰਕਾਰ ਇੱਕ ਅਜਿਹਾ ਸਮਾਜ ਸੇਵੀ ਹੁੰਦਾ ਹੈ ਜਿਸ ਦਾ ਆਮ ਲੋਕਾਂ, ਪੁਲਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਨਹੁੰ ਮਾਸ ਦਾ ਰਿਸ਼ਤਾ ਹੁੰਦਾ ਹੈ। ਜਿਹੜਾ ਕਿ ਸਵੇਰੇ ਉੱਠਣ ਸਾਰ ਹੀ ਲੋਕਾਂ ਦੀਆਂ ਸਮੱਸਿਆਵਾਂ, ਪੁਲਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਕਾਰਗੁਜ਼ਾਰੀ ਅਤੇ ਲੋਕ ਹਿੱਤ ਵਿੱਚ ਜਾਰੀ ਫੁਰਮਾਨਾਂ ਸਮੇਤ ਅਨੇਕਾਂ ਪ੍ਰਕਾਰ ਦੀ ਸਮੱਗਰੀ ਨੂੰ ਇਕੱਠਾ ਕਰਕੇ ਆਪਣੀ ਕਲਮ ਵਿੱਚ ਪ੍ਰੋ ਕੇ ਅਖਬਾਰ ਵਿੱਚ ਛਾਪਣ ਲਈ ਭੇਜਦਾ ਹੈ ਅਤੇ ਅਗਲੇ ਦਿਨ ਉਸ ਦਾ ਇਹੋ ਸਿਲਸਿਲਾ ਫਿਰ ਤੋਂ ਅਰੰਭ ਹੋ ਜਾਂਦਾ ਹੈ। ਇਸ ਮੌਕੇ ਕਲੱਬ ਦੇ ਔਗਰੇਨਾਈਜਰ ਪੱਤਰਕਾਰ ਤਰਸੇਮ ਕਟਾਰੀਆ ਨੇ ਆਖਿਆ ਕਿ ਜਿਵੇ ਪੱਤਰਕਾਰ ਹਰ ਫੀਲਡ ਵਿੱਚ ਆਪਣੀ ਚੰਗੀ ਕਾਰਗੁਜ਼ਾਰੀ ਵਿਖਾ ਰਹੇ ਹਨ ਉਵੇਂ ਹੀ ਕਲੱਬ ਦੀ ਮੀਟਿੰਗ ਵਿੱਚ ਵੀ ਆਪਣੀ ਹਾਜ਼ਰੀ ਨੂੰ ਯਕੀਨੀ ਬਣਾਉਣ ਵਿੱਚ ਹੰਭਲਾ ਮਾਰਨ ਤਾਂ ਜੋ ਇੱਕ ਮੰਚ ਉਪਰ ਆਪਣੀਆ ਸਾਰੀਆ ਸਮੱਸਿਆਵਾਂ 'ਤੇ ਝਾਤੀ ਮਾਰੀ ਜਾ ਸਕੇ ਅਤੇ ਉਨਾਂ ਦੇ ਹੱਲ ਲਈ ਯੋਜਨਾ ਬਣਾਈ ਜਾ ਸਕੇ। ਕਲੱਬ ਦੇ ਪ੍ਰਧਾਨ ਨਰੇਸ਼ ਕੁਮਾਰ ਹੈਪੀ ਰਾਣਾ ਵਲੋਂ ਸਮੂਹ ਹਾਜ਼ਰ ਆਏ ਸਾਥੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਦੀਵਾਲੀ, ਵਿਸ਼ਵਕਰਮਾ ਡੇ ਅਤੇ ਮੇਲਾ ਬਾਬਾ ਬਲਰਾਜ ਜੀ ਦੀਆਂ ਸਭਨਾਂ ਨੂੰ ਵਧਾਈਆਂ ਦਿੱਤੀਆਂ। ਕਲੱਬ ਦੇ ਸਕੱਤਰ ਤੇਜਿੰਦਰ ਜੋਤ ਵਲੋਂ ਲੇਖਾਜੋਖਾ ਦਿੱਤਾ ਗਿਆ। ਇਸ ਮੌਕੇ ਪੱਤਰਕਾਰ ਨਰੇਸ਼ ਕੁਮਾਰ ਹੈਪੀ ਰਾਣਾ, ਸਤੀਸ਼ ਸ਼ਰਮਾ, ਤਰਸੇਮ ਕਟਾਰੀਆ, ਤੇਜਿੰਦਰ ਸਿੰਘ ਜੋਤ, ਉਮੇਸ਼ ਜੋਸ਼ੀ, ਸੁਖਦੇਵ ਸਿੰਘ ਪਨੇਸਰ, ਸਤਨਾਮ ਸਿੰਘ ਚਾਹਲ, ਸੁਨੀਲ ਭੂੰਬਲਾ, ਰਾਮ ਲਾਲ, ਜਸਵਿੰਦਰ ਮਜਾਰਾ, ਜਸਵਿੰਦਰ ਬੈਂਸ ਅਤੇ ਜਗਤਾਰ ਮਹਿੰਦੀਪੁਰੀਆ ਵੀ ਮੌਜੂਦ ਸਨ।

# ਵਿਧਾਇਕ ਵੱਲੋਂ ਅਧੂਰੇ ਕੰਮਾਂ ਨੂੰ ਜਲਦ ਪੂਰਾ ਕਰਕੇ ਪਿੰਡਾਂ ਨੂੰ ਸਾਫ-ਸੁਥਰੇ ਬਣਾਉਣ ਦੀ ਅਪੀਲ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੀ ਮੁਹਿੰਮ ਤਹਿਤ, ਡੇਰਾਬੱਸੀ ਹਲਕੇ ਦੇ ਵਿਧਾਇਕ ਸ. ਕੁਲਜੀਤ ਸਿੰਘ



ਰੰਧਾਵਾ ਵੱਲੋਂ ਬੀ ਡੀ ਪੀ ਓ ਦਫ਼ਤਰ ਵਿਖੇ ਡੇਰਾਬੱਸੀ ਸਰਕਲ ਦੇ 20 ਪਿੰਡਾਂ ਦੇ ਸਰਪੰਚਾਂ ਅਤੇ ਉਨ੍ਹਾਂ ਨਾਲ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।ਇਸ ਮੌਕੇ ਵਿਧਾਇਕ ਨੇ ਪਿੰਡਾਂ ਦੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਦਿਆਂ ਆਪਸੀ ਤਾਲਮੇਲ ਨਾਲ, ਅਧੂਰੇ ਪਏ ਕੰਮਾਂ ਨੂੰ ਜਲਦ ਤੋਂ ਜਲਦ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਪ੍ਰਾਥਮਿਕਤਾ ਪਿੰਡਾਂ ਨੂੰ ਸਾਫ-ਸੁਥਰਾ, ਹਰਿਆਵਲਾ ਅਤੇ ਸੁਵਿਧਾਜਨਕ ਬਣਾਉਣਾ ਹੈ, ਤਾਂ ਜੋ ਪਿੰਡਾਂ ਵਿੱਚ ਬਿਹਤਰ ਜੀਵਨ ਮਿਆਰ ਯਕੀਨੀ ਬਣਾਇਆ ਜਾ ਸਕੇ।ਸ. ਰੰਧਾਵਾ ਨੇ ਸਰਪੰਚਾਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ ਵਿੱਚ ਗੰਦਗੀ ਮੁਕਤ ਵਾਤਾਵਰਣ, ਨਿਕਾਸੀ ਪ੍ਰਣਾਲੀ 'ਚ ਸੁਧਾਰ, ਪਾਣੀ ਦੇ ਸਹੀ ਪ੍ਰਬੰਧ, ਰੋਸ਼ਨੀ ਦੇ ਪ੍ਰਬੰਧ ਤੇ ਕੂੜਾ ਪ੍ਰਬੰਧਨ ਵਰਗੇ ਮੁੱਦਿਆਂ 'ਤੇ ਖਾਸ ਧਿਆਨ ਦੇਣ। ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਵਿਕਾਸ ਲਈ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੀਟਿੰਗ ਵਿੱਚ ਅਮਲਾਲਾ, ਬਰੋਲੀ, ਨਿੰਬੂਆ, ਬਾਕਰਪੁਰ, ਬਿੱਜਨਪੁਰ, ਖੇੜੀ ਗੁਜਰਾਂ, ਕਾਰਕੌਰ, ਚੰਡਿਆਲਾ, ਪਰਾਗਪੁਰ, ਬੈਰ ਮਾਜਰਾ, ਜਵਾਹਰਪੁਰ, ਭਗਵਾਨਪੁਰ, ਫਤਿਹਪੁਰ ਜੱਟਾਂ, ਰਾਜੋ ਮਾਜਰਾ, ਹਰੀਪੁਰ ਹਿੰਦੂਆਂ, ਬੇਹੜਾ, ਇਬਰਾਹਿਮਪੁਰ, ਮੀਆਂਪੁਰ, ਤ੍ਰਿਵੇਦੀ ਕੈਂਪ ਅਤੇ ਸਾਧਨਗਰ ਕਲੋਨੀ ਪਿੰਡਾਂ ਦੇ ਸਰਪੰਚ ਮੌਜੂਦ ਸਨ।

# ਕੰਵਲਜੋਤ ਸਿੰਘ ਬਣੇ ਵਿਧਾਨ ਸਭਾ ਹਲਕਾ ਅਨੰਦਪੁਰ ਸਾਹਿਬ ਦੇ ਸੋਸ਼ਲ ਮੀਡੀਆ ਕੁਆਰਡੀਨੇਟਰ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**— ਆਮ ਆਦਮੀ ਪਾਰਟੀ ਪੰਜਾਬ ਵੱਲੋਂ ਬੀਤੇ ਦਿਨੀਂ ਸੋਸ਼ਲ ਮੀਡੀਆ ਵਿੰਗ ਦੇ ਹਲਕਾ ਪੱਧਰੀ ਅਹੁਦਿਆਂ ਲਈ ਨਿਯੁਕਤੀਆਂ ਕੀਤੀਆਂ ਗਈਆਂ, ਜਿਸ ਅਧੀਨ ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਕੰਵਲ ਜੋਤ ਸਿੰਘ ਨੂੰ ਸੋਸ਼ਲ ਮੀਡੀਆ ਹਲਕਾ ਕੁਆਰਡੀਨੇਟਰ ਅਤੇ ਦਿਲਬਾਗ ਰਾਏਪੁਰ ਨੂੰ ਵਾਈਸ ਕੁਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।ਨਵ ਨਿਯੁਕਤ ਸੋਸ਼ਲ ਮੀਡੀਆ ਹਲਕਾ ਕੁਆਰਡੀਨੇਟਰ ਕੰਵਲ ਜੋਤ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਮੰਤਰੀ ਸਾਹਿਬ ਵੱਲੋਂ ਜੋ ਵਿਸ਼ਵਾਸ਼ ਉਨਾਂ 'ਤੇ ਕੀਤਾ ਗਿਆ ਹੈ ਉਹ ਉਸ 'ਤੇ ਖਰਾ ਉਤਰਨਗੇ ਤੇ ਜ਼ਿੰਮੇਵਾਰੀ ਨਾਲ ਪਾਰਟੀ ਪ੍ਰਤੀ ਅਪਣੀ ਸੇਵਾ ਨਿਭਾਉਣਗੇ।

# ਬਾਬਾ ਅਵਤਾਰ ਸਿੰਘ ਬਣੇ ਧਰਮਸ਼ਾਲਾ ਬਾਬਾ ਕੁੱਲੀ ਵਾਲੀ ਸਰਕਾਰ ਦੇ ਗੱਦੀ ਨਸ਼ੀਨ



**ਗੁਰਾਇਆ (ਬਿੰਦਰ ਸੁੰਮਨ)**: ਧਰਮਸ਼ਾਲਾ ਬਾਬਾ ਕੁੱਲੀ ਵਾਲੀ ਸਰਕਾਰ ਜੰਡਿਆਲਾ ਮੰਜਕੀ ਵਿਖੇ ਪ੍ਰਬੰਧਕ ਕਮੇਟੀ ਵਲੋਂ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਬਾਬਾ ਅਵਤਾਰ ਸਿੰਘ ਨੂੰ ਧਰਮਸ਼ਾਲਾ ਬਾਬਾ ਕੁੱਲੀ ਵਾਲੀ ਸਰਕਾਰ ਦਾ ਗੱਦੀ ਨਸ਼ੀਨ ਬਣਾਇਆ ਗਿਆ। ਇਸ ਮੌਕੇ ਪੱਗੜੀ ਦੀ ਰਸਮ ਅਦਾ ਕੀਤੀ ਗਈ, ਕਮੇਟੀ ਪ੍ਰਧਾਨ ਰਾਜਵਿੰਦਰ ਸਿੰਘ ਧਾਲੀਵਾਲ ਗਿੰਨੀ ਵਲਰਡ ਬੁੱਕ ਹੋਲਡਰ ਨੇ ਕਿਹਾ ਕਿ ਤਕਿਆਰ ਜਠੇਰੇ, ਮਰਵਾਹੇ ਜਠੇਰੇ ਦੇ ਸਹਿਯੋਗ ਨਾਲ ਧਰਮਸ਼ਾਲਾ ਦੀ ਦੇਖ ਰੇਖ ਲਈ ਬਾਬਾ ਅਵਤਾਰ ਸਿੰਘ ਨੂੰ ਮੁੱਖ ਸੇਵਾਦਾਰ ਬਣਾਇਆ ਗਿਆ। ਉਨਾਂ ਕਿਹਾ ਕਿ ਸਵਰਗਵਾਸੀ ਕਾਮਰੇਡ ਅਮਰਜੀਤ ਸਿੰਘ ਦੇ ਪੁੱਤਰ ਕੁਲਵਿੰਦਰ ਸਿੰਘ ਇਟਲੀ ਵਲੋ ਧਰਮਸ਼ਾਲਾ ਲਈ ਵੱਡਾ ਸਹਿਯੋਗ ਦਿੱਤਾ ਗਿਆ। ਇਸ ਮੌਕੇ ਚੇਅਰਮੈਨ ਭੁਪਿੰਦਰ ਕੌਰ ਕੌਲਧਾਰ, ਖਜ਼ਾਨਚੀ ਮੱਖਣ ਸਿੰਘ, ਸਕੱਤਰ ਤਰਸੇਮ ਲਾਲ ਯੋਗੀ, ਵਾਇਸ ਪ੍ਰਧਾਨ ਅਮਰਜੀਤ ਕੌਰ, ਮਨਜੀਤ ਸਿੰਘ, ਤੀਰਥ ਰਾਮ ਕੌਲਧਾਰ, ਪੰਡਿਤ ਜੀ ਰੁੜਕਾ ਕਲਾਂ, ਸਤਨਾਮ ਸਿੰਘ ਸੱਤੀ, ਅਸ਼ੋਕ ਕੁਮਾਰ ਤੋ ਇਲਾਵਾ ਕਮੇਟੀ ਮੈਂਬਰ ਹਾਜ਼ਰ ਸਨ।

# ਲੋਕਾਂ ਦੀ ਭਾਗੀਦਾਰੀ ਬਿਨਾਂ ਦੇਸ਼ ਦੀਆਂ ਨਦੀਆਂ ਨੂੰ ਸਾਫ਼ ਨਹੀਂ ਕੀਤਾ ਜਾ ਸਕਦਾ : ਸੀਚੇਵਾਲ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਗੁਜਰਾਤ ਦੇ ਸ਼ਹਿਰ ਸੂਰਤ ਵਿੱਚ ਕੇਂਦਰੀ ਜਲ ਸਰੋਤ ਦੇ ਮੰਤਰੀ ਸੀ ਔਲ ਪਾਟਿਲ ਦੀ ਅਗਵਾਈ ਹੇਠ ਸ਼ਹਿਰ ਦੇ ਦੂਸ਼ਿਤ ਪਾਣੀ ਨੂੰ ਸਾਫ ਕਰਕੇ ਵਰਤੋਂ ਵਿੱਚ ਲਿਆਉਣ ਬਾਰੇ ਇੱਕ ਉਚੇਚੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਹਾਜ਼ਰ ਰਾਜ ਸਭਾ ਦੇ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦਾਅਵਾ ਕੀਤਾ ਕਿ ਲੋਕਾਂ ਦੀ ਭਾਗੀਦਾਰੀ ਤੋਂ ਬਿਨ੍ਹਾਂ ਦੇਸ਼ ਦੀ ਕੋਈ ਵੀ ਨਦੀਂ ਸਾਫ ਨਹੀਂ ਹੋ ਸਕਦੀ। ਉਨ੍ਹਾਂ ਪਵਿੱਤਰ ਵੇਈਂ ਬਾਰੇ 7 ਮਿੰਟ ਦੀ ਇੱਕ ਵੀਡੀਓ ਦੇਖਾਉਂਦਿਆ ਕਿਹਾ ਕਿ ਜਦੋਂ ਤੱਕ ਨਦੀਆਂ ਦੀ ਸਫਾਈ ਕਰਨ ਲਈ ਲੋਕ ਲਹਿਰ ਨਹੀਂ ਉਸਾਰੀ ਜਾਂਦੀ ਉਦੋਂ ਤੱਕ ਕੋਈ ਨਦੀ ਵੀ ਪ੍ਰਦੂਸ਼ਣ ਮੁਕਤ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਗੰਗਾ ਦੀ ਸਫਾਈ ਲਈ 20 ਹਜ਼ਾਰ ਕਰੋੜ ਦਾ ਬੱਜਟ ਰੱਖਿਆ ਗਿਆ ਸੀ। ਏਨੀ ਮੋਟੀ ਰਕਮ ਖਰਚ ਕਰਕੇ ਵੀ ਦੇਸ਼ ਦੀ ਕੌਮੀ ਨਦੀਂ ਗੰਗਾ ਪ੍ਰਦੂਸ਼ਣ ਮੁਕਤ ਨਹੀਂ ਹੋ ਸਕੀ। ਪੰਜ ਸੂਬਿਆਂ ਦੀਆਂ 1657 ਪਿੰਡਾਂ ਦੀਆਂ ਪੰਚਾਇਤਾਂ ਨੇ



ਸੀਚੇਵਾਲ ਮਾਡਲ ਦਾ ਅਧਿਐਨ ਕਰਕੇ ਗੰਗਾ ਨੂੰ ਪ੍ਰਦੂਸ਼ਣ ਮੁਕਤ ਕਰਨ ਦਾ ਪਾਠ ਪੜ੍ਹਿਆ ਸੀ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਸਾਬਕਾ ਕੇਂਦਰੀ ਮੰਤਰੀ ਕੁਮਾਰੀ ਉਮਾ ਭਾਰਤੀ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਦੇਸ਼ ਦੇ ਰਾਸ਼ਟਰਪਤੀ ਹੁੰਦਿਆ ਹੋਇਆ ਡਾ: ਏ ਪੀ ਜੇ ਅਬਦੁਲ ਕਲਾਮ ਨੇ ਗੰਦੇ ਪਾਣੀਆਂ ਨੂੰ ਸੋਧੇ ਜਾਣ ਦੇ ਪ੍ਰੋਜੈਕਟ ਨੂੰ ਜਾਣਨ ਲਈ ਦਿਲਚਸਪੀ ਦਿਖਾਈ।ਕੇਂਦਰੀ ਮੰਤਰੀ ਸੀਆਰ ਪਾਟਿਲ ਨੇ ਕਿਹਾ ਕਿ ਸਿੰਗਾਪੁਰ ਤੋਂ ਬਾਅਦ ਦੁਨੀਆਂ ਵਿੱਚ ਸੂਰਤ ਸ਼ਹਿਰ ਹੈ ਜਿਹੜਾ ਆਪਣੇ ਸੀਵਰੇਜ ਦੇ ਦੂਸ਼ਿਤ ਪਾਣੀ ਨੂੰ 100 ਫੀਸਦੀ ਟਰੀਟ ਕਰਦਾ ਹੈ। ਕੇਂਦਰੀ ਮੰਤਰੀ ਪਾਟਿਲ ਵੱਲੋਂ ਆਏ ਸਾਰੇ ਮੈਂਬਰ ਸਾਹਿਬਾਨਾਂ ਦਾ ਸਨਮਾਨ ਕੀਤਾ ਗਿਆ।

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਗੱਲਬਾਤ ਦੌਰਾਨ ਦੱਸਿਆ ਕਿ ਇੱਕ ਵਾਰ ਵਰਤੇ ਗਏ ਪਾਣੀ ਨੂੰ ਮੁੜ ਵਰਤੋਂ ਵਿੱਚ ਲਿਆਉਣ ਦਾ ਸਫ਼ਲ ਤਜ਼ਰਬਾ ਉਨ੍ਹਾਂ ਨੇ 1999 ਵਿੱਚ ਹੀ ਕਰ ਲਿਆ ਸੀ। ਉਨ੍ਹਾਂ ਦੱਸਿਆ ਕਿ 26 ਸਾਲ ਪਹਿਲਾਂ ਕੀਤੇ ਗਏ ਸਫ਼ਲ ਤਜ਼ਰਬੇ ਨੂੰ ਸੰਜੀਦਗੀ ਨਾਲ ਅਪਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜਿੱਥੇ ਭਵਿੱਖ ਵਿੱਚ ਪਾਣੀ ਦੇ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ, ਉਥੇ ਜਲਵਾਯੂ ਤਬਦੀਲੀ ਨਾਲ ਮੌਸਮ ਦੇ ਬਦਲ ਰਹੇ ਮਿਜ਼ਾਜ਼ ਦੀ ਵੱਡੀ ਚਣੌਤੀ ਸਾਡੇ ਸਾਹਮਣੇ ਖੜੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਆਏ ਹੜ੍ਹਾਂ ਨੂੰ ਜਲਵਾਯੂ ਤਬਦੀਲੀ ਦੇ ਅਸਰ ਹੇਠ ਆਉਣ ਦੇ ਪੱਖ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ।

# ਸਪੈਸ਼ਲ ਐਜੂਕੇਟਰਾਂ ਵੱਲੋਂ ਰੈਲੀ 14 ਨੂੰ

**ਜਲੰਧਰ ( ਰਾਜੇਸ਼ ਥਾਪਾ)** ਸਰਵ ਸਿੱਖਿਆ ਅਭਿਆਨ (ਸਮੱਗਰਾ) ਅਧੀਨ ਕੰਮ ਕਰਦੇ ਇੰਨਕਲੂਸਿਵ ਐਜੂਕੇਸ਼ਨ ਰਿਸੋਰਸ ਟੀਚਰ ਜਿਲ੍ਹਾ ਸਪੈਸ਼ਲ ਐਜੂਕੇਟਰ ਅਤੇ ਜਿਲ੍ਹਾ ਸਪੈਸ਼ਲ ਐਜੂਕੇਸ਼ਨ ਟੀਚਰਜ਼



ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਦੇ ਆਰਡਰ ਲੈਣ ਲਈ ਸਾਲਾਂ ਤੋਂ ਇੰਤਜ਼ਾਰ ਕਰ ਰਹੇ ਹਨ। 356 ਇੰਨਕਲੂਸਿਵ ਐਜੂਕੇਸ਼ਨ ਰਿਸੋਰਸ ਟੀਚਰ 14 ਜਿਲ੍ਹਾ ਸਪੈਸ਼ਲ ਐਜੂਕੇਟਰ ਅਤੇ 13 ਜਿਲ੍ਹਾ ਸਪੈਸ਼ਲ ਐਜੂਕੇਸ਼ਨ ਟੀਚਰ, ਸਟੇਟ ਸਪੈਸ਼ਲ ਐਜੂਕੇਸ਼ਨ ਸਾਲ 2005 ਤੋਂ ਸਰਵ ਸਿੱਖਿਆ ਅਭਿਆਨ ਅਥਾਰਟੀ ਅਤੇ ਰਮਸਅ (ਸਮੱਗਰ), ਪੰਜਾਬ ਅਧੀਨ ਪਾਰਦਰਸ਼ੀ ਤਰੀਕੇ ਨਾਲ ਭਰਤੀ ਹੋ ਕੇ ਸਿੱਖਿਆ ਵਿਭਾਗ ਪੰਜਾਬ ਵਿੱਚ ਦਿਵਿਆਂਗ ਬੱਚਿਆਂ ਨੂੰ (ਲੱਗਭਗ 20 ਸਾਲਾ) ਪੜ੍ਹਾਉਣ ਦਾ ਕੰਮ ਕਰ ਰਹੇ ਹਨ। ਸਰਵ ਸਿੱਖਿਆ ਅਭਿਆਨ/ਰਮਸਅ ਅਧੀਨ 2008 ਵਿੱਚ ਨਿਯੁਕਤ ਹੋਏ ਆਮ ਅਧਿਆਪਕ (8886) ਅਤੇ ਉਰਦੂ ਭਾਸ਼ਾ ਦੇ ਅਧਿਆਪਕਾਂ ਨੂੰ ਸਾਲ 2018 ਵਿੱਚ ਵਿਦਿਅਕ ਯੋਗਤਾ, ਉਮਰ ਆਦਿ ਦੀ ਛੋਟ ਦਿੰਦੇ ਹੋਏ ਬਿਨਾਂ ਸਰਤਾ ਤੇ ਸਿੱਖਿਆ ਵਿਭਾਗ ਵਿੱਚ ਰੈਗੂਲਰ ਕੀਤੇ ਹਨ। ਸਰਵ ਸਿੱਖਿਆ ਅਭਿਆਨ/ਰਮਸਅ ਅਧੀਨ 2008 ਵਿੱਚ ਨਿਯੁਕਤ ਹੋਏ ਨੋਨ ਟੀਚਿੰਗ ਸਟਾਫ ਨੂੰ ਬਿਨਾਂ ਸ਼ਰਤਾਂ ਤੇ 2025 ਵਿੱਚ ਰੈਗੂਲਰ ਕੀਤਾ ਗਿਆ। ਪੰਜਾਬ ਵਿੱਚ ਨਿਯੁਕਤ ਵੋਕੇਸ਼ਨਲ ਅਧਿਆਪਕ, ਪੀਟੀ ਅਧਿਆਪਕ, ਮਿਊਜਿਕ ਟੀਚਰ ਉੱਤ ਪੀ ਟੀ ਈ ਟੀ ਟੈਸਟ ਨਹੀਂ ਲਿਆ ਜਾਂਦਾ। ਕਿਉਂਕਿ ਵਿਸ਼ੇਸ਼ ਕਾਡਰ ਹੋਣ ਕਰਕੇ। ਸਿੱਖਿਆ ਵਿਭਾਗ ਵੱਲੋਂ ਇਨਾ ਕਰਮਚਾਰੀਆਂ ਦੀ ਵਿਦਿਅਕ ਯੋਗਤਾ ਦੀ 6ਜੂਨ 2025 ਨੂੰ ਭਰਤੀ ਬੋਰਡ ਵੱਲੋਂ ਵੇਰੀਫਿਕੇਸ਼ਨ ਕੀਤੀ ਜਾ ਚੁੱਕੀ ਹੈ ਪਰੰਤੂ ਪੰਜਾਬ ਵਿੱਚ 2005 ਤੋਂ ਕੰਮ ਕਰ ਰਹੇ 375 ਵਿਸ਼ੇਸ਼ ਅਧਿਆਪਕ ਨੂੰ 8886 ਅਧਿਆਪਕ ਅਤੇ ਉਰਦੂ ਭਾਸ਼ਾ ਦੇ ਅਧਿਆਪਕਾਂ ਨੂੰ 2018 ਵਿੱਚ ਜਦੋਂ ਰੈਗੂਲਰ ਕੀਤਾ ਗਿਆ ਸੀ ਉਸ ਸਮੇ ਉਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ ਜੋ ਅੱਜ ਵੀ ਰੈਗੂਲਰ ਆਰਡਰ ਦੇ ਇੰਤਜ਼ਾਰ ਦੇ ਵਿੱਚ ਹਨ ਪੰਜਾਬ ਸਰਕਾਰ ਦੀ ਇਹਨਾਂ ਅਧਿਆਪਕਾਂ ਦੇ ਪਤੀ ਬੇਰੁਖੀ ਦੇ ਕਾਰਨ ਜਿਲ੍ਹਾ ਤਰਨ ਤਾਰਨ ਵਿਖੇ ਮਿਤੀ 14 ਅਕਤੂਬਰ ਨੂੰ ਸਮੂਹ ਪੰਜਾਬ ਦੇ ਸਪੈਸ਼ਲ ਐਜੂਕੇਟਰਾ ਵੱਲੋਂ ਰੈਲੀ ਕੀਤੀ ਜਾਏਗੀ।

## ਗੁਰੂ ਰਾਮਦਾਸ ਜੀ ਦਾ ਗੁਰਪੁਰਬ ਸ਼ਰਧਾ ਨਾਲ ਮਨਾਇਆ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਵੇਕਾਨੰਦ ਵਰਲਡ ਸਕੂਲ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਪੂਰੀ ਸ਼ਰਧਾ ਨਾਲ ਮਨਾਇਆ ਗਿਆ। ਸਕੂਲ ਦੇ ਡਾਇਰੈਕਟਰ ਡਾ. ਐੱਸਐੱਨ ਰੁਦਰਾ ਨੇ ਦੱਸਿਆ ਕਿ ਵਿਵੇਕਾਨੰਦ ਵਰਲਡ ਸਕੂਲ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਖਾਸ ਮੋਰਨਿੰਗ ਅਸੈਂਬਲੀ ਰਾਹੀਂ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸਮਾਰੋਹ ਦੌਰਾਨ ਵਿਦਿਆਰਥੀਆਂ ਨੇ ਸ਼ਬਦ ਕੀਰਤਨ ਵਿਚ ਭਾਗ ਲੈਂਦਿਆਂ ਆਤਮਿਕ ਸ਼ਾਂਤੀ ਮਹਿਸੂਸ ਕੀਤੀ। ਇਸ ਤੋਂ ਬਾਅਦ 11ਵੀਂ ਜਮਾਤ ਹਿਊਮੈਨਿਟੀਜ਼ ਦੀ ਵਿਦਿਆਰਥਣ ਗੁਰਜੋਤ ਵੱਲੋਂ ਕਥਾ ਤੇ ਸਾਖੀ ਸੁਣਾਈ ਗਈ, ਜਿਸ ਨੇ ਸਭ ਦਾ ਮਨ ਮੋਹ ਲਿਆ। ਆਨੰਦ ਸਾਹਿਬ ਦੇ ਪਾਠ ਤੇ ਸਾਂਝੀ ਅਰਦਾਸ ਨਾਲ ਪੂਰੇ ਸਕੂਲ ਵਿਚ ਧਾਰਮਿਕ ਮਾਹੌਲ ਬਣ ਗਿਆ। ਇਸ ਸਮਾਗਮ ਰਾਹੀਂ ਵਿਦਿਆਰਥੀਆਂ ਨੇ ਨਾ ਸਿਰਫ਼ ਗੁਰੂ ਰਾਮਦਾਸ ਜੀ ਦੇ ਜੀਵਨ ਅਤੇ ਉਪਦੇਸ਼ਾਂ ਨੂੰ ਯਾਦ ਕੀਤਾ ਬਲਕਿ ਨਿਮਰਤਾ, ਨਿਸ਼ਕਾਮ ਸੇਵਾ ਅਤੇ ਭਗਤੀ ਦਾ ਸੰਦੇਸ਼ ਵੀ ਅਪਣਾਇਆ। ਇਸ ਮੌਕੇ ਡਾ. ਰੁਦਰਾ ਨੇ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਨੂੰ ਆਪਣੀ ਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੋੜਨ ਵਿਚ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਗੁਰੂ ਰਾਮਦਾਸ ਜੀ ਦੇ ਉਪਦੇਸ਼ ਸਭ ਨੂੰ ਦਇਆ, ਨਿਮਰਤਾ ਅਤੇ ਮਨੁੱਖਤਾ ਦੀ ਸੇਵਾ ਭਰਪੂਰ ਜੀਵਨ ਜਿਉਣ ਲਈ ਪ੍ਰੇਰਿਤ ਕਰਦੇ ਹਨ।

## ਕਿਸਾਨ ਪਰਾਲੀ ਸਾੜਨ ਦੀ ਬਜਾਏ ਯੋਗ ਪ੍ਰਬੰਧਨ ਕਰਨ : ਏ ਡੀ ਓ



**ਬੁਢਲਾਡਾ (ਅਸ਼ੋਕ ਲਾਕੜਾ)**-ਡਿਪਟੀ ਕਮਿਸ਼ਨਰ ਮਾਨਸਾ ਸ੍ਰੀਮਤੀ ਨਵਜੋਤ ਕੌਰ ਦੀਆਂ ਹਦਾਇਤਾਂ ਤੇ ਮੁੱਖ ਖੇਤੀਬਾੜੀ ਅਫ਼ਸਰ ਮਾਨਸਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਲਾਕ ਬੁਢਲਾਡਾ ਦੇ ਪਿੰਡਾਂ ਵਿੱਚ ਖੇਤੀਬਾੜੀ ਵਿਕਾਸ ਅਫ਼ਸਰ ਡਾ. ਗੁਰਚਰਨ ਸਿੰਘ ਵੱਲੋਂ ਸਰਪੰਚਾਂ ਤੇ ਮੈਂਬਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਨੂੰ ਜਿੱਥੇ ਕਿਸਾਨਾਂ ਨੂੰ ਪਰਾਲੀ ਦਾ ਯੋਗ ਪ੍ਰਬੰਧਨ ਕਰਨ ਤੇ ਫਸਲਾਂ ਦੀ ਰਹਿੰਦ-ਖੂਹੰਦ ਨੂੰ ਅੱਗ ਨਾ ਲਗਾਉਣ ਸਬੰਧੀ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ, ਉਥੇ ਹੀ ਮਸ਼ੀਨਰੀ ਦੀਆਂ ਲਿਸਟਾਂ ਵੀ ਮੁਹੱਈਆ ਕਰਵਾਈਆਂ ਗਈਆਂ।ਉਨ੍ਹਾਂ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਵਿਚਾਰ-ਵਟਾਂਦਰਾ ਕਰਕੇ ਸਰਕਾਰ ਦੀਆਂ ਹਦਾਇਤਾਂ ਤੋਂ ਜਾਣੂ ਕਰਵਾਇਆ ਗਿਆ।ਇਸ ਮੌਕੇ ਪੁਲਸ ਵਿਭਾਗ ਤੋਂ ਅਮਿਤ ਸਿਹਾਗ ਤੇ ਕਲਸਟਰ ਅਫਸਰ ਹਿੰਮਾਸ਼ੂ ਤੇ ਪਟਵਾਰੀ ਸੋਨੀਆ ਰਾਣੀ ਤੇ ਨੋਡਲ ਅਫ਼ਸਰ ਮੌਜੂਦ ਸਨ।

## ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ਼ੋਭਾ ਯਾਤਰਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਭਗਵਾਨ ਵਾਲਮੀਕਿ ਜੀ ਦੇ ਪਾਵਨ ਪ੍ਰਕਾਸ਼ ਪੁਰਬ ਮੌਕੇ ਹਲਕਾ ਸ਼ੁਤਰਾਣਾ ਦੇ ਸ਼ਹਿਰ ਪਾਤੜਾਂ ਵਿਖੇ ਵਿਸ਼ਾਲ ਸ਼ੋਭਾ ਕੱਢੀ ਗਈ।ਇਸ ਮੌਕੇ ਵਾਲਮੀਕਿ ਸਮਾਜ ਦੇ ਨੁਮਾਇੰਦਿਆਂ ਵੱਲੋਂ ਹਲਕਾ ਸ਼ੁਤਰਾਣਾ ਦੇ ਸਰਗਰਮ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਦਾ ਸਨਮਾਨ ਕੀਤਾ ਗਿਆ।ਇਸ ਦੌਰਾਨ ਡਾ. ਮੱਟੂ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਸੰਸਕ੍ਰਿਤ ਭਾਸ਼ਾ ਦੇ ਪਹਿਲੇ ਆਦਿ ਕਵੀ ਮੰਨੇ ਜਾਂਦੇ ਹਨ, ਜਿਸ ਸਮੇਂ ਆਮ ਲੋਕਾਂ ਨੂੰ ਪੜ੍ਹਨ ਲਿਖਣ ਤੋਂ ਦੂਰ ਰੱਖਿਆ ਜਾਂਦਾ ਸੀ, ਉਸ ਸਮੇਂ ਮਹਾਂਰਿਸ਼ੀ ਵਾਲਮੀਕਿ ਨੇ ਕਲਮ ਦੀ ਲੋਅ ਨਾਲ ਰਾਮਾਇਣ ਦੀ ਰਚਨਾ ਸੰਸਕ੍ਰਿਤ ਭਾਸ਼ਾ ਵਿੱਚ ਕਰਕੇ ਸੰਸਕ੍ਰਿਤ ਨੂੰ ਆਮ ਲੋਕਾਈ ਤੱਕ ਪਹੁੰਚਾਇਆ।ਉਨ੍ਹਾਂ ਕਿਹਾ ਕਿ ਅੱਜ ਸਾਨੂੰ ਭਗਵਾਨ ਵਾਲਮੀਕਿ ਦੇ ਹੱਥ ਵਿੱਚ ਫੜੀ ਕਲਮ ਤੋਂ ਸਿੱਖਿਆ ਲੈ ਕੇ ਆਪਣੇ ਬੱਚਿਆਂ ਨੂੰ ਉੱਚ ਸਿੱਖਿਆ ਦਿਵਾਉਣ ਲਈ ਯਤਨ ਕਰਨੇ ਚਾਹੀਦੇ ਹਨ।ਇਸ ਮੌਕੇ ਹਾਜ਼ਰ ਸ਼ਖਸੀਅਤਾਂ ਵਿੱਚ ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਰਣਵੀਰ ਸਿੰਘ, ਐੱਮ ਸੀ ਵੀਰ ਰਿੰਕੂ ਦਾਨਵ, ਬੰਟੀ ਦਸ਼ਾਨੰਦ, ਲੱਕੀ ਆਸਕਰ, ਮਦਨਪਾਲ ਖਟਕੜ, ਬਲਵਾਨ ਚੌਹਾਨ, ਕ੍ਰਿਸ਼ਨ ਐੱਮ ਸੀ, ਜੌਨੀ ਲੋਕੇਸ਼, ਵਿਜੇ ਕੁਮਾਰ ਭੋਲਾ ਸਾਬਕਾ ਐੱਮ ਸੀ, ਮਾਸਟਰ ਸੰਨੀ ਰਾਣਾ, ਸਤਨਾਮ ਬਰਾਸ, ਹਰਮਨ ਘੱਗਾ ਆਦਿ ਹਾਜ਼ਰ ਸਨ।

## 'ਆਪ' ਵੱਲੋਂ ਸੰਦੀਪ ਸ਼ਰਮਾ ਸੋਸ਼ਲ ਮੀਡੀਆ ਦੇ ਇੰਚਾਰਜ ਤੇ ਸੁਰਜੀਤ ਸਿੰਘ ਉਪ ਕੋਆਡੀਨੇਟਰ ਨਿਯੁਕਤ



**ਸਮਾਣਾ (ਇਕਬਾਲ ਸਿੰਘ ਬੱਲ)**-ਆਮ ਆਦਮੀ ਪਾਰਟੀ ਵੱਲੋਂ ਆਪਣੇ ਵਰਕਰਾਂ ਨੂੰ ਵੱਖ ਵੱਖ ਅਹੁਦਿਆਂ 'ਤੇ ਨਵਾਜਿਆ ਜਾ ਰਿਹਾ ਹੈ ਤਾਂ ਜੋ ਉਹ ਪਾਰਟੀ ਲਈ ਹੋਰ ਵਧੇਰੇ ਕੰਮ ਕਰ ਸਕਣ। ਇਸੇ ਕੜੀ ਤਹਿਤ ਸਮਾਣਾ ਦੇ ਨੌਜਵਾਨ ਆਗੂ ਸੰਦੀਪ ਸ਼ਰਮਾ ਨੂੰ ਆਮ ਆਦਮੀ ਪਾਰਟੀ ਹਲਕਾ ਸਮਾਣਾ ਦਾ ਸੋਸ਼ਲ ਮੀਡੀਆ ਇੰਚਾਰਜ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ ਸੁਰਜੀਤ ਸਿੰਘ ਦਹੀਆ ਨੂੰ ਆਮ ਆਦਮੀ ਪਾਰਟੀ ਹਲਕਾ ਸਮਾਣਾ ਦਾ ਸੋਸ਼ਲ ਮੀਡੀਆ ਦਾ ਉੱਪ ਕੋਆਡੀਨੇਟਰ ਨਿਯੁਕਤ ਕੀਤਾ ਗਿਆ ਹੈ। ਨੌਜਵਾਨ ਆਗੂ ਸੰਦੀਪ ਸ਼ਰਮਾ ਤੇ ਸੁਰਜੀਤ ਸਿੰਘ ਦਹੀਆ ਨੇ ਸਥਾਨਕ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਲਗਾਤਾਰ ਆਮ ਆਦਮੀ ਪਾਰਟੀ ਲਈ ਕੰਮ ਕਰਦੇ ਆ ਰਹੇ ਹਨ। ਉਨ੍ਹਾਂ ਵੱਲੋਂ ਆਮ ਆਦਮੀ ਪਾਰਟੀ ਪ੍ਰਤੀ ਕੀਤੇ ਗਏ ਕੰਮਾਂ ਨੂੰ ਵੇਖਦਿਆਂ ਉਨ੍ਹਾਂ ਨੂੰ ਇਨ੍ਹਾਂ ਅਹੁਦਿਆਂ 'ਤੇ ਨਿਵਾਜਿਆ ਗਿਆ ਹੈ। ਇਸ ਲਈ ਉਹ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ ਅਤੇ ਮਿਲੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

## ਏਵੀਅਰ ਸਕੂਲ ਦੇ ਵਿਦਿਆਰਥੀਆਂ ਸਾਇੰਸ ਪ੍ਰਦਰਸ਼ਨੀ ਮੁਕਾਬਲੇ 'ਚ ਮਾਰੀਆਂ ਮੱਲਾਂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਸੀ.ਆਈ.ਐਸ.ਸੀ.ਈ ਵੱਲੋਂ ਲਾਰੈਂਸ ਗਲੋਬਲ ਸਕੂਲ ਸਰਹਿੰਦ ਵਿਖੇ ਅੰਤਰ ਸਕੂਲ ਸਾਇੰਸ ਪ੍ਰਦਰਸ਼ਨੀ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਏਵੀਅਰ ਕਾਨਵੈਂਟ ਸਕੂਲ ਮਾਛੀਵਾੜਾ ਸਾਹਿਬ ਨੇ ਵੀ ਹਿੱਸਾ ਲਿਆ। ਇਹ ਪ੍ਰੋਗਰਾਮ ਦੋ ਵਰਗਾਂ 'ਚ ਵੰਡਿਆ ਹੋਇਆ ਸੀ, ਜਿਸ ਵਿੱਚ ਪਹਿਲੀ ਕੈਟੇਗਰੀ 'ਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੀ ਪੇਸ਼ਕਾਰੀ ਸੀ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਖੁਬਮੰਨਤ ਕੌਰ, ਪਰਾਂਸ਼ੂ ਅਗਰਵਾਲ, ਹਨੀਤ ਕੌਰ ਤੇ ਨਵਜੋਤ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਦੂਸਰੀ ਕੈਟਾਗਿਰੀ 'ਚ ਦਸਵੀਂ ਤੋਂ ਬਾਰਵੀਂ ਦੇ ਵਿਦਿਆਰਥੀਆਂ ਦੀ ਪੇਸ਼ਕਾਰੀ ਵਿੱਚ ਸਕੂਲ ਦੇ ਵਿਦਿਆਰਥੀਆਂ ਸਾਹਿਲ ਵਰਮਾ, ਅਗੀਧਿਮਾ ਰਾਣਾ, ਪਰਮੀਤ ਕੌਰ ਤੇ ਤਮੰਨਪ੍ਰੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਪ੍ਰਿੰਸੀਪਲ ਗੁਰਿੰਦਰ ਪਾਲ ਸਿੰਘ ਨੇ ਵਿਦਿਆਰਥੀਆਂ ਦੀਆਂ ਇਨ੍ਹਾਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸਕੂਲ ਦੇ ਪ੍ਰਧਾਨ ਤੇਜਿੰਦਰ ਪਾਲ ਸਿੰਘ, ਵਾਈਸ ਪ੍ਰਧਾਲ ਹਰਿੰਦਰ ਪਾਲ ਸਿੰਘ, ਸੈਕਰੇਟਰੀ ਸਿਮਰਨਪ੍ਰੀਤ ਕੌਰ ਨੇ ਬੱਚਿਆਂ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਲਈ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ। ਇਸ ਦੇ ਨਾਲ ਹੀ ਸਕੂਲ ਸਟਾਫ਼ ਜਸਕਰਨ ਸਿੰਘ (ਚੀਫ਼ ਐਡਮਿਨ ਅਫਸਰ), ਮਹਿਕਦੀਪ ਕੌਰ ਵੱਲੋਂ ਕਰਵਾਈ ਗਈ ਸਖ਼ਤ ਮਿਹਨਤ ਤੇ ਅਗਵਾਈ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਕੋਆਰਡੀਨੇਟਰ ਮਨਦੀਪ ਕੌਰ ਸੇਖੋਂ ਹਾਜ਼ਰ ਸਨ।

## ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਨੂੰ ਸਮਰਪਤ ਸ਼ੋਭਾ ਯਾਤਰਾ



**ਧੂਰੀ (ਮਨੋਹਰ ਸਿੰਘ ਸੱਗੂ)**-ਭਗਵਾਨ ਵਾਲਮੀਕਿ ਸੋਸ਼ਲ ਵੈੱਲਫ਼ੇਅਰ ਟਰੱਸਟ (ਰਜਿ:) ਵੱਲੋਂ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਨੂੰ ਸਮਰਪਤ ਸ਼ਹਿਰ 'ਚ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ।ਇਸ ਮੌਕੇ ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਦੇ ਪ੍ਰਧਾਨ ਵਿੱਕੀ ਪਰੋਚਾ ਨੇ ਮੁੱਖ ਮਹਿਮਾਨ ਵੱਜੋਂ ਅਤੇ ਸਮਾਜ ਸੇਵੀ ਤੇ ਆਦਿ ਸਮਾਜ ਦੇ ਆਗੂ ਰਾਜਿੰਦਰ ਲੱਧੜ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ੋਭਾ ਯਾਤਰਾ ਵਿੱਚ ਸ਼ਿਰਕਤ ਕੀਤੀ।ਸ਼ੋਭਾ ਯਾਤਰਾ ਸਥਾਨਕ ਕੱਕੜਵਾਲ ਚੌਂਕ 'ਚ ਸਥਿਤ ਭਗਵਾਨ ਵਾਲਮੀਕਿ ਮੰਦਰ ਤੋਂ ਚੱਲ ਕੇ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚੋਂ ਹੁੰਦੀ ਹੋਈ ਵਾਪਸ ਮੰਦਰ ਪੁੱਜ ਕੇ ਸਮਾਪਤ ਹੋਈ।ਰਸਤੇ ਵਿੱਚ ਸ਼ੋਭਾ ਯਾਤਰਾ ਦਾ ਜਿੱਥੇ ਵੱਖ ਵੱਖ ਥਾਂ ਨਿੱਘਾ ਸਵਾਗਤ ਕੀਤਾ ਗਿਆ, ਉਥੇ ਆਰੀਆ ਸਮਾਜ ਧੂਰੀ ਵੱਲੋਂ ਵਿਸ਼ੇਸ ਤੌਰ 'ਤੇ ਸ਼ੋਭਾ ਯਾਤਰਾ ਦਾ ਸਵਾਗਤ ਕਰਦਿਆਂ ਲੱਡੂ ਵੰਡੇ ਗਏ।ਹੋਰਨਾਂ 'ਚ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਲੈਫ. ਦਰਸ਼ਨ ਸਿੰਘ, ਤਰਸੇਮ ਰਿੰਕੂ, ਪ੍ਰਧਾਨ ਗੌਰਵ ਗਾਗਟ, ਆਰੀਆ ਸਮਾਜ ਦੇ ਪ੍ਰਧਾਨ ਵਰਿੰਦਰ ਆਰੀਆ ਤੇ ਕਾਰਜਕਾਰੀ ਪ੍ਰਧਾਨ ਪਵਨ ਕੁਮਾਰ, ਆਰੀਆ ਕਾਲਜ ਦੇ ਪ੍ਰਧਾਨ ਦੀਵਾਨ ਚੰਦ ਬਾਂਸਲ, ਜਨਰਲ ਸਕੱਤਰ ਰਾਮ ਪਾਲ ਆਰੀਆ, ਸਤੀਸ਼ ਪਾਲ ਆਰੀਆ, ਸੋਨੀ ਬਾਂਗਰੂ ਆਦਿ ਨੇ ਵੀ ਸ਼ੋਭਾ ਯਾਤਰਾ ਵਿੱਚ ਸ਼ਿਰਕਤ ਕੀਤੀ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਡੀ ਸੀ ਦਫ਼ਤਰ ਮੂਹਰੇ ਰੋਸ ਧਰਨਾ

■ ਕੇਂਦਰ ਤੇ ਪੰਜਾਬ ਸਰਕਾਰ ਨੂੰ ਡੀ ਸੀ ਰਾਹੀਂ ਭੇਜਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਮਾਨਸਾ ਵੱਲੋਂ ਡੀ ਸੀ ਦਫ਼ਤਰ ਮਾਨਸਾ ਮੂਹਰੇ ਮੋਰਚੇ 'ਚ ਸ਼ਾਮਲ ਧਿਰਾਂ ਵੱਲੋਂ ਵੱਡੀ ਗਿਣਤੀ ਵਿੱਚ ਵਹੀਰਾਂ ਘੱਤ ਕੇ ਅਕਾਸ਼ ਗੁੰਜਾਊ ਨਾਹਰਿਆਂ ਨਾਲ ਰੋਸ ਧਰਨਾ ਦਿੱਤਾ ਗਿਆ।ਧਰਨੇ ਵਿੱਚ ਸ਼ਾਮਲ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਡਿਪਟੀ ਕਮਿਸ਼ਨਰ ਮਾਨਸਾ ਰਾਹੀਂ ਇੱਕ ਮੰਗ ਪੱਤਰ ਵੀ ਭੇਜਿਆ ਗਿਆ।ਧਰਨੇ ਵਿੱਚ ਸ਼ਾਮਲ ਵੱਖ ਵੱਖ ਬੁਲਾਰਿਆਂ ਵੱਲੋਂ ਪੰਜਾਬ ਵਿੱਚ ਹੋਏ ਮੀਂਹ ਤੇ ਹੜ੍ਹਾਂ ਕਾਰਨ ਹੋਏ ਭਾਰੀ ਨੁਕਸਾਨ ਤੇ ਲੱਗਭਗ 59 ਮਨੁੱਖੀ ਜਾਨਾਂ ਚਲੀਆਂ ਗਈਆਂ ਅਤੇ ਪਸ਼ੂ ਧਨ, ਘਰ ਤੇ ਫ਼ਸਲਾਂ ਤਬਾਹ ਵੀ ਹੋਈਆਂ ਅਤੇ ਖੇਤਾਂ ਵਿੱਚ ਵੱਡੀ ਪੱਧਰ 'ਤੇ ਗਾਰ ਭਰ ਗਈ ਹੈ।ਕੁਦਰਤ ਵਿਰੋਧੀ ਵਿਕਾਸ ਮਾਡਲ ਕਾਰਨ ਕੁਦਰਤ ਨਾਲ ਹੋ ਰਹੀ ਛੇੜਛਾੜ ਕਾਰਨ ਬੱਦਲ ਫਟਣ ਤੇ ਹੜ੍ਹਾਂ ਦਾ ਵਰਤਾਰਾ ਭਵਿੱਖ 'ਚ ਵੱਡੀ ਚੁਣੌਤੀ ਵਜੋਂ ਦਰਪੇਸ਼ ਹੋ ਸਕਦਾ ਹੈ।ਭਾਵੇਂ ਕਿਸਾਨ ਜਥੇਬੰਦੀਆਂ, ਸਮਾਜਿਕ ਸੰਸਥਾਵਾਂ ਨੇ ਹੜ੍ਹ ਪੀੜਤਾਂ ਦੀ ਬਾਂਹ ਫੜਨ ਦੀ ਕੋਸ਼ਿਸ਼ ਕੀਤੀ ਹੈ, ਪ੍ਰੰਤੂ ਹੜ੍ਹਾਂ ਦੀ ਰੋਕਥਾਮ, ਮੁੜ ਵਸੇਬੇ ਤੇ ਮੁਆਵਜ਼ੇ ਦੇ ਪ੍ਰਬੰਧ ਕਰਨਾ ਸਰਕਾਰ ਦੀ ਹੀ ਜ਼ਿੰਮੇਵਾਰੀ ਬਣਦੀ ਹੈ।ਇਸ ਸਮੇਂ ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ, ਕੁੱਲ ਹਿੰਦ ਕਿਸਾਨ ਸਭਾ ਦੇ ਹਰਦੇਵ ਸਿੰਘ ਅਰਸ਼ੀ, ਬੀਕੇਯੂ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ, ਬੀਕੇਯੂ ਡਕੌਂਦਾ ਧਨੇਰ ਦੇ ਸੂਬਾ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ, ਬੀਕੇਯੂ ਡਕੌਂਦਾ ਬੁਰਜ ਗਿੱਲ ਦੇ ਸ਼ਿੰਦਰਪਾਲ ਕੌਰ, ਬੀਕੇਯੂ ਲੱਖੋਵਾਲ ਦੇ ਸੂਬਾ ਆਗੂ ਪ੍ਰਸ਼ੋਤਮ ਸਿੰਘ ਗਿੱਲ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਭਜਨ ਸਿੰਘ ਘੁੰਮਣ, ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਸੂਬਾ ਆਗੂ ਡਾ. ਧੰਨਾ ਮੱਲ ਗੋਇਲ, ਬੀਕੇਯੂ ਕਾਦੀਆਂ ਦੇ ਹਰਦੇਵ ਸਿੰਘ ਕੋਟ ਧਰਮੂ, ਜਮਹੂਰੀ ਕਿਸਾਨ ਸਭਾ ਦੇ ਲਾਲ ਚੰਦ, ਬੀਕੇਯੂ ਮਾਲਵਾ ਦੇ ਤਰਸੇਮ ਸਿੰਘ ਹੀਰਕੇ ਜਮਹੂਰੀ ਅਧਿਕਾਰ ਸਭਾ ਦੇ ਅਮਰੀਕ ਸਿੰਘ ਫੇਫੜੇ, ਦਸੌਂਧਾ ਸਿੰਘ ਬਹਾਦਰਪੁਰ ਆਦਿ ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਜੇਕਰ ਸਮੇਂ ਸਿਰ ਹੜ੍ਹਾਂ ਤੇ ਮੌਸਮੀ ਬਾਰਸ਼ ਤੋਂ ਬਚਾਅ ਦੇ ਉਚੇਚੇ ਪ੍ਰਬੰਧ ਤੇ ਠੀਕ ਵਿਉਂਤਬੰਦੀ ਕੀਤੀ ਹੁੰਦੀ ਤਾਂ ਇੰਨਾ ਵੱਡਾ ਨੁਕਸਾਨ ਹੋਣੋਂ ਬਚ ਸਕਦਾ ਸੀ। ਉਨ੍ਹਾਂ ਕਿਹਾ ਕਿ ਇਸ ਕੁਤਾਹੀ ਲਈ ਜ਼ਿੰਮੇਵਾਰ ਸਿਆਸੀ ਆਗੂਆਂ ਤੇ ਅਫ਼ਸਰਸ਼ਾਹੀ ਦੀ ਨਿਸ਼ਾਨਦੇਹੀ ਕਰਨ ਲਈ ਸੁਪਰੀਮ ਕੋਰਟ ਦੇ ਸਿਟਿੰਗ ਜੱਜ ਦੀ ਅਗਵਾਈ ਹੇਠ ਜਾਂਚ ਕਰਵਾ ਕੇ ਢੁੱਕਵੀਆਂ ਸਜ਼ਾਵਾਂ ਦਿੱਤੀਆਂ ਜਾਣ।ਪ੍ਰੋਗਰਾਮ ਦੇ ਅਖੀਰ 'ਚ ਅਖ਼ੀਰ ਵਿੱਚ ਐੱਸ ਡੀ ਐੱਮ ਮਾਨਸਾ ਕਾਲਾ ਰਾਮ ਕਾਂਸਲ ਨੂੰ ਕੇਂਦਰ ਤੇ ਪੰਜਾਬ ਸਰਕਾਰ ਨੂੰ ਭੇਜਣ ਲਈ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ।

ਇਸ ਸਮੇਂ ਰਾਮਫਲ ਚੱਕ ਅਲੀਸ਼ੇਰ, ਦਰਸ਼ਨ ਸਿੰਘ ਜਟਾਣਾ, ਰੂਪ ਸਿੰਘ ਢਿੱਲੋਂ, ਜਗਸੀਰ ਸਿੰਘ ਜਵਾਹਰਕੇ, ਅਮਰੀਕ ਸਿੰਘ ਫਫੜੇ, ਭੁਪਿੰਦਰ ਗੁਰਨੇ, ਮੱਖਣ ਸਿੰਘ ਭੈਣੀ ਬਾਘਾ, ਗੁਰਪ੍ਰੀਤ ਸਿੰਘ, ਤਾਰਾ ਚੰਦ ਬਰੇਟਾ, ਮਲਕੀਤ ਸਿੰਘ ਮੰਦਰਾਂ, ਹਰਜਿੰਦਰ ਸਿੰਘ ਮਾਨਸ਼ਾਹੀਆ, ਸ਼ਿੰਗਾਰਾ ਸਿੰਘ, ਆਗੂਆਂ ਨੇ ਵੀ ਸੰਬੋਧਨ ਕੀਤਾ।ਇਸ ਸਮੇਂ ਭਰਾਤਰੀ ਜਥੇਬੰਦੀਆਂ ਦੇ ਆਗੂ ਸੁਖਦਰਸ਼ਨ ਨੱਤ, ਬਲਵਿੰਦਰ ਸਿੰਘ ਘਰਗਣਾਂ, ਜੁਗਰਾਜ ਸਿੰਘ ਨੇ ਵੀ ਹਾਜ਼ਰੀ ਲਗਵਾਈ।

## ਸਾਹਿਤ ਸਭਾ ਕਲਾ ਸੰਗਮ ਨੀਲੋਂ ਦੀ ਪਲੇਠੀ ਮੀਟਿੰਗ ਨੂੰ ਮਿਲਿਆ ਭਰਵਾਂ ਹੁੰਗਾਰਾ



**ਸਮਰਾਲਾ (ਸੁਰਜੀਤ ਸਿੰਘ)**-ਸਾਹਿਤ ਸਭਾ ਕਲਾ ਸੰਗਮ ਨੀਲੋਂ ਨੂੰ ਮੁੜ ਸੁਰਜੀਤ ਕਰਨ ਮਗਰੋਂ ਅੱਜ ਇਲਾਕੇ ਦੇ ਲੇਖਕਾਂ ਦੀ ਪਲੇਠੀ ਮੀਟਿੰਗ ਸੰਤ ਕ੍ਰਿਪਾਲ ਸਿੰਘ ਸੇਵਾ ਪੰਥੀ ਸਕੂਲ ਵਿਚ ਹੋਈ, ਜਿਸ ਵਿਚ ਨਾਮੀ ਲੇਖਕ ਬੁੱਧ ਸਿੰਘ ਨੀਲੋਂ, ਸਰਦਾਰ ਪੰਛੀ, ਗੁਰਦਿਆਲ ਦਲਾਲ, ਗੁਰਸੇਵਕ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ, ਪੱਤਰਕਾਰ ਤੇ ਲੇਖਕ ਬਲਬੀਰ ਸਿੰਘ ਬੱਬੀ, ਲਖਬੀਰ ਸਿੰਘ ਮਾਂਗਟ ਭਮਾਂ ਅਮਰੀਕਾ, ਅਨਿਲ ਫਤਿਹਗੜ੍ਹ ਜੱਟਾਂ, ਬਲਵੰਤ ਮਾਂਗਟ, ਦਲਵੀਰ ਸਿੰਘ ਕਲੇਰ, ਜ਼ੋਰਾਵਰ ਸਿੰਘ ਪੰਛੀ, ਇੰਦਰਜੀਤ ਕੌਰ ਲੋਟੇ ਨੇ ਸ਼ਾਮਲ ਹੋ ਕੇ ਕਲਾ ਸੰਗਮ ਬਾਰੇ ਵਿਸ਼ੇਸ਼ ਵਿਚਾਰ ਚਰਚਾ ਕੀਤੀ।ਹਾਜ਼ਰੀਨ ਵੱਲੋਂ ਸਰਬ ਸੰਮਤੀ ਦੇ ਨਾਲ ਨਵੀਂ ਚੋਣ ਕੀਤੀ ਗਈ, ਜਿਸ ਵਿੱਚ ਅਨਿਲ ਫ਼ਤਹਿਗੜ੍ਹ ਜੱਟਾਂ ਪ੍ਰਧਾਨ, ਜਨਰਲ ਸਕੱਤਰ ਬੁੱਧ ਸਿੰਘ ਨੀਲੋਂ, ਪ੍ਰੈੱਸ ਸਕੱਤਰ ਬਲਬੀਰ ਸਿੰਘ ਬੱਬੀ, ਸੀਨੀਅਰ ਮੀਤ ਪ੍ਰਧਾਨ ਕਰਨੈਲ ਸਿਵੀਆ, ਮੀਤ ਪ੍ਰਧਾਨ ਦੀਪ ਦਿਲਬਰ, ਮੀਤ ਪ੍ਰਧਾਨ ਜੋਰਾਵਰ ਸਿੰਘ ਪੰਛੀ, ਵਿੱਤ ਸਕੱਤਰ ਕਮਲਜੀਤ ਨੀਲੋਂ ਸਹਾਇਕ ਸਕੱਤਰ ਬਲਵੰਤ ਮਾਂਗਟ, ਕਾਰਜਕਰਨੀ ਮੈਂਬਰਾਂ ਦੇ ਵਿੱਚ ਗੁਰਸੇਵਕ ਸਿੰਘ ਢਿੱਲੋਂ ਸ੍ਰੀ ਭੈਣੀ ਸਾਹਿਬ, ਇੰਦਰਜੀਤ ਕੌਰ ਲੋਟੇ, ਪ੍ਰੀਤ ਸਿੰਘ ਸੰਦਲ, ਲਖਵੀਰ ਸਿੰਘ ਮਾਂਗਟ, ਅਮਰਜੀਤ ਸਿੰਘ ਸ਼ੇਰਪੁਰੀ ਆਦਿ ਨੂੰ ਇਸ ਸਭਾ ਦੀ ਨਵੀਂ ਬਾਡੀ ਵਿੱਚ ਸ਼ਾਮਲ ਕੀਤਾ ਗਿਆ।

ਦੂਜੇ ਸੈਸ਼ਨ ਵਿੱਚ ਕਵੀ ਦਰਬਾਰ ਹੋਇਆ, ਜਿਸ ਵਿੱਚ ਪਹੁੰਚੇ ਸਾਹਿਤਕ ਸੱਜਣਾਂ ਨੇ ਆਪੋ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ।ਕਲਾ ਸੰਗਮ ਨੀਲੋ ਪੁਲ ਵੱਲੋਂ ਵਿਸ਼ੇਸ਼ ਤੌਰ ਉੱਤੇ ਸੰਤ ਕ੍ਰਿਪਾਲ ਸਿੰਘ ਸੇਵਾ ਪੰਥੀ ਸਕੂਲ ਦੇ ਮੁੱਖ ਪ੍ਰਬੰਧਕਾਂ ਸਕੂਲ ਇੰਚਾਰਜ ਗੁਰਚਰਨ ਸਿੰਘ ਮਾਂਗਟ, ਪ੍ਰਿੰਸੀਪਲ ਜਸਬੀਰ ਕੌਰ ਮਾਨ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਸਭਾ ਦੀ ਹਰ ਮੀਟਿੰਗ ਲਈ ਸਕੂਲ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

## ਗਾਰਡਨ ਵੈਲੀ ਸਕੂਲ 'ਚ ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਮਾਛੀਵਾੜਾ-ਕੁਹਾੜਾ ਮਾਰਗ 'ਤੇ ਪੈਂਦੇ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਮਾਛੀਵਾੜਾ ਵਿਖੇ ਸ਼੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਸ਼੍ਰੀ ਗੁਰੂ ਰਾਮਦਾਸ ਜੀ ਦੀ ਜੀਵਨੀ ਬਾਰੇ ਜਾਣਕਾਰੀ ਸਾਂਝੀ ਕੀਤੀ ਤੇ ਸ਼ਬਦ ਕੀਰਤਨ, ਕਵਿਤਾ ਉਚਾਰਨ 'ਚ ਉਤਸ਼ਾਹ ਨਾਲ ਭਾਗ ਲਿਆ। ਸਕੂਲ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਵੱਲੋਂ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਜੀਵਨ ਦੇ 'ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਦੇ ਉਪਦੇਸ਼ਾਂ ਸਫ਼ਾਈ, ਨਿਮਰਤਾ, ਸੇਵਾ ਭਾਵਨਾ ਤੇ ਆਪਸੀ ਭਾਈਚਾਰੇ ਜਿਹੇ ਗੁਣਾਂ ਨੂੰ ਅਪਣਾਉਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਬੱਚਿਆਂ ਨੂੰ ਨਾਮ ਸਿਮਰਨ ਦਾ ਸੰਦੇਸ਼ ਦਿੱਤਾ। ਸਮਾਗਮ ਦੀ ਸਮਾਪਤੀ ਮੂਲ ਮੰਤਰ ਤੇ ਗੁਰੂ ਮੰਤਰ ਦੇ ਜਾਪ ਨਾਲ ਕੀਤੀ ਗਈ।

## ਚਿੱਟੇ ਦੇ ਸੇਵਨ ਦੇ ਦੋਸ਼ 'ਚ 2 ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਹੈਰੋਇਨ ਦਾ ਸੇਵਨ ਕਰਦੇ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਥਾਣਾ ਏਰੀਏ ਵਿੱਚ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਪੁਲਿਸ ਦੀ ਗੱਡੀ ਰੁਕਵਾ ਕੇ ਇਤਲਾਹ ਦਿੱਤੀ ਕਿ ਅੰਗਰੇਜ਼ ਸਿੰਘ ਪੁੱਤਰ ਦਿਆਲ ਸਿੰਘ ਅਤੇ ਕਾਲਾ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀਆਨ ਥਾਰਾ ਸਿੰਘ ਵਾਲਾ ਜੋਕਿ ਚਿੱਟੇ ਦਾ ਨਸ਼ਾ ਕਰਨ ਦੇ ਆਦੀ ਹੈ ਤੇ ਅੱਜ ਵੀ ਨਹਿਰ ਦੀ ਪਟੜੀ 'ਤੇ ਚਿੱਟੇ ਦਾ ਸੇਵਨ ਕਰ ਰਹੇ ਹਨ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਅੰਗਰੇਜ਼ ਸਿੰਘ ਅਤੇ ਕਾਲਾ ਸਿੰਘ ਨੂੰ ਲਾਈਟਰ, ਸਿਲਵਰ ਪੰਨੀ ਤੇ 10 ਰੁਪਏ ਦਾ ਨੋਟ ਸਮੇਤ ਗ੍ਰਿਫਤਾਰ ਕਰ ਲਿਆ। ਥਾਣਾ ਅਮੀਰ ਖਾਸ ਵਿਖੇ ਮੁਕੱਦਮਾ ਨੰਬਰ 93 ਮਿਤੀ 7-10-2025 ਨੂੰ ਧਾਰਾ 27/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੀਤਾ ਗਿਆ ਹੈ।

## ਸਰਕਾਰ ਨਿਰੰਤਰ ਬਿਜਲੀ ਸਪਲਾਈ ਮੁਹੱਈਆ ਕਰਾਉਣ ਲਈ ਯਤਨਸ਼ੀਲ : ਵਿਧਾਇਕਾ ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹਰੇਕ ਵਰਗ ਦੀ ਤਰੱਕੀ ਲਈ ਯਤਨਸ਼ੀਲ ਰਹਿ ਰਹੀ ਹੈ।ਸੂਬੇ ਦੀ ਤਰੱਕੀ ਦੇ ਹਰੇਕ ਅਹਿਮ ਪਹਿਲੂਆਂ ਉਪਰ ਕਰੋੜਾਂ ਰੁਪਏ ਦੇ ਫੰਡ ਜਾਰੀ ਕਰਕੇ ਵਿਕਾਸ ਕਾਰਜ ਕਰਾਏ ਜਾ ਰਹੇ ਹਨ ਤਾਂ ਜੁ ਆਮ ਲੋਕਾਂ ਨੂੰ ਹੋਣ ਵਾਲੀਆਂ ਸਮੱਸਿਆਵਾਂ ਨੂੰ ਜੀਰੋ ਕੀਤਾ ਜਾ ਸਕੇ।ਆਮ ਲੋਕਾਂ ਦੀ ਸਹੂਲਤ ਲਈ ਸਰਕਾਰ ਦੇ ਖਜਾਨੇ ਹਮੇਸ਼ਾ ਖੁੱਲ੍ਹੇ ਰੱਖੇ ਜਾ ਰਹੇ ਹਨ।ਹੁਣ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸੁਰੱਖਿਅਤ ਢੰਗ ਨਾਲ ਨਿਰਵਿਘਨ ਬਿਨਾਂ ਕਿਸੇ ਕੱਟ ਤੋਂ ਬਿਜਲੀ ਸਪਲਾਈ ਮੁਹੱਈਆ ਕਰਾਉਣ ਦੇ ਖੇਤਰ ਵਿੱਚ ਕਰਾਏ ਜਾਣ ਵਾਲੇ ਵਿਕਾਸ ਕਾਰਜਾਂ ਲਈ ਕਰੋੜਾਂ ਰੁਪਏ ਦੇ ਫੰਡ ਜਾਰੀ ਕੀਤੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕਾ ਮੋਗਾ ਡਾ. ਅਮਨਦੀਪ ਕੌਰ ਅਰੋੜਾ ਨੇ ਜ਼ਿਲ੍ਹਾ ਮੋਗਾ ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ: (ਪੀ ਐਸ ਪੀ ਸੀ ਐਲ) ਮੋਗਾ ਦਫ਼ਤਰ ਵਿਖੇ ਬਿਜਲੀ ਦੇ ਬੁਨਿਆਦੀ ਢਾਂਚੇ ਦੀ ਉਸਾਰੀ, ਵਾਧੇ ਤੇ ਨਵੀਨੀਕਰਨ ਲਈ 100 ਕਰੋੜ ਦੀ ਲਾਗਤ ਵਾਲੇ ਕੰਮਾਂ ਦਾ ਉਦਘਾਟਨ ਕਰਨ ਮੌਕੇ ਕੀਤਾ।ਪੰਜਾਬ ਸਰਕਾਰ ਤਰਫੋਂ ਬਿਜਲੀ ਵਿਭਾਗ ਅਧੀਨ ਮੋਗਾ ਨੂੰ 100 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਹੋਣ 'ਤੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਜ਼ਿਲ੍ਹਾ ਮੋਗਾ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਰਕਾਰ ਨੇ ਇਸ ਖੇਤਰ ਵਿੱਚ ਐਨੀ ਵੱਡੀ ਵਿਕਾਸ ਰਾਸ਼ੀ ਜਾਰੀ ਕੀਤੀ ਹੋਵੇ।ਉਨ੍ਹਾਂ ਕਿਹਾ ਕਿ ਇਸ 100 ਕਰੋੜ ਦੀ ਗ੍ਰਾਂਟ ਨਾਲ ਮੋਗਾ ਵਿੱਚ ਬਿਜਲੀ ਦੀ ਨੈਟਵਰਕਿੰਗ, ਕੇਬਲਿੰਗ ਨੂੰ ਮੂਲ ਰੂਪ ਵਿੱਚ ਸੁਧਾਰਿਆ ਜਾਵੇਗਾ, ਨਵੇਂ ਟਰਾਂਸਫਰਮਰ ਲਾਏ ਜਾਣਗੇ, ਓਵਰਲੋਡ ਟਰਾਂਸਫਰਾਂ ਨੂੰ ਅੰਡਰਲੋਡ ਕੀਤਾ ਜਾਵੇਗਾ, ਕਿਤੇ ਵੀ ਲਟਕਦੀਆਂ ਤਾਰਾਂ ਦਿਖਾਈ ਨਹੀਂ ਦੇਣਗੀਆਂ।ਇਸ ਤੋਂ ਇਲਾਵਾ ਹੋਰ ਵੀ ਮਹੱਤਵਪੂਰਨ ਕੰਮ ਜਿਸ ਨਾਲ ਲੋਕਾਂ ਨੂੰ ਨਿਰਵਿਘਨ ਤੇ ਸੁਰੱਖਿਅਤ ਰੂਪ ਨਾਲ ਬਿਜਲੀ ਮੁਹੱਈਆ ਹੋਵੇ ਪਹਿਲ ਦੇ ਆਧਾਰ ਉੱਪਰ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਵਿਭਾਗੀ ਅਧਿਕਾਰੀਆਂ ਦੀ ਮੱਦਦ ਨਾਲ ਉਹ ਖੁਦ ਇਨ੍ਹਾਂ ਕੰਮਾਂ ਦੀ ਅਗਵਾਈ ਕਰਨਗੇ ਤੇ ਆਉਣ ਵਾਲੇ ਗਰਮੀਆਂ ਦੇ ਸੀਜਨ ਤੋਂ ਪਹਿਲਾਂ-ਪਹਿਲਾਂ ਸਾਰੇ ਕੰਮ ਮੁਕੰਮਲ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਜਾਵੇਗੀ।

## 'ਬਿਜ਼ਨੈੱਸ ਬਲਾਸਟਰ' ਵਿਦਿਆਰਥੀਆਂ ਨੂੰ ਉੱਦਮੀ ਬਣਾਉਣ ਦੀ ਕ੍ਰਾਂਤੀਕਾਰੀ ਪਹਿਲ : ਗੁਰਚਰਨ ਸਿੰਘ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਸਰਕਾਰ ਵੱਲੋਂ ਆਰੰਭ ਕੀਤਾ ਗਿਆ 'ਬਿਜ਼ਨੈੱਸ ਬਲਾਸਟਰ ਪ੍ਰੋਗਰਾਮ' ਸਾਡੇ ਵਿਦਿਆਰਥੀਆਂ ਦੇ ਭਵਿੱਖ ਨੂੰ ਨਵਾਂ ਰੂਪ ਦੇਣ ਵਾਲਾ ਇਕ ਸ਼ਾਨਦਾਰ ਯਤਨ ਹੈ। ਇਹ ਕੇਵਲ ਇੱਕ ਅਕਾਦਮਿਕ ਯੋਜਨਾ ਨਹੀਂ ਹੈ, ਸਗੋਂ ਇਹ ਇੱਕ ਅਜਿਹਾ ਮੰਚ ਹੈ, ਜਿੱਥੇ ਸਕੂਲੀ ਵਿਦਿਆਰਥੀ ਆਪਣੇ ਖਿਆਲਾਂ ਤੇ ਸੁਪਨਿਆਂ ਨੂੰ ਅਸਲ ਵਿਚ ਬਦਲਣਾ ਸਿੱਖ ਰਹੇ ਹਨ। ਗੁਰਚਰਨ ਸਿੰਘ ਸਰਲਾ ਮੈਥ ਮਾਸਟਰ, ਮਾਸਟਰ ਟਰੇਨਰ ਬਿਜਨੈਸ ਬਲਾਸਟਰ ਨੇ ਦੱਸਿਆ ਕਿ ਅੱਜ ਦੇ ਸਮੇਂ ਦੀ ਸਿੱਖਿਆ ਦਾ ਅਸਲੀ ਉਦੇਸ਼ ਕੇਵਲ ਪਾਠਕ੍ਰਮ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਇਸਦਾ ਟੀਚਾ ਅਜਿਹੀ ਸਿੱਖਿਆ ਪ੍ਰਦਾਨ ਕਰਨਾ ਹੈ ਜੋ ਆਤਮ-ਨਿਰਭਰਤਾ ਤੇ ਨਵੀਨਤਾ ਦੀ ਭਾਵਨਾ ਨੂੰ ਜਨਮ ਦੇਵੇ। ਇਹੀ ਦੂਰਅੰਦੇਸ਼ੀ ਸੋਚ ਬਿਜ਼ਨਸ ਬਲਾਸਟਰ ਦੇ ਪਿੱਛੇ ਦੀ ਮੁੱਖ ਸ਼ਕਤੀ ਹੈ। ਇਸ ਪ੍ਰੋਗਰਾਮ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਇਹ ਵਿਦਿਆਰਥੀਆਂ ਨੂੰ ਆਪਣੇ ਵਿਚਾਰਾਂ 'ਤੇ ਵਿਸ਼ਵਾਸ ਕਰਨਾ ਸਿਖਾਉਂਦਾ ਹੈ, ਜਦੋਂ ਕਿਸੇ ਵਿਦਿਆਰਥੀ ਨੂੰ ਸਕੂਲੀ ਪੱਧਰ 'ਤੇ ਹੀ ਆਪਣੇ ਵਿਚਾਰਾਂ ਨੂੰ ਵਪਾਰਕ ਰੂਪ ਦੇਣ ਦਾ ਅਨਮੋਲ ਮੌਕਾ ਮਿਲਦਾ ਹੈ, ਤਾਂ ਉਸ ਵਿੱਚ ਆਤਮ-ਵਿਸ਼ਵਾਸ, ਹਿੰਮਤ ਤੇ ਅਗਵਾਈ ਦੇ ਗੁਣ ਪੈਦਾ ਹੁੰਦੇ ਹਨ। ਇਹ ਵਿਸ਼ੇਸ਼ ਗੁਣ ਹੀ ਭਵਿੱਖ ਦੇ ਸਫਲ ਉੱਦਮੀਆਂ ਦੀ ਪਛਾਣ ਹੁੰਦੇ ਹਨ। ਬਿਜ਼ਨੈੱਸ ਬਲਾਸਟਰ ਪ੍ਰੋਗਰਾਮ ਅਧੀਨ ਵਿਦਿਆਰਥੀ ਸਿਰਫ਼ ਵਿਚਾਰ ਪੇਸ਼ ਨਹੀਂ ਕਰਦੇ, ਸਗੋਂ ਉਹ ਇਸਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਕੇ ਦਿਖਾਉਂਦੇ ਹਨ। ਇਸ ਪ੍ਰਕਿਰਿਆ ਦੌਰਾਨ, ਉਹ ਟੀਮ ਵਰਕ, ਸਮੇਂ ਦਾ ਪ੍ਰਬੰਧਨ (ਟਾਈਮ ਮੈਨੇਜਮੈਂਟ), ਵਿਪਣਨ (ਮਾਰਕੀਟਿੰਗ ਰਣਨੀਤੀਆਂ) ਅਤੇ ਗਾਹਕਾਂ ਨਾਲ ਸੰਵਾਦ ਵਰਗੀਆਂ ਬਹੁਤ ਹੀ ਕਾਬਲੀਅਤਾਂ ਨੂੰ ਵਿਕਸਤ ਕਰਦੇ ਹਨ। ਇਹ ਸਭ ਕੁਝ ਉਨ੍ਹਾਂ ਨੂੰ ਨੌਕਰੀ ਲੱਭਣ ਵਾਲਿਆਂ ਤੋਂ ਨੌਕਰੀ ਦੇਣ ਵਾਲਿਆਂ ਦੀ ਸ਼੍ਰੇਣੀ ਵਿਚ ਸ਼ਾਮਲ ਹੋਣ ਵੱਲ ਪ੍ਰੇਰਿਤ ਕਰਦਾ ਹੈ। ਸਾਡੇ ਇਹ ਵਿਦਿਆਰਥੀ ਅੱਜ ਦੇ ਨਹੀਂ, ਸਗੋਂ ਕੱਲ੍ਹ ਦੇ ਨਵੇਂ ਉਦਯੋਗਪਤੀਆਂ ਦੇ ਰੂਪ ਵਿਚ ਉੱਭਰ ਰਹੇ ਹਨ। ਜਿਵੇਂ ਕਿਸੇ ਬੀਜ ਨੂੰ ਪੁੰਗਰਨ ਲਈ ਉਪਜਾਊ ਮਿੱਟੀ, ਪਾਣੀ ਅਤੇ ਸੂਰਜ ਦੀਆਂ ਕਿਰਨਾਂ ਦੀ ਲੋੜ ਹੁੰਦੀ ਹੈ, ਬਿਲਕੁਲ ਉਸੇ ਤਰ੍ਹਾਂ ਇਕ ਵਿਦਿਆਰਥੀ ਨੂੰ ਵੀ ਸਹੀ ਮਾਰਗਦਰਸ਼ਨ ਅਤੇ ਮੌਕਿਆਂ ਦੀ ਜ਼ਰੂਰਤ ਹੁੰਦੀ ਹੈ। ਇਹ ਪ੍ਰੋਗਰਾਮ ਉਸ ਬੀਜ ਨੂੰ ਉੱਗਣ ਦਾ ਜ਼ਰੂਰੀ ਕਾਰਜ ਸਫਲਤਾਪੂਰਵਕ ਨਿਭਾ ਰਿਹਾ ਹੈ।

## ਓ ਐੱਸ ਡੀ ਵੱਲੋਂ 3.35 ਕਰੋੜ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਦੇ ਓ.ਐਸ.ਡੀ. ਸ੍ਰੀ ਸੁਖਵੀਰ ਸਿੰਘ ਨੇ ਧੂਰੀ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਕੁੱਲ 3 ਕਰੋੜ 35 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ।ਇਨ੍ਹਾਂ ਵਿਕਾਸ ਪ੍ਰੋਜੈਕਟਾਂ ਵਿੱਚ ਮੁੱਖ ਤੌਰ 'ਤੇ ਕ੍ਰਾਂਤੀ ਚੌਂਕ ਦੇ ਸੁੰਦਰੀਕਰਨ 'ਤੇ 141.39 ਲੱਖ ਰੁਪਏ, ਨਗਰ ਕੌਂਸਲ ਪਾਰਕ ਦੇ ਸੁੰਦਰੀਕਰਨ ਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਬੁੱਤ ਦੀ ਸਥਾਪਨਾ 'ਤੇ 109.48 ਲੱਖ ਰੁਪਏ, ਇੰਡੋਰ ਸਟੇਡੀਅਮ ਦੇ ਨਵੀਨੀਕਰਨ 'ਤੇ 27.63 ਲੱਖ ਰੁਪਏ ਤੇ ਪੁਰਾਣੇ ਪਟਵਾਰਖਾਨੇ ਦੀ ਇਮਾਰਤ ਨੂੰ ਨਗਰ ਕੌਂਸਲ ਦਫ਼ਤਰ ਦੇ ਵਾਧੂ ਹਿੱਸੇ ਵਜੋਂ ਤਬਦੀਲ ਤੇ ਸੇਵਾ ਕੇਂਦਰ ਬਣਾਉਣ ਲਈ 57.45 ਲੱਖ ਰੁਪਏ ਖਰਚੇ ਜਾਣਗੇ।ਇਸ ਮੌਕੇ ਮੁੱਖ ਮੰਤਰੀ ਕੈਂਪ ਦਫ਼ਤਰ ਦੇ ਇੰਚਾਰਜ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਸਾਬਕਾ ਚੇਅਰਮੈਨ ਤੇ ਆਲ ਇੰਡੀਆ ਐਫ.ਸੀ.ਆਈ. ਐਗਜ਼ਿਕਿਊਟਿਵ ਸਟਾਫ਼ ਯੂਨੀਅਨ ਦੇ ਕੌਮੀ ਪ੍ਰਧਾਨ ਸਤਿੰਦਰ ਸਿੰਘ ਚੱਠਾ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਸੂਬਾਈ ਆਗੂ ਅਮਰਦੀਪ ਸਿੰਘ ਧਾਂਦਰਾ, ਮੁੱਖ ਮੰਤਰੀ ਦਫ਼ਤਰ ਦੇ ਨੁਮਾਇੰਦੇ ਰਮਨਦੀਪ ਸਿੰਘ, ਨਗਰ ਕੌਂਸਲ ਦੀ ਪ੍ਰਧਾਨ ਪੁਸ਼ਪਾ ਰਾਣੀ, ਸਾਬਕਾ ਪ੍ਰਧਾਨ ਸੰਦੀਪ ਤਾਇਲ, ਐਡਵੋਕੇਟ ਹੈਪੀ ਗਰਗ, ਜ਼ਿਲ੍ਹਾ ਯੋਜਨਾ ਬੋਰਡ ਦੇ ਮੈਂਬਰ ਨਰੇਸ਼ ਸਿੰਗਲਾ, ਡਾਇਰੈਕਟਰ ਅਨਿਲ ਮਿੱਤਲ, ਕੌਂਸਲਰ ਪੁਸ਼ਪਿੰਦਰ ਸ਼ਰਮਾ, ਦੀਪਿਕਾ ਧੀਰ, ਗਗਨ ਜਵੰਧਾ, ਰਮਨ ਜਵੰਧਾ ਤੇ ਹੋਰ ਕਈ ਸਨਮਾਨਤ ਸ਼ਖਸੀਅਤਾਂ ਮੌਜੂਦ ਸਨ।

# ਟੈਕਨੀਕਲ ਸਰਵਿਸਿਜ਼ ਯੂਨੀਅਨ ਵੱਲੋਂ ਸਾਂਝੇ ਘੋਲਾਂ ਦੀ ਉਸਾਰੀ 'ਤੇ ਚਰਚਾ



**ਦੋਰਾਹਾ (ਹਰਮਿੰਦਰ ਸੇਠ)**-ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਡਵੀਜ਼ਨ ਸਕੱਤਰ ਬਲਵੀਰ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਟੈਕਨੀਕਲ ਸਰਵਿਸਜ਼ ਦੀ ਸੂਬਾ ਵਰਕਿੰਗ ਕਮੇਟੀ ਦੇ ਫੈਸਲੇ ਅਨੁਸਾਰ ਨਿੱਜੀਕਰਨ ਦੇ ਤਬਾਹਕੁੰਨ ਹਮਲੇ ਖਿਲਾਫ ਸਾਂਝੇ ਘੋਲਾਂ ਦੀ ਉਸਾਰੀ ਲਈ ਸਾਂਝੇ ਸੰਘਰਸ਼ ਦੀਆਂ ਲੋੜਾਂ ਦੇ ਮੁੱਖ ਮੁੱਦੇ 'ਤੇ ਵਿਚਾਰ ਚਰਚਾ ਕਰਨ ਲਈ ਡਵੀਜ਼ਨ ਮੀਤ ਪ੍ਰਧਾਨ ਜਸਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਡਵੀਜ਼ਨ ਦੋਰਾਹਾ ਦੀ ਵਧਵੀਂ ਮੀਟਿੰਗ ਕੀਤੀ।ਮੀਟਿੰਗ ਵਿੱਚ ਸ਼ਾਮਲ ਵੱਖ ਵੱਖ ਵਰਕਰਾਂ ਨੇ ਵਿਚਾਰ ਰੱਖਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਿਜਲੀ ਕਾਰਪੋਰੇਸ਼ਨ ਦੇ ਨਿੱਜੀਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਬਿਜਲੀ ਖੇਤਰ ਵਿੱਚ ਕੰਮ ਕਰਦੇ ਰੈਗੂਲਰ, ਆਊਟਸੋਰਸਡ ਤੇ ਪੈਨਸ਼ਨਰਾਂ ਨੂੰ ਨਿੱਜੀਕਰਨ ਦੇ ਇਸ ਤਬਾਹਕੁੰਨ ਹੱਲੇ ਵਿਰੁੱਧ ਵਿਸ਼ਾਲ, ਸਾਂਝੇ ਲੰਬੇ ਤੇ ਤਿੱਖੇ ਸੰਘਰਸ਼ ਦੀਆਂ ਜ਼ੋਰਦਾਰ ਤਿਆਰੀਆਂ ਵਿੱਚ ਜੁਟਣ ਦੀ ਲੋੜ ਹੈ, ਕਿਉਂਕਿ ਪੰਜਾਬ ਸਰਕਾਰ ਪਿਛਲੇ ਦਿਨਾਂ ਤੋਂ ਜਿਸ ਕਿਸਮ ਦੇ ਕਦਮ ਲੈ ਰਹੀ ਹੈ, ਉਨ੍ਹਾਂ ਤੋਂ ਸਪੱਸ਼ਟ ਹੈ ਕਿ ਉਹ ਕਾਰਪੋਰੇਟ ਘਰਾਣਿਆਂ ਦੀ ਸੇਵਾ ਲਈ ਜਲਦੀ ਹੀ ਬਿਜਲੀ ਕਾਰਪੋਰੇਸ਼ਨ ਦਾ ਭੋਗ ਪਾਉਣ ਦੀਆਂ ਤਿਆਰੀਆਂ ਵਿੱਚ ਜੁਟੀ ਹੋਈ ਹੈ। ਉਨ੍ਹਾਂ ਕਿਹਾ ਕਿ ਨਿੱਜੀਕਰਨ ਦੀ ਲੋੜ ਵਜੋਂ ਲਏ ਜਾ ਰਹੇ ਇਹ ਕਦਮ ਬੜੇ ਸਾਜ਼ਿਸ਼ੀ ਤੇ ਧੋਖੇ ਭਰੇ ਢੰਗ ਤਰੀਕੇ ਨਾਲ ਲਏ ਜਾ ਰਹੇ ਹਨ।ਇੱਕ ਪਾਸੇ ਇਸ ਤਬਾਹਕੁੰਨ ਹਮਲੇ ਨੂੰ ਲਾਗੂ ਕਰਦਿਆਂ ਖਪਤਕਾਰਾਂ ਪ੍ਰਤੀ ਝੂਠਾ ਹੇਜ ਜਤਾਉਣ ਦੇ ਯਤਨ ਕੀਤੇ ਜਾ ਰਹੇ ਹਨ ਤੇ ਦੂਸਰੇ ਪਾਸੇ ਬਿਜਲੀ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਧਰਨਿਆਂ ਮੁਜ਼ਾਹਰਿਆਂ ਤੇ ਹੜਤਾਲਾਂ ਕਾਰਨ ਦੋਖੀਆਂ ਵਜੋਂ ਪੇਸ਼ ਕਰਕੇ ਉਨ੍ਹਾਂ ਦੀ ਨਿੱਜੀਕਰਨ ਵਿਰੁੱਧ ਸਾਂਝ ਨੂੰ ਤੋੜਨ ਦੇ ਯਤਨ ਕੀਤੇ ਜਾ ਰਹੇ ਹਨ।ਇਸ ਸਾਜ਼ਿਸ਼ੀ ਤੇ ਧੋਖੇ ਭਰੇ ਢੰਗ ਨਾਲ ਪਿਛਲੇ ਦਿਨੀਂ ਖਪਤਕਾਰਾਂ ਨੂੰ ਮੁਲਾਜ਼ਮਾਂ ਦੇ ਧਰਨਿਆਂ, ਮੁਜ਼ਾਹਰਿਆਂ ਤੇ ਹੜਤਾਲਾਂ ਵਾਲੇ ਦਿਨਾਂ ਦੌਰਾਨ ਨਿਰਵਿਘਨ ਸਪਲਾਈ ਦੇਣ ਦੇ ਨਾਂ ਹੇਠ ਹਰ ਇੱਕ ਡਵੀਜ਼ਨ ਪੱਧਰ 'ਤੇ ਆਊਟਸੋਰਸਡ ਕੰਪਨੀਆਂ ਰਾਹੀਂ ਇਕ ਸਪੈਸ਼ਲ ਗੈਂਗ ਤਿਆਰ ਕਰਨ ਦੇ ਹੁਕਮ ਜਾਰੀ ਕੀਤੇ ਗਏ, ਕੰਮ ਦੌਰਾਨ ਮੈਨਪਾਵਰ ਦੀ ਘਾਟ ਨੂੰ ਪੂਰਾ ਕਰਨ ਲਈ ਵਿਭਾਗ ਵੱਲੋਂ ਨਵੀਂ ਤੇ ਪੱਕੀ ਭਰਤੀ ਕਰਨ ਦੀ ਥਾਂ ਠੇਕੇ 'ਤੇ ਬਾਹਰੀ ਸਰੋਤਾਂ ਤੋਂ ਲੇਬਰ ਦਾ ਪ੍ਰਬੰਧ ਕਰਨ ਦੇ ਹੋਰ ਨਵੇਂ ਹੁਕਮ ਜਾਰੀ ਕੀਤੇ ਗਏ ਹਨ, ਜਿਨ੍ਹਾਂ ਦਾ ਮਕਸਦ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁੱਹਈਆ ਕਰਨਾ ਨਹੀਂ, ਸਗੋਂ ਨਿੱਜੀਕਰਨ ਵਿਰੁੱਧ ਸੰਘਰਸ਼ ਨੂੰ ਅਸਫਲ ਬਣਾਉਣ ਦੀ ਸਾਜ਼ਿਸ਼ ਹੈ।ਖਪਤਕਾਰਾਂ ਤੇ ਬਿਜਲੀ ਮੁਲਾਜ਼ਮਾਂ ਨੂੰ ਇੱਕ ਦੂਸਰੇ ਵਿਰੁੱਧ ਉਕਸਾ ਕੇ ਖੜ੍ਹੇ ਕਰਨ ਦੀ ਫੁੱਟ ਪਾਊ ਸਾਜ਼ਿਸ਼ ਹੈ, ਜਿਸ ਨੂੰ ਅਸਫਲ ਬਣਾ ਕੇ ਨਿੱਜੀਕਰਨ ਵਿਰੁੱਧ ਸੰਘਰਸ਼ ਨੂੰ ਸਫ਼ਲ ਬਣਾਉਣ ਦੀ ਲੋੜ ਹੈ। ਇਸ ਹਾਲਤ ਵਿੱਚ ਸਭ ਤੋਂ ਪਹਿਲੀ ਲੋੜ ਵੱਖ ਵੱਖ ਜਥੇਬੰਦੀਆਂ ਵਿੱਚ ਵੰਡੇ ਹੋਏ ਬਿਜਲੀ ਮੁਲਾਜ਼ਮ ਸਾਥੀਆਂ ਨੂੰ ਇੱਕ ਸਾਂਝੇ ਸੰਘਰਸ਼ ਦੇ ਪਲੇਟਫਾਰਮ 'ਤੇ ਇਕੱਠੇ ਕਰਨ ਦੀ ਅਹਿਮ ਲੋੜ ਹੈ ਤੇ ਦੂਸਰੇ ਪਾਸੇ ਨਿੱਜੀਕਰਨ ਦੀ ਮਾਰ ਹੇਠ ਆਉਣ ਵਾਲੇ ਖਪਤਕਾਰਾਂ ਨੂੰ ਸਰਕਾਰ ਦੇ ਝੂਠੇ ਹੇਜ ਦੇ ਧੋਖੇ ਪਿੱਛੇ ਛੁਪੇ ਸੱਚ ਨੂੰ ਉਜਾਗਰ ਕਰਕੇ ਨਿੱਜੀਕਰਨ ਵਿਰੁੱਧ ਵਿਸ਼ਾਲ, ਸਾਂਝੇ ਤੇ ਤਿੱਖੇ ਸੰਘਰਸ਼ ਕਰਨ ਦੀ ਉਸਾਰੀ ਕਰਨ ਦੀ ਲੋੜ ਹੈ।ਇਸ ਹਾਲਤ ਵਿੱਚ ਟੈਕਨੀਕਲ ਸਰਵਿਸਜ਼ ਯੂਨੀਅਨ ਦੀ ਪੰਜਾਬ ਵੱਲੋਂ ਸਮੁੱਚੇ ਬਿਜਲੀ ਮੁਲਾਜ਼ਮਾਂ ਨੂੰ ਅਪੀਲ ਹੈ ਕਿ ਸਾਨੂੰ ਆਪਸੀ ਇਤਰਾਜ਼ ਤੇ ਮੱਤਭੇਦ ਛੱਡ ਕੇ ਆਪਣੀ ਹੋਂਦ ਤੇ ਆਪਣੇ ਹਿੱਤਾਂ ਨੂੰ ਬਚਾਉਣ ਲਈ ਸਾਂਝੇ ਸੰਘਰਸ਼ ਦੀ ਉਸਾਰੀ ਇਸ ਸਮੇਂ ਦੀ ਪ੍ਰਮੁੱਖ ਲੋੜ ਹੈ।

## ਸਰਕਾਰ ਪੰਜਾਬ ਦੇ ਚੁਫੇਰਿਓਂ ਵਿਕਾਸ ਲਈ ਵਚਨਬੱਧ : ਅਸ਼ੋਕ ਲੱਖਾ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰਾਜ ਦੇ ਹਰ ਵਾਸੀ ਤੱਕ ਵਿਕਾਸ ਅਤੇ ਸੁਵਿਧਾਵਾਂ ਪੁਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਗਾਰੰਟੀਆਂ ਹੁਣ ਹਕੀਕਤ ਬਣ ਰਹੀਆਂ ਹਨ ਅਤੇ ਲੋਕਾਂ ਨੂੰ ਇਸਦਾ ਸਿੱਧਾ ਲਾਭ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਮੁਫ਼ਤ ਬਿਜਲੀ ਯੋਜਨਾ, ਸਕੂਲਾਂ ਵਿੱਚ ਸਹੂਲਤਾਂ ਦੇ ਸੁਧਾਰ, ਆਮ ਆਦਮੀ ਕਲੀਨਿਕਾਂ ਦੀ ਸਥਾਪਨਾ ਤੇ ਕਿਸਾਨਾਂ ਦੀ ਭਲਾਈ ਲਈ ਕੀਤੀਆਂ ਕਦਮਾਂ ਨੇ ਰਾਜ ਵਿੱਚ ਨਵੇਂ ਵਿਕਾਸ ਦੀ ਦਿਸ਼ਾ ਦਿੱਤੀ ਹੈ।ਮੁਫ਼ਤ ਬਿਜਲੀ ਸਕੀਮ ਨਾਲ ਗਰੀਬ ਅਤੇ ਮੱਧਵਰਗ ਪਰਿਵਾਰਾਂ ਨੂੰ ਰਾਹਤ ਮਿਲੀ ਹੈ, ਜਦਕਿ ਸਿਹਤ ਖੇਤਰ ਵਿੱਚ ਆਮ ਆਦਮੀ ਕਲੀਨਿਕਾਂ ਨੇ ਲੋਕਾਂ ਤੱਕ ਆਸਾਨ ਤੇ ਮੁਫ਼ਤ ਇਲਾਜ ਦੀ ਪਹੁੰਚ ਯਕੀਨੀ ਬਣਾਈ ਹੈ। ਚੇਅਰਮੈਨ ਅਸ਼ੋਕ ਕੁਮਾਰ ਲੱਖਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਖੇਤਰ ਵਿੱਚ ਵੱਡੇ ਸੁਧਾਰ ਕੀਤੇ ਹਨ।ਸਰਕਾਰੀ ਸਕੂਲਾਂ ਵਿੱਚ ਆਧੁਨਿਕ ਸਹੂਲਤਾਂ, ਡਿਜ਼ੀਟਲ ਸਿਖਲਾਈ ਤੇ ਅਧਿਆਪਕਾਂ ਦੀ ਤਿਆਰੀ ਦੇ ਨਵੇਂ ਮਾਪਦੰਡਾਂ ਨੇ ਵਿਦਿਆਰਥੀਆਂ ਲਈ ਨਵੇਂ ਮੌਕੇ ਖੋਲ੍ਹੇ ਹਨ।ਇਸ ਨਾਲ ਪੰਜਾਬ ਦੇ ਨੌਜਵਾਨਾਂ ਵਿੱਚ ਸਿੱਖਿਆ ਪ੍ਰਤੀ ਰੁਝਾਨ ਵਧ ਰਿਹਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸੋਚ ਹੈ ਕਿ ਪੰਜਾਬ ਦਾ ਹਰ ਪਿੰਡ, ਹਰ ਸ਼ਹਿਰ ਵਿਕਸਤ ਹੋਵੇ ਤੇ ਹਰ ਘਰ ਤੱਕ ਸਰਕਾਰ ਦੀ ਸੇਵਾ ਪਹੁੰਚੇ।

## ਬਾਬਾ ਫ਼ਰੀਦ ਯੂਨੀਵਰਸਿਟੀ ਦੇ ਵਫ਼ਦ ਵੱਲੋਂ ਆਈ ਆਈ ਟੀ ਰੋਪੜ ਦਾ ਦੌਰਾ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸ ਵੱਲੋਂ ਸ਼੍ਰੀ ਅਰਵਿੰਦ ਕੁਮਾਰ, ਰਜਿਸਟਰਾਰ ਡਾ. ਰਾਜੀਵ ਮਿਨਹਾਸ, ਮੁਖੀ, ਯੂਨੀਵਰਸਿਟੀ ਲਾਇਬ੍ਰੇਰੀ ਸਿਸਟਮ ਤੇ ਸ਼੍ਰੀ ਸਮੀਰ ਕਾਂਤ ਅਹੂਜਾ (ਲਾਇਨਜ ਅਫ਼ਸਰ) ਨੇ ਮੀਟਿੰਗ ਵਿੱਚ ਭਾਗ ਲਿਆ।ਵਫ਼ਦ ਵਿੱਚ ਪ੍ਰੋ. (ਡਾ.) ਸੰਜੀਵ ਕੁਮਾਰ ਸ਼ਰਮਾ, ਵਾਈਸ ਚਾਂਸਲਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.), ਬਠਿੰਡਾ ਤੇ ਪ੍ਰੋ. (ਡਾ.) ਐਸ.ਕੇ.ਮਿਸ਼ਰਾ, ਵਾਈਸ-ਚਾਂਸਲਰ, ਸ਼ਹੀਦ ਭਗਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ (ਐਸ.ਬੀ.ਐਸ.ਟੀ.ਯੂ), ਗੁਰਦਾਸਪੁਰ ਵੀ ਸ਼ਾਮਲ ਸਨ। ਵਫ਼ਦ ਦਾ ਗਰਮਜੋਸ਼ੀ ਨਾਲ ਸਵਾਗਤ ਆਈ.ਆਈ.ਟੀ. ਰੋਪੜ ਦੇ ਡਾਇਰੈਕਟਰ ਪ੍ਰੋ. (ਡਾ.) ਰਜੀਵ ਅਹੂਜਾ ਨੇ ਕੀਤਾ।ਇਸ ਮੌਕੇ ਉਨ੍ਹਾਂ ਨਾਲ ਪ੍ਰੋ. ਰਾਜੇਸ਼ ਵੀ. ਨਾਇਰ, ਡੀਨ (ਅਕੈਡਮਿਕਸ) ਤੇ ਡਾ. ਦਿਨੇਸ਼ ਕੇ. ਐਸ., ਰਜਿਸਟਰਾਰ ਵੀ ਮੌਜੂਦ ਸਨ।ਮੀਟਿੰਗ ਦੌਰਾਨ ਵਿਦਵਾਨਾਂ ਨੇ ਰਾਜ ਯੂਨੀਵਰਸਿਟੀਆਂ ਤੇ ਆਈ.ਆਈ.ਟੀ. ਰੋਪੜ ਵਿਚਕਾਰ ਅਕਾਦਮਿਕ ਅਤੇ ਖੋਜ ਸਹਿਯੋਗ ਦੇ ਮੌਕਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਪ੍ਰੋ. ਅਹੂਜਾ ਨੇ ਵਫ਼ਦ ਨੂੰ ਪੀ.ਆਈ.-ਰਾਹੀ (ਪੰਜਾਬ ਯੂਨੀਵਰਸਿਟੀ-ਆਈ.ਆਈ.ਟੀ. ਰੋਪੜ ਰੀਜਨਲ ਐਕਸਿਲਰੇਟਰ ਫਾਰ ਹੋਲਿਸਟਿਕ ਇਨੋਵੇਸ਼ਨਜ਼) ਪ੍ਰੋਗਰਾਮ 'ਚ ਸਰਗਰਮ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਵਫ਼ਦ ਨੇ ਆਈ.ਆਈ.ਟੀ. ਰੋਪੜ ਦੀਆਂ ਕਈ ਉੱਨਤ ਖੋਜ ਪ੍ਰਯੋਗਸ਼ਾਲਾਵਾਂ ਤੇ ਇਨੋਵੇਸ਼ਨ ਕੇਂਦਰਾਂ ਦਾ ਵੀ ਦੌਰਾ ਕੀਤਾ, ਜੋ ਰਾਸ਼ਟਰੀ ਪੱਧਰ 'ਤੇ ਉਦਾਹਰਨ ਬਣੇ ਹੋਏ ਹਨ।ਵਫ਼ਦ ਨੂੰ ਆਈ.ਆਈ.ਟੀ. ਰੋਪੜ ਦੀਆਂ ਵਿਸ਼ੇਸ਼ ਉਪਲਬਧੀਆਂ ਜਿਵੇਂ ਇੰਟਰਡਿਸ਼ਪਲਿਨਰੀ ਰੀਸਰਚ ਸੰਸਕ੍ਰਿਤੀ, ਟਿਕਾਊ ਕੈਂਪਸ ਪ੍ਰਬੰਧਨ, ਸਟਾਰਟਅਪ ਇੰਕਿਊਬੇਸ਼ਨ ਈਕੋਸਿਸਟਮ ਤੇ ਡਿਜਿਟਲ ਲਰਨਿੰਗ ਪਲੇਟਫਾਰਮ ਬਾਰੇ ਜਾਣੂ ਕਰਵਾਇਆ ਗਿਆ।

## ਖੁੱਡੀਆਂ ਵੱਲੋਂ ਲੰਬੀ ਹਲਕੇ 'ਚ ਵਿਕਾਸ ਕਾਰਜਾਂ ਦੇ ਉਦਘਾਟਨ

**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਛੌਤਿਆਣਾ)**-ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਲੰਬੀ ਹਲਕੇ ਦੇ ਪਿੰਡ ਕਿੱਲਿਆਂਵਾਲੀ, ਵੜਿੰਗ ਖੇੜਾ, ਲੁਹਾਰਾ ਤੇ ਭਾਗੂ 'ਚ ਲਗਭਗ ਇੱਕ ਕਰੋੜ ਰੁਪਏ ਦੀ ਲਾਗਤ ਨਾਲ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ।ਕੈਬਨਿਟ ਮੰਤਰੀ ਗੁਰਮੀਤ ਖੁੱਡੀਆਂ ਵੱਲੋਂ ਪਿੰਡ ਕਿੱਲਿਆਂਵਾਲੀ ਵਿਖੇ 17 ਲੱਖ ਦੀ ਲਾਗਤ ਨਾਲ ਪੀਣ ਵਾਲੇ ਪਾਣੀ ਦੀ ਪਾਇਪ ਲਾਈਨ ਦਾ ਨੀਂਹ ਪੱਥਰ, ਪਿੰਡ ਵੜਿੰਗ ਖੇੜਾ ਵਿਖੇ 10.06 ਲੱਖ ਦੀ ਲਾਗਤ ਨਾਲ ਆਂਗਣਵਾੜੀ ਸੈਂਟਰ ਤੇ 35 ਲੱਖ ਦੀ ਲਾਗਤ ਨਾਲ ਹੈਲਥ ਵੈੱਲਨੈੱਸ ਸੈਂਟਰ, ਪਿੰਡ ਲੁਹਾਰਾ ਵਿਖੇ 11.49 ਲੱਖ ਦੀ ਲਾਗਤ ਨਾਲ ਫਿਰਨੀ ਤੋਂ ਸ਼ੇਰਗੜ੍ਹ ਤੱਕ ਪੱਕਾ ਕੀਤਾ ਰਸਤਾ ਅਤੇ ਪਿੰਡ ਭਾਗੂ ਵਿਖੇ 12.92 ਲੱਖ ਦੀ ਲਾਗਤ ਨਾਲ ਨਵੇਂ ਬਣੇ ਪੱਕੇ ਖ਼ਾਲ 'ਤੇ 8 ਲੱਖ ਦੀ ਲਾਗਤ ਨਾਲ ਖੜਵੰਜਾ ਦੇ ਕੰਮ ਦਾ ਉਦਘਾਟਨ ਕੀਤਾ।ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਵਪੱਖੀ ਵਿਕਾਸ ਲਈ ਦਿਨ-ਰਾਤ ਇੱਕ ਕਰਕੇ ਕੰਮ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਵਾਂਗ ਲੰਬੀ ਹਲਕੇ 'ਚ ਕਿਸੇ ਵੀ ਵਿਕਾਸ ਕਾਰਜ ਲਈ ਫੰਡਾਂ ਦੀ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ ਤੇ ਹਰ ਪ੍ਰੋਜੈਕਟ ਨੂੰ ਪੂਰੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨਾ ਯਕੀਨੀ ਬਣਾਇਆ ਜਾ ਰਿਹਾ ਹੈ।ਇਸ ਮੌਕੇ ਕੈਬਨਿਟ ਮੰਤਰੀ ਨੇ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਤੇ ਉਨ੍ਹਾਂ ਵਿੱਚੋਂ ਕਈ ਮੌਕੇ ਉੱਤੇ ਹੀ ਹੱਲ ਕੀਤੀਆਂ ਤੇ ਬਾਕੀਆਂ ਸਬੰਧੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ।ਇਸ ਮੌਕੇ ਸਬੰਧਤ ਵਿਭਾਗਾਂ ਦੇ ਅਧਿਕਾਰੀ, ਪਿੰਡਾਂ ਦੇ ਸਰਪੰਚ ਤੇ ਪੰਚਾਇਤ ਮੈਂਬਰ ਤੇ ਪਤਵੰਤੇ ਹਾਜ਼ਰ ਸਨ।



## ਪੁੰਨ ਕਿਸੇ ਨੂੰ ਧੋਖਾ ਨਹੀਂ ਦਿੰਦਾ ਤੇ ਪਾਪ ਕਿਸੇ ਦਾ ਸਕਾ ਨਹੀਂ : ਅਸ਼ਵਨੀ ਗਰਗ



**ਜੈਤੋ (ਸਤੀਸ਼ ਕੁਮਾਰ ਭੀਰੀ)**-ਸ਼ਿਵਾਲਿਕ ਪਬਲਿਕ ਸਕੂਲ ਵਿਖੇ ਕੁਝ ਪਲਾਂ ਲਈ ਆਏ ਸਵਾਮੀ ਵਿਵੇਕਾਨੰਦ ਗਰੁੱਪ ਆਫ ਇੰਸਟੀਚਿਊਸ਼ਨਜ਼ ਬਨੂੰੜ, ਸ਼ਿਵਾਲਿਕ ਪਬਲਿਕ ਸਕੂਲ ਤੇ ਅਲਾਇੰਸ ਇੰਟਰਨੈਸ਼ਨਲ ਸਕੂਲ ਦੇ ਚੇਅਰਮੈਨ ਅਸ਼ਵਨੀ ਕੁਮਾਰ ਗਰਗ ਨੇ ਆਪਣੇ ਅੰਦਾਜ਼ ਵਿੱਚ ਬੋਲਦੇ ਹੋਏ ਕਿਹਾ ਕਿ ਸ਼ਿਕਾਇਤਾਂ ਛੱਡੋ ਤੇ ਈਸ਼ਵਰ ਦਾ ਹਰ ਵੇਲੇ ਸ਼ੁਕਰੀਆ ਅਦਾ ਕਰੋ, ਕਿਉਂਕਿ ਤੁਹਾਡੇ ਕੋਲ ਜਿੰਨਾ ਹੈ ਨਾ ਜਾਣੇ ਕਿੰਨਿਆਂ ਕੋਲ ਉਨਾ ਵੀ ਨਹੀਂ ਹੈ।ਉਨ੍ਹਾਂ ਕਿਹਾ ਕਿ ਜ਼ਿੰਦਗੀ ਖ਼ੂਬਸੂਰਤ ਹੈ, ਉਮਰ ਇੱਕ ਵਰਦਾਨ ਹੈ, ਆਓ ਜ਼ਿੰਦਗੀ ਨੂੰ ਮਾਣੀਏ। ਆਪਣੀ ਉਮਰ ਭੁੱਲ ਜਾਓ, ਉਮਰ ਨੂੰ ਖੁਦ ਨੂੰ ਬਦਲਣ ਨਾ ਦਿਓ, ਆਪਣੀ ਉਮਰ ਵਧਣ ਦੇ ਤਰੀਕੇ ਨੂੰ ਬਦਲੋ।ਅਸ਼ਵਨੀ ਗਰਗ ਨੇ ਕਿਹਾ ਕਿ ਪੁੰਨ ਕਿਸੇ ਨੂੰ ਧੋਖਾ ਨਹੀਂ ਦਿੰਦਾ ਤੇ ਪਾਪ ਕਿਸੇ ਦਾ ਸਕਾ ਨਹੀਂ ਹੁੰਦਾ, ਜੋ ਕਰਮ ਨੂੰ ਸਮਝਦਾ ਹੈ ਉਸ ਨੂੰ ਧਰਮ ਨੂੰ ਸਮਝਣ ਦੀ ਲੋੜ ਨਹੀਂ ਪੈਂਦੀ। ਸੰਪਤੀ ਦੇ ਉੱਤਰਾਧਿਕਾਰੀ ਕੋਈ ਵੀ ਜਾਂ ਇੱਕ ਤੋਂ ਵੱਧ ਹੋ ਸਕਦੇ ਹਨ, ਪਰ ਕਰਮਾਂ ਦੇ ਉੱਤਰਾਧਿਕਾਰੀ ਕੇਵਲ ਅਸੀਂ ਖ਼ੁਦ ਹੁੰਦੇ ਹਾਂ।ਅੰਤ ਵਿੱਚ ਅਸ਼ਵਨੀ ਗਰਗ ਨੇ ਕਿਹਾ ਕਿ ਜਦੋਂ ਵੀ ਕਿਸੇ ਜ਼ਰੂਰਤਮੰਦ ਦੀ ਆਵਾਜ਼ ਤੁਹਾਡੇ ਤੱਕ ਪਹੁੰਚੇ ਤਾਂ ਪ੍ਰਮਾਤਮਾ ਦਾ ਸ਼ੁਕਰੀਆ ਅਦਾ ਕਰੋ, ਕਿਉਂਕਿ ਉਸ ਨੇ ਕਿਸੇ ਦੀ ਮਦਦ ਲਈ ਤੁਹਾਨੂੰ ਚੁਣਿਆ ਹੈ, ਨਹੀਂ ਤਾਂ ਪ੍ਰਮਾਤਮਾ ਸਭ ਲਈ ਇਕੱਲਾ ਹੀ ਬਹੁਤ ਹੈ।

## ਪੁਲਸ ਤੇ ਪੱਤਰਕਾਰਾਂ 'ਚ ਰੇੜਕਾ ਖ਼ਤਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪ੍ਰੈੱਸ ਕਲੱਬ ਦੇ ਪ੍ਰਧਾਨ ਦੀਪਕ ਪਾਲ ਸ਼ਰਮਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿਛਲੇ ਦੋ-ਤਿੰਨ ਦਿਨਾਂ ਤੋਂ ਕੁਝ ਕਾਰਨਾਂ ਕਰਕੇ ਪੁਲਸ ਦੀ ਕਵਰੇਜ ਦਾ ਬਾਈਕਾਟ ਚੱਲ ਰਿਹਾ ਸੀ, ਉਹ ਬੁੱਧਵਾਰ ਤੋਂ ਖਤਮ ਕਰ ਦਿੱਤਾ ਗਿਆ ਹੈ। ਆਪਣੇ ਐੱਸ ਪੀ ਮਨਮੀਤ ਸਿੰਘ ਢਿੱਲੋਂ ਨੇ ਇਸ ਰੇੜਕੇ ਨੂੰ ਖਤਮ ਕਰਨ ਲਈ ਡੀ ਐੱਸ ਪੀ ਨਵੀਨ ਕੁਮਾਰ ਦੀ ਡਿਊਟੀ ਲਗਾਈ ਸੀ, ਜਿਨ੍ਹਾਂ ਨੇ ਸਾਰੇ ਮਸਲੇ ਨੂੰ ਸੁੱਚਜੇ ਢੰਗ ਨਾਲ ਸੁਲਝਾ ਲਿਆ।ਉਨ੍ਹਾਂ ਪੱਤਰਕਾਰਾਂ ਦੀ ਮੰਗ ਪੂਰੀ ਕਰ ਦਿੱਤੀ।ਪੱਤਰਕਾਰ ਭਾਈਚਾਰੇ ਵੱਲੋਂ ਬੁੱਧਵਾਰ ਨੂੰ ਐੱਸ ਪੀ ਸ੍ਰ. ਢਿੱਲੋਂ ਦਾ ਮੰਗ ਮੰਨਣ 'ਤੇ ਉਨ੍ਹਾਂ ਦਾ ਤੇ ਡੀ ਐੱਸ ਪੀ ਨਵੀਨ ਕੁਮਾਰ ਦਾ ਧੰਨਵਾਦ ਕੀਤਾ ਗਿਆ।ਪ੍ਰੈੱਸ ਕਲੱਬ ਦੇ ਪ੍ਰਧਾਨ ਦੀਪਕ ਪਾਲ ਸ਼ਰਮਾ ਨੇ ਸਹਿਯੋਗ ਦੇਣ ਵਾਲ਼ੇ ਸਾਰੇ ਪੱਤਰਕਾਰ ਵੀਰਾਂ ਦਾ ਵੀ ਧੰਨਵਾਦ ਕੀਤਾ।ਪ੍ਰਧਾਨ ਨੇ ਉਨ੍ਹਾਂ ਸਾਥੀਆਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਸਹਿਯੋਗ ਨਹੀਂ ਦਿੱਤਾ, ਕਿਉਂਕਿ ਇਸ ਨਾਲ ਪਤਾ ਲੱਗ ਗਿਆ ਕਿ ਉਹ ਕਿੰਨੀ ਕੁ ਅਕਲ ਦੇ ਮਾਲਕ ਹਨ।ਇਸ ਮੌਕੇ ਪੱਤਰਕਾਰ ਦੀਪਕ ਪਾਲ ਸ਼ਰਮਾ, ਕਾਮਰੇਡ ਖਰੈਤੀ ਲਾਲ, ਸੁਰਿੰਦਰ ਸਿੰਘ ਚੱਠਾ, ਰਾਜ ਖੁਰਾਣਾ, ਪਵਨ ਤਨੇਜਾ, ਮਨੂ ਸ਼ਰਮਾ, ਸ਼ਮਿੰਦਰ ਪਾਲ, ਸੰਜੀਵ ਸੰਜੂ ਆਦਿ ਹਾਜ਼ਰ ਸਨ।

## ਵਿਧਾਇਕ ਦੇ ਨਿੱਜੀ ਸਕੱਤਰ ਵੱਲੋਂ ਬਰੇਕਰਾਂ ਦਾ ਉਦਘਾਟਨ



**ਮਮਦੋਟ (ਹਰਪਾਲ ਸਿੰਘ ਸੋਢੀ)**-ਹਲਕਾ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਵੱਲੋਂ ਕੀਤੇ ਗਏ ਉੱਦਮ ਤਹਿਤ ਬਿਜਲੀ ਘਰ ਮਮਦੋਟ ਵਿਖੇ ਲਗਾਏ ਗਏ ਨਵੇਂ ਬਰੇਕਰਾਂ ਦਾ ਉਦਘਾਟਨ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਦੀ ਗੈਰ-ਹਾਜ਼ਰੀ ਵਿੱਚ ਉਨ੍ਹਾਂ ਦੇ ਨਿੱਜੀ ਸਕੱਤਰ ਹਰਪਿੰਦਰਪਾਲ ਸਿੰਘ ਰੋਬੀ ਸੰਧੂ ਨੇ ਕੀਤਾ। ਇਸ ਮੌਕੇ ਬੋਲਦਿਆਂ ਹਰਪਿੰਦਰਪਾਲ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਹਲਕਾ ਵਿਧਾਇਕ ਲੋਕਾਂ ਦੀ ਹਰ ਤਰ੍ਹਾਂ ਦੀ ਸੇਵਾ ਲਈ ਹਰੇਕ ਸਮੇਂ ਹਾਜ਼ਰ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਨ੍ਹਾਂ ਨਾਲ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਉਪਿੰਦਰ ਸਿੰਘ ਸਿੱਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ, ਨਿਰਵੈਰ ਸਿੰਘ ਸਿੱਧੀ ਜ਼ਿਲ੍ਹਾ ਮੀਡੀਆ ਇੰਚਾਰਜ, ਫੁੰਮਣ ਸਿੰਘ ਐਕਸੀਅਨ, ਬਹਾਦੁਰ ਸਿੰਘ ਐੱਸ ਡੀ ਓ, ਸੁਰਿੰਦਰ ਕੁਮਾਰ ਸੋਨੂ ਸੇਠੀ ਐੱਮ ਸੀ ਤੇ ਬਲਾਕ ਪ੍ਰਧਾਨ ਮਮਦੋਟ, ਬਲਵਿੰਦਰ ਸਿੰਘ ਸਰਪੰਚ ਰਾਉਕੇ ਬਲਾਕ ਪ੍ਰਧਾਨ, ਗੁਰਨਾਮ ਸਿੰਘ ਸਰਪੰਚ ਹਜਾਰਾ ਬਲਾਕ ਪ੍ਰਧਾਨ, ਸ਼ਾਮ ਸਿੰਘ ਮੁੱਦਕਾ ਮੱਲਵਾਲ, ਅਮਨਦੀਪ ਸਿੰਘ ਸਰਪੰਚ ਝੋਕ ਨੋਧ ਸਿੰਘ ਬਲਾਕ ਪ੍ਰਧਾਨ, ਸੰਦੀਪ ਕੁਮਾਰ ਸੋਨੀ ਵਾਰਡ ਨੰਬਰ 5, ਤਰਸੇਮ ਸਿੰਘ ਸੋਨੂੰ ਛੱਪੜ, ਹਰਜਿੰਦਰ ਸਿੰਘ ਸਿੱਧੀ, ਮਨਦੀਪ ਸਿੰਘ ਸਰਪੰਚ ਪਿਆਰੇਆਨਾ, ਸੰਜੀਵ ਕੁਮਾਰ ਧਵਨ, ਬਲਵੀਰ ਸਿੰਘ ਜਲੋ ਕੇ, ਬਲਵਿੰਦਰ ਸਿੰਘ ਜਲੋ ਕੇ ਤੇ ਹੋਰ ਬਹੁਤ ਸਾਰੇ ਆਗੂ ਤੇ ਵਰਕਰ ਹਾਜ਼ਰ ਸਨ।

10-Oct Page 11-Majha-25.qxd 10/9/2025 10:46 PM Page 1



# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਐੱਸ ਐੱਚ ਓ ਵੈਰੋਵਾਲ ਨਾਲ ਵਿਸ਼ੇਸ਼ ਮੀਟਿੰਗ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਖਡੂਰ ਸਾਹਿਬ ਦੇ ਪ੍ਰਧਾਨ ਸੁਖਚੈਨ ਸਿੰਘ (ਅੱਲੋਵਾਲ), ਸਕੱਤਰ ਭਗਵਾਨ ਸਿੰਘ ਸੰਘਰ ਪ੍ਰਧਾਨਗੀ ਹੇਠ ਥਾਣਾ ਵੈਰੋਵਾਲ ਦੇ ਐਸ ਐਚ ਓ ਨਰੇਸ਼ ਕੁਮਾਰ ਨਾਲ ਲਗਭਗ ਤਿੰਨ ਘੰਟੇ ਲੰਮੀ ਗੱਲਬਾਤ ਚੱਲੀ। ਇਸ ਗੱਲਬਾਤ ਦੌਰਾਨ ਜ਼ਿਲ੍ਹਾ ਤਰਨ ਤਾਰਨ ਦੇ ਮੀਤ ਪ੍ਰਧਾਨ ਦਿਆਲ ਸਿੰਘ ਮੀਆਂਵਿੰਡ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਸਲੇ ਪਿੰਡ ਮੀਆਂਵਿੰਡ ਦੇ ਕੁਝ ਮਸਲੇ, ਏਕਲਗੱਡੇ ਦਾ ਮਸਲਾ, ਪਿੰਡ ਕੱਲੇ ਦੇ ਮਸਲੇ, ਪਿੰਡ ਗਿੱਲ ਕਲੇਰ ਪੁਰੇਆਲ ਦੇ ਮਸਲੇ ਸਨ।



ਸੁਖਚੈਨ ਸਿੰਘ ਅੱਲੋਵਾਲ ਨੇ ਕਿਹਾ ਕਿ ਥਾਣਾ ਵੈਰੋਵਾਲ ਦੇ ਅਧੀਨ ਆਉਂਦੇ ਪਿੰਡਾਂ ਦੇ ਬਹੁਤ ਸਾਰੇ ਮਸਲੇ ਜੋ ਲੰਮੇ ਸਮੇਂ ਤੋਂ ਲਟਕੇ ਹੋਏ ਹਨ ਉਹਨਾਂ ਦਾ ਜਲਦ ਨਿਬੇੜਾ ਕੀਤਾ ਜਾਵੇ। ਪੁਲਸ ਪ੍ਰਸ਼ਾਸਨ ਨਾਲ ਸੰਬੰਧਤ ਇਨ੍ਹਾਂ ਪਿੰਡਾਂ ਦੇ ਮਸਲੇ ਠੰਢੇ ਬਸਤੇ ਵਿੱਚ ਪਾਏ ਹੋਏ ਹਨ, ਨਾਲ ਹੀ ਕੁਝ ਦਿਨ ਪਹਿਲਾਂ ਪਿੰਡ ਮੀਆਂਵਿੰਡ ਵਿਖੇ ਫਰਜ਼ੀ ਡਾਕਟਰਾਂ ਵੱਲੋਂ ਪਿੰਡ ਦੇ ਭੋਲ਼ੇ ਭਾਲ਼ੇ ਲੋਕਾਂ ਨੂੰ ਗੁੰਮਰਾਹ ਕਰਕੇ ਇਲਾਜ ਵਾਲੇ ਕਾਰਡ ਬਣਾ ਕੇ ਲੁੱਟਣ ਦੇ ਮਾਮਲੇ ਸਬੰਧੀ, ਆਦਿ ਕਈ ਮਸਲਿਆਂ ਉੱਪਰ ਵਿਚਾਰ ਚਰਚਾ ਕੀਤੀ ਗਈ ਅਤੇ ਐਸ ਐਚ ਓ ਨੇ ਵਿਸ਼ਵਾਸ ਦਿੰਦੇ ਹੋਏ ਕਿਹਾ ਸਾਰੇ ਹੀ ਮਸਲੇ ਧਿਆਨ ਵਿੱਚ ਹਨ ਅਤੇ 2, 3 ਦਿਨਾਂ ਵਿੱਚ ਸਾਰੇ ਮਸਲੇ ਨਿਬੇੜ ਦਿੱਤੇ ਜਾਣਗੇ। ਇਸ ਦੌਰਾਨ ਇਕਾਈ ਪ੍ਰਧਾਨ ਗੁਰਵਿੰਦਰ ਸਿੰਘ ਗੋਗਾ ਮੀਆਂ ਵਿੰਡ, ਗੁਰਪਿੰਦਰ ਸਿੰਘ ਮੀਆਂ ਵਿੰਡ, ਭੁਪਿੰਦਰ ਸਿੰਘ ਮੀਆਂ ਵਿੰਡ, ਗੁਲਜ਼ਾਰ ਸਿੰਘ ਮੀਆਂ ਵਿੰਡ ਸਿਮਰਪ੍ਰੀਤ ਏਕਲਗੱਡਾ, ਰਜਿੰਦਰ ਸਿੰਘ ਫਾਜ਼ਲਪੁਰ, ਹਕੀਮ ਸਿੰਘ ਜਵੰਧਪੁਰ, ਰਾਜੂ ਜਵੰਧਪੁਰ, ਬੌਬੀ ਜਵੰਧਪੁਰ ਮਨਜੀਤ ਨਾਗੋਕੇ, ਗੁਰਦੀਪ ਗਿੱਲ ਕਲੇਰ, ਅਜੀਤ ਸਿੰਘ ਮਲਮੋਰੀ, ਸੰਤੋਖ ਸਿੰਘ ਨੰਬਰਦਾਰ ਦਲਬੀਰ ਸਿੰਘ ਬੱਬੂ ਪ੍ਰੈੱਸ ਸਕੱਤਰ ਬਿਕਰਮਜੀਤ ਮੀਆਂਵਿੰਡ ਅਤੇ ਵੱਖ ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਜਥੇਬੰਦਕ ਲੋਕ ਹਾਜ਼ਰ ਸਨ।

# ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਵਿਸ਼ਾਲ ਧਰਨਾ ਤੇ ਮੁਜ਼ਾਹਰਾ ਅੱਜ

ਅਜਨਾਲਾ (ਸੁਖਵਿੰਦਰ ਸਿੰਘ ਰਾਜੂ)-ਹੜ੍ਹਾਂ ਨਾਲ ਜਿਹੜਾ ਲੋਕਾਂ ਦਾ ਬਹੁਤ ਭਾਰੀ ਫ਼ਸਲਾਂ ਤੇ ਜਾਨ ਮਾਲ ਦਾ ਨੁਕਸਾਨ ਹੋਇਆ ਉਸ ਦੀ ਪੂਰੀ ਪੂਰੀ ਭਰਪਾਈ ਪੰਜਾਬ ਤੇ ਕੇਂਦਰ ਸਰਕਾਰ ਕੋਲੋਂ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚੇ ਦੇ ਪ੍ਰੋਗਰਾਮ ਅਨੁਸਾਰ ਸਰਕਾਰਾਂ ਤੇ ਬਣਦਾ ਦਬਾਅ ਪਾਉਣ ਲਈ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫਤਰ ਸਾਹਮਣੇ 10 ਅਕਤੂਬਰ ਨੂੰ ਜ਼ਿਲ੍ਹਾ ਪੱਧਰੀ ਵਿਸ਼ਾਲ ਧਰਨਾ ਤੇ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਉਸ ਵਿੱਚ ਹੜ੍ਹ ਪੀੜਤਾਂ ਨੂੰ ਵੱਧ ਤੋਂ ਵੱਧ ਲਾਮਬੰਦੀ ਕਰਨ ਲਈ ਇਥੇ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਤੇ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਦੀ ਅਗਵਾਈ 'ਚ ਹੜ੍ਹ ਪੀੜਤ ਪਿੰਡਾਂ ਤਲਵੰਡੀ ਰਾਏ ਦਾਦੂ, ਫੱਕ ਗੱਗੋ ਮਾਹਲ, ਤੇੜਾਂ ਰਾਜਪੂਤਾਂ, ਡੱਲਾ ਰਾਜਪੂਤਾਂ, ਆਦਿ ਪਿੰਡਾਂ ਦਾ ਦੌਰਾ ਕਰਦੇ ਹੋਏ ਡਿਆਲ ਭੱਟੀ ਵਿੱਚ ਹੜ੍ਹ ਪੀੜਤਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਚੰਡੀਗੜ੍ਹ ਵਿੱਚ ਸੰਯੁਕਤ ਕਿਸਾਨ ਮੋਰਚੇ ਦੀ ਕੌਮੀ ਮੀਟਿੰਗ ਜਿਹੜੀ 7 ਅਕਤੂਬਰ ਨੂੰ ਕਿਸਾਨ ਭਵਨ ਵਿਖੇ ਕੀਤੀ ਗਈ ਉਸ ਵਿੱਚ ਫੈਸਲਾ ਕੀਤਾ ਗਿਆ ਕਿ ਇਹ ਜਿਹੜੇ ਹੜ੍ਹ ਆਏ ਨੇ ਇਹ ਕੁਦਰਤੀ ਕਰੋਪੀ ਨਹੀਂ ਸਗੋਂ ਮਨੁੱਖੀ ਲਾਪਰਵਾਹੀ ਜਿਸ ਦੀ ਜ਼ਿੰਮੇਵਾਰ ਪੰਜਾਬ ਤੇ ਕੇਂਦਰ ਸਰਕਾਰਾਂ ਅਤੇ ਭਾਖੜਾ ਬਿਆਸ ਮੈਨੇਜਮੈਂਟ



ਮੁੱਖ ਰੂਪ ਵਿੱਚ ਜ਼ਿੰਮੇਵਾਰ ਹਨ। ਜਿਸ ਲਈ ਸੰਯੁਕਤ ਕਿਸਾਨ ਮੋਰਚਾ ਮੰਗ ਕਰਦਾ ਹੈ ਕਿ ਇਸ ਦੀ ਸੁਪਰੀਮ ਕੋਰਟ ਦੇ ਸਿਟਿੰਗ ਜੱਜ ਦੀ ਅਗਵਾਈ ਹੇਠ ਜੁਡੀਸ਼ਲ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਮੋਰਚੇ ਨੇ ਇਹ ਵੀ ਮੰਗ ਕੀਤੀ ਹੈ ਕਿ ਭਵਿੱਖ ਵਿਚ ਹੜ੍ਹਾਂ ਦੀ ਰੋਕਥਾਮ ਕਰਨ ਲਈ ਦਰਿਆਵਾਂ ਦਾ ਨਹਿਰੀਕਰਨ ਕੀਤਾ ਜਾਵੇ। ਐਸ ਕੇ ਐਮ ਵੱਲੋਂ ਇਸ ਗੱਲ 'ਤੇ ਖਾਸ ਜ਼ੋਰ ਦਿੱਤਾ ਕਿ ਫਸਲਾਂ ਦਾ ਖ਼ਰਾਬਾ ਕਾਸ਼ਤਕਾਰਾਂ ਨੂੰ ਹੀ ਦਿੱਤਾ ਜਾਵੇ। ਮੋਰਚੇ ਨੇ ਇਹ ਵੀ ਉਚੇਚਾ ਫੈਸਲਾ ਕੀਤਾ ਕਿ ਹੜ੍ਹ ਪੀੜਤ ਪਿੰਡਾਂ ਦੇ ਖੇਤ ਮਜ਼ਦੂਰਾਂ ਨੂੰ ਇੱਕ ਏਕੜ ਖ਼ਰਾਬੇ ਪਿੱਛੇ 10 ਹਜ਼ਾਰ ਰੁਪਏ ਦਿੱਤੇ ਜਾਣ ਅਤੇ ਪਿੰਡਾਂ ਦੇ ਹੜ੍ਹ ਪੀੜਤਾਂ ਗਰੀਬ ਪਰਵਾਰਾਂ ਨੂੰ ਮੁੜ ਪੈਰਾਂ ਤੇ ਖੜ੍ਹਾ ਕਰਨ ਲਈ 1 ਲੱਖ ਰੁਪਏ ਪ੍ਰਤੀ ਪਰਵਾਰਾਂ ਨੂੰ ਅੰਤਿਮ ਰਾਹਤ ਵਜੋਂ ਦਿੱਤੇ ਜਾਣ ਐਸ ਕੇ ਐਮ ਨੇ ਜਿਹੜੀ ਰਾਹਤ ਪੰਜਾਬ ਤੇ ਕੇਂਦਰ ਸਰਕਾਰ ਨੇ ਐਲਾਨੀ ਹੈ ਉਸ ਦੀ ਅਲੋਚਨਾ ਕਰਦਿਆਂ ਕਿਹਾ ਕਿ ਇਹ ਉਠ ਦੇ ਮੂੰਹ ਵਿੱਚ ਜ਼ੀਰਾ ਦੇਣ ਵਾਲੀ ਗੱਲ ਹੈ। ਮੋਰਚੇ ਨੇ ਮੰਗ ਦੁਹਰਾਈ ਕਿ ਫਸਲਾਂ ਦੇ ਖ਼ਰਾਬਾ ਲਈ 70 ਹਜ਼ਾਰ ਰੁਪਏ ਪ੍ਰਤੀ ਏਕੜ ਕਾਸ਼ਤਕਾਰਾਂ ਨੂੰ ਦਿੱਤੇ ਜਾਣ, ਮਰ ਗਈਆਂ ਦੁਧਾਰੂ ਗਾਵਾਂ ਮੱਝਾਂ ਦਾ ਮੁਆਵਜ਼ਾ 1 ਲੱਖ ਰੁਪਏ ਪ੍ਰਤੀ ਪਸ਼ੂ ਭੇਡ ਬੱਕਰੀ ਵਗੈਰਾ ਛੋਟੇ ਪਸ਼ੂਆਂ ਲਈ 20 ਹਜ਼ਾਰ ਰੁਪਏ ਦਿੱਤੇ ਜਾਣ ਇਸ ਤਰ੍ਹਾਂ ਹੜ੍ਹਾਂ ਦੌਰਾਨ ਮਾਰੇ ਗਏ ਲੋਕਾਂ ਦੇ ਪਰਵਾਰਾਂ ਨੂੰ 25 ਲੱਖ ਰੁਪਏ ਦਾ ਮੁਆਵਜ਼ਾ ਤੇ ਪਰਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।

ਬੁਨਿਆਦੀ ਮੰਗਾਂ ਪੂਰੀਆਂ ਕਰਵਾਉਣ ਲਈ ਐਸ ਕੇ ਐਮ ਵੱਲੋਂ ਸੰਘਰਸ਼ ਦੇ ਪਹਿਲੇ ਪੜਾਅ ਵਿੱਚ ਡਿਪਟੀ ਕਮਿਸ਼ਨਰਾਂ ਸਾਹਮਣੇ ਧਰਨੇ ਦਿੱਤੇ ਜਾ ਰਹੇ ਹਨ। ਐਸ ਕੇ ਐਮ 'ਚ ਸ਼ਾਮਲ ਕਿਸਾਨ ਜੱਥੇਬੰਦੀਆਂ ਵੱਲੋਂ 10 ਅਕਤੂਬਰ ਨੂੰ ਡੀ ਸੀ ਅੰਮ੍ਰਿਤਸਰ ਦੇ ਦਫਤਰ ਸਾਹਮਣੇ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਮੂਲੀਅਤ ਕਰਦੇ ਹੋਏ ਧਰਨਾ ਤੇ ਮੁਜ਼ਾਹਰਾ ਕੀਤਾ ਜਾ ਰਿਹਾ ਹੈ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਰਪੰਚ ਹਰਦਿਆਲ ਸਿੰਘ ਡਿਆਲ ਭੱਟੀ, ਪ੍ਰੋ. ਮਾਲਕ ਸਿੰਘ ਗੁਰਾਲਾ, ਬੀਬੀ ਅਜੀਤ ਕੌਰ ਤੇ ਸੂਰਤ ਸਿੰਘ ਕੋਟ ਰਜ਼ਾਦਾ, ਬਲਵਿੰਦਰ ਸਿੰਘ ਡਿਆਲ ਭੱਟੀ, ਹਰਨੇਕ ਸਿੰਘ ਨੇਪਾਲ, ਗਾਇਕ ਗੁਰਪਾਲ ਗਿੱਲ ਸੈਦਪੁਰ, ਕੁਲਬੀਰ ਸਿੰਘ ਤੇੜਾਂ ਰਾਜਪੂਤਾਂ, ਬਾਬਾ ਸੁਖਦੇਵ ਸਿੰਘ ਤੇ ਸੁਖਵਿੰਦਰ ਸਿੰਘ ਡਿਆਲ ਭੱਟੀ ਆਦਿ ਹੜ੍ਹ ਪੀੜਤ ਸ਼ਾਮਲ ਸਨ ।

# ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਗੁਰਪੁਰਬ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਸਾਧਪੁਰ ਦੇ ਗੁਰਦੁਆਰਾ ਭਜਨਗੜ੍ਹ ਸਾਹਿਬ ਵਿਖੇ ਭਾਈ ਦਲੇਰ ਸਿੰਘ ਖਾਲਸਾ ਦੇ ਉਪਰਾਲੇ ਸਦਕਾ ਪਿੰਡ ਦੀ ਸਮੂਹ ਸਾਧ ਸੰਗਤ ਵੱਲੋਂ ਚੌਥੀ ਪਾਤਸ਼ਾਹੀ ਧੰਨ-ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਗੁਰਪੁਰਬ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕੀਤੇ ਜਾਣ ਤੋਂ ਬਾਅਦ ਕਥਾਵਾਚਕ ਭਾਈ ਬੂਟਾ ਸਿੰਘ ਤਰਸਿੱਕਾ, ਰਾਗੀ ਜਥਾ ਭਾਈ ਗੁਰਤੇਜ ਸਿੰਘ ਸਠਿਆਲਾ ਅਤੇ ਭਾਈ ਲਖਵਿੰਦਰ ਸਿੰਘ ਦੇ ਜਥੇ ਵੱਲੋਂ ਗੁਰੂ ਕੀ ਇਲਾਹੀ ਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ । ਇਸ ਮੌਕੇ ਨਗਰ ਦੀ ਸੰਗਤ ਤੋਂ ਇਲਾਵਾ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਤੇ ਉਹਨਾਂ ਦੇ ਧਰਮ ਪਤਨੀ ਡਾ. ਸਤਿੰਦਰ ਕੌਰ ਮਜੀਠੀਆ, ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ, ਗੁਰਪ੍ਰੀਤ ਸਿੰਘ ਜਲਾਲਉਸਮਾ, ਸੁਖਜੀਤ ਸਿੰਘ ਮਾਨ, ਨਾਨਕ ਸਿੰਘ ਰਾਮਦੀਵਾਲੀ, ਚੇਅਰਮੈਨ ਗੁਰਮੁਖ ਸਿੰਘ ਕਾਦਰਾਬਾਦ, ਰਮੇਸ਼ ਸਿੰਘ, ਰਣਜੀਤ ਸਿੰਘ ਲੰਬੜਦਾਰ, ਰਾਜਵਿੰਦਰ ਸਿੰਘ ਮੈਂਬਰ, ਪ੍ਰਭਜੋਤ ਸਿੰਘ, ਰਮਨੀਕ ਸਿੰਘ, ਜਸਪਾਲ ਸਿੰਘ ਮੈਂਬਰ, ਸਰਮੁਖ ਸਿੰਘ, ਯੋਗਰਾਜ ਸਿੰਘ ਬਾਠ, ਬਲਜੀਤ ਸਿੰਘ ਅਕਾਲੀਆਂ, ਡਾ.



ਸੁਖਚੈਨ ਸਿੰਘ, ਅਵਤਾਰ ਸਿੰਘ, ਸੁਖਦੇਵ ਸਿੰਘ ਉਪਲਾਂਵਾਲੇ, ਮੇਹਰ ਸਿੰਘ ਠੇਕੇਦਾਰ, ਸੁਚੇਤ ਸਿੰਘ ਅਤੇ ਹੋਰ ਬਹੁਤ ਸਾਰੀਆਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ । ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਭਾਈ ਦਲੇਰ ਸਿੰਘ ਵੱਲੋਂ ਰਾਗੀ ਸਿੰਘਾਂ ਨੂੰ ਸਿਰੋਪਾਓ ਭੇਟ ਕੀਤੇ ਗਏ। ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

## ਰਾਜਵੀਰ ਜਵੰਦਾ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪੰਜਾਬ ਦੇ ਮਸਹੂਰ ਗਾਇਕ ਰਾਜਵੀਰ ਜਵੰਦਾ ਦੀ ਬੇਵਕਤੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਮਾਝਾ ਦੇ ਸੂਬਾ ਜਨਰਲ ਸਕੱਤਰ ਰਜਿੰਦਰ ਸਿੰਘ ਜਫਰਵਾਲ ਨੇ ਕਿਹਾ ਗਾਇਕ ਰਾਜਵੀਰ ਜਵੰਦਾ ਦੀ ਭਰ ਜਵਾਨੀ ਵਿੱਚ ਹੋਈ ਮੌਤ ਦਾ ਪੂਰੀ ਦੁਨੀਆ ਵਿੱਚ ਸੋਗ ਦਾ ਮਹੌਲ ਪੈਦਾ ਹੋ ਗਿਆ। ਉਨ੍ਹਾਂ ਨੇ ਭਾਰਤੀ ਕਿਸਾਨ ਯੂਨੀਅਨ ਮਾਝਾ ਵਲੋਂ ਗਾਇਕ ਰਾਜਵੀਰ ਜਵੰਦਾ ਦੇ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਦਿੱਲੀ ਕਿਸਾਨ ਅੰਦੋਲਨ ਵਿੱਚ ਗਾਇਕ ਰਾਜਵੀਰ ਜਵੰਦਾ ਨੇ ਖੁਦ ਹਾਜ਼ਰ ਹੋ ਕੇ ਜਿਥੇ ਕਿਸਾਨੀ ਲਈ ਹਾਅ ਦਾ ਨਾਅਰਾ ਮਾਰਿਆ, ਉਥੇ ਆਪਣੇ ਗੀਤਾਂ ਰਾਹੀਂ ਵੀ ਕਿਸਾਨਾਂ ਦੀ ਅਵਾਜ਼ ਨੂੰ ਸਰਕਾਰ ਤੱਕ ਪਹੁੰਚਾਉਣ ਦਾ ਯਤਨ ਕੀਤਾ। ਉਹਨਾਂ ਦੀ ਮੌਤ ਦੀ ਖਬਰ ਸੁਣਦਿਆਂ ਹੀ ਬੇਹੱਦ ਅਫਸੋਸ ਹੋਇਆ। ਅਸੀਂ ਸਮੁੱਚੀ ਕਿਸਾਨ ਜਥੇਬੰਦੀ ਵੱਲੋਂ ਉਹਨਾਂ ਦੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ ਅਤੇ ਅਰਦਾਸ ਕਰਦੇ ਹਾਂ ਕਿ ਪਰਮਾਤਮਾ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ। ਇਸ ਮੌਕੇ ਸੂਬਾ ਜਨਰਲ ਸਕੱਤਰ ਰਜਿੰਦਰ ਸਿੰਘ ਜਫਰਵਾਲ ਦੇ ਨਾਲ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਦਲਜੀਤ ਸਿੰਘ ਸਿੱਧਵਾਂ, ਕਵਲ ਬਿਧੀਪੁਰ, ਦਲਵਿੰਦਰ ਸਿੰਘ ਜਫਰਵਾਲ ਆਦਿ ਕਿਸਾਨ ਆਗੂ ਮੌਜੂਦ ਸਨ।



## ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਸਕੂਲ ਅਸੈਂਬਲੀ ਦੌਰਾਨ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਬੱਚਿਆਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੀ ਜੀਵਨੀ ਬਾਰੇ ਦੱਸਿਆ ਅਤੇ ਉਹਨਾਂ ਦੇ ਦਰਸਾਏ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਉਪਰੰਤ ਸਕੂਲ ਦੇ ਗੁਰਦੁਆਰਾ ਸਾਹਿਬ ਵਿੱਚ ਸਭ ਬੱਚਿਆਂ ਅਤੇ ਸਮੂਹ ਸਟਾਫ ਨੇ ਰਲ ਮਿਲ ਕਰਕੇ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਕੀਤੇ, ਉਪਰੰਤ ਕੀਰਤਨ ਰੂਪ ਵਿੱਚ ਸ੍ਰੀ ਚੌਪਈ ਸਾਹਿਬ ਦੇ ਪਾਠ ਕੀਤੇ ਗਏ। ਉਪਰੰਤ ਸਕੂਲ ਦੇ ਬੱਚਿਆਂ ਵੱਲੋਂ ਮਨੋਹਰ ਕੀਰਤਨ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਪ੍ਰੀਤ ਕੌਰ ਨੇ ਬੱਚਿਆਂ ਨੂੰ ਕਿਹਾ ਕਿ ਗੁਰੂ ਸਾਹਿਬਾਨ ਦੇ ਗੁਰਪੁਰਬ ਸਿਰਫ ਮਨਾਉਣ ਤੱਕ ਹੀ ਸੀਮਤ ਨਹੀਂ ਰਹਿਣਾ ਸਗੋਂ ਉਹਨਾਂ ਦੇ ਕਹੇ ਅਨੁਸਾਰ ਸੇਵਾ ਸਿਮਰਨ ਨਾਲ ਅਤੇ ਗੁਰਬਾਣੀ ਨਾਲ ਜੁੜਨਾ ਹੈ।



## ਤਿੰਨ ਪਿਸਤੌਲਾਂ ਸਮੇਤ ਦੋ ਗ੍ਰਿਫ਼ਤਾਰ

ਛੇਹਰਟਾ, (ਮਨੋਜ ਕੁਮਾਰ)- ਅੰਮ੍ਰਿਤਸਰ ਦਿਹਾਤੀ ਪੁਲਸ ਨੇ 3 ਪਿਸਤੌਲਾਂ, 10 ਜ਼ਿੰਦਾ ਰੌਂਦ, ਇੱਕ ਮੋਬਾਈਲ ਫੋਨ ਤੇ ਇਕ ਬਿਨਾਂ ਨੰਬਰੀ ਮੋਟਰ ਸਾਈਕਲ ਸਮੇਤ 2 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਡੀ.ਐਸ.ਪੀ (ਡੀ) ਗੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਸਪੈਸ਼ਲ ਸੈੱਲ ਅੰਮ੍ਰਿਤਸਰ ਦਿਹਾਤੀ ਦੀ ਟੀਮ ਨੂੰ ਗੁਪਤ ਸੂਚਨਾ ਪ੍ਰਾਪਤ ਹੋਈ ਕਿ ਪ੍ਰਭਜੀਤ ਸਿੰਘ ਉਰਫ਼ ਹੱਪਾ ਤੇ ਜਸ਼ਨਦੀਪ ਸਿੰਘ ਦੋਵੇਂ ਵਾਸੀ ਪਿੰਡ ਦਾਉਕੇ ਪਾਕਿਸਤਾਨ-ਅਧਾਰਤ ਸਮੱਗਲਰਾਂ ਨਾਲ ਸਿੱਧੇ ਸੰਪਰਕ ਵਿਚ ਹਨ ਅਤੇ ਸੋਸ਼ਲ ਮੀਡੀਆ ਰਾਹੀਂ ਹਥਿਆਰਾਂ ਤੇ ਹੋਰ ਗੈਰ ਕਾਨੂੰਨੀ ਸਮੱਗਰੀ ਦੀ ਪ੍ਰਾਪਤੀ ਤੇ ਸਪਲਾਈ ਦਾ ਕੰਮ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸੂਚਨਾ 'ਤੇ ਤੁਰੰਤ ਕਾਰਵਾਈ ਕਰਦਿਆਂ ਸਪੈਸ਼ਲ ਸੈੱਲ ਵੱਲੋਂ ਇੰਟੈਲੀਜੈਂਸ-ਲੀਡ ਅਪਰੇਸ਼ਨ ਦੌਰਾਨ ਉਕਤ ਮੁਲਜ਼ਮਾਂ ਨੂੰ 3 ਪਿਸਤੌਲਾਂ (.30 ਬੋਰ), 10 ਜ਼ਿੰਦਾ ਰੌਂਦ, ਇਕ ਮੋਬਾਈਲ ਫੋਨ ਤੇ ਇਕ ਬਿਨਾਂ ਨੰਬਰੀ ਮੋਟਰ ਸਾਈਕਲ ਸਮੇਤ ਕਾਬੂ ਕੀਤਾ ਗਿਆ। ਇਸ ਸਬੰਧੀ ਥਾਣਾ ਘਰਿੰਡਾ ਵਿਚ ਮਾਮਲਾ ਦਰਜ ਕਰਕੇ ਤਫਤੀਸ਼ ਸ਼ੁਰੂ ਕੀਤੀ ਗਈ ਹੈ।




## ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ

ਬਟਾਲਾ (ਡਾਕਟਰ ਮਲਵਿੰਦਰ ਸਿੰਘ)-ਡਿਪਟੀ ਕਮਿਸਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਐਸ.ਡੀ.ਐਮ ਬਟਾਲਾ ਵਿਕਰਮਜੀਤ ਸਿੰਘ ਪਾਂਥੇ ਦੀ ਅਗਵਾਈ ਵਿਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਟਾਲਾ ਅਤੇ ਮੁੱਖ ਖੇਤੀਬਾੜੀ ਅਫਸਰ, ਗੁਰਦਾਸਪੁਰ ਡਾ. ਅਮਰੀਕ ਸਿੰਘ ਦੀ ਅਗਵਾਈ ਹੇਠ ਬਲਾਕ ਬਟਾਲਾ ਅਧੀਨ ਅਉਦੇਂ ਪਿੰਡ ਹਰਦੋਝੰਡੇ ਵਿਖੇ ਪਰਾਲੀ ਦੀ ਸੁਚੱਜੀ ਸਾਂਭ ਸੰਭਾਲ ਸਬੰਧੀ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਮੌਕੇ ਕੁਲਵਿੰਦਰ ਕੌਰ ਖੇਤੀਬਾੜੀ ਵਿਸਥਾਰ ਅਫਸਰ, ਬਟਾਲਾ ਨੇ ਦੱਸਿਆ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਜਿੱਥੇ ਜ਼ਹਿਰੀਲੀਆਂ ਗੈਸਾਂ ਨਾਲ ਵਾਤਾਵਰਣ ਪਲੀਤ ਹੁੰਦਾ ਹੈ ਓਥੇ ਜ਼ਮੀਨ ਦੇ ਉਪਜਾਊ ਤੱਤ ਵੀ ਸੜ ਕੇ ਨਸ਼ਟ ਹੋ ਜਾਂਦੇ ਹਨ। ਉਨ੍ਹਾਂ ਕਿਸਾਨਾਂ ਨੂੰ ਸਿਫਾਰਸ਼ ਕੀਤੀ ਗਈ ਕਿ ਝੋਨੇ ਦੀ ਪਰਾਲੀ ਨੂੰ ਬਿਨਾਂ ਅੱਗ ਲਗਾਏ ਜ਼ਮੀਨ ਵਿਚ ਵਾਹ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਿਚ ਵਾਧਾ ਕਰਨਾ ਚਾਹੀਦਾ ਹੈ। ਇਸ ਮੌਕੇ ਉਹਨਾਂ ਪਰਾਲੀ ਦੀ ਸਾਂਭ ਸੰਭਾਲ ਲਈ ਸਬਸਿਡੀ ਤੇ ਦਿੱਤੀ ਗਈ ਮਸ਼ੀਨਰੀ ਬਾਰੇ ਦੱਸਿਆ ਅਤੇ ਵਿਸ਼ੇਸ਼ ਤੌਰ ਤੇ ਕਣਕ ਦੀ ਬਿਜਾਈ ਵਾਸਤੇ ਪਰਾਲੀ ਨੂੰ ਬਿਨਾਂ ਅੱਗ ਲਗਾਏ ਸੁਪਰ ਸੀਡਰ ਦੀ ਵਰਤੋ ਕਰਨ ਦੀ ਅਪੀਲ ਕੀਤੀ।




ਇਸ ਮੌਕੇ ਬੀ.ਡੀ.ਪੀ.ਓ ਬਲਜੀਤ ਸਿੰਘ ਨੇ ਪਿੰਡ ਹਰਦੋਝੰਡੇ ਦੇ ਕਿਸਾਨਾਂ ਨੂੰ ਕਿਹਾ ਕਿ ਪਰਾਲੀ ਦੀ ਅੱਗ ਲੱਗਣ ਨਾਲ ਰਾਹ ਜਾਂਦੇ ਰਾਹੀਆਂ ਨੂੰ ਵੀ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਦਾ ਹੈ ਤੇ ਕਈ ਵਾਰ ਖੇਤਾ ਵਿਚ ਲਗਾਈ ਅੱਗ ਕਾਰਨ ਹਾਦਸੇ ਵੀ ਹੋ ਜਾਂਦੇ ਹਨ ਤੇ ਇਸ ਲਈ ਸਾਨੂੰ ਫਸਲਾ ਦੀ ਰਹਿੰਦ ਖੂੰਹਦ ਨੂੰ ਅੱਗ ਨਹੀ ਲਗਾਉਣੀ ਚਾਹੀਦੀ।ਇਸ ਮੌਕੇ ਪਿੰਡ ਵਿੱਚ ਤੈਨਾਤ ਨੋਡਲ ਅਫਸਰ ਹਰਵਿੰਦਰ ਸਿੰਘ, ਸਰਪੰਚ, ਨੰਬਰਦਾਰ ਅਤੇ ਇਲਾਕੇ ਦੇ ਅਗਾਂਹਵਧੂ ਕਿਸਾਨ ਹਾਜ਼ਰ ਸਨ।

# ਕਮਿਊਨਿਟੀ ਸਿਹਤ ਕੇਂਦਰ ਘਰਿਆਲਾ ਵਿਖੇ ਜਾਗਰੂਕਤਾ ਕੈਂਪ ਲਗਾਇਆ

ਪੱਟੀ (ਬਲਦੇਵ ਸਿੰਘ ਸੰਧੂ)-ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਦੇ ਦਿਸ਼ਾ ਨਿਰਦੇਸ਼ ਅਤੇ ਮੁੱਖ ਖੇਤੀਬਾੜੀ ਅਫ਼ਸਰ ਤਰਨ ਤਰਨ ਡਾ. ਤੇਜਬੀਰ ਸਿੰਘ ਦੀ ਦੇਖ ਰੇਖ ਹੇਠ ਸੂਚਨਾ, ਸਿੱਖਿਆ ਅਤੇ ਪ੍ਰਸਾਰ ਗਤੀਵਿਧੀਆਂ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਬਲਾਕ ਪੱਟੀ ਦੇ ਅਧਿਕਾਰੀਆਂ ਨੇ ਸਿਹਤ ਕੇਂਦਰ ਘਰਿਆਲਾ ਵਿਖੇ ਜਾਗਰੂਕਤਾ ਕੈਂਪ ਲਗਾਇਆ। ਇਸ ਮੌਕੇ ਡਾ. ਸੰਦੀਪ ਕੌਰ ਅੱਖਾਂ ਦੇ ਮਾਹਰ, ਬਲਾਕ ਖੇਤੀਬਾੜੀ ਅਫਸਰ, ਪੱਟੀ ਡਾ. ਭੁਪਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਬੀ ਟੀ ਐਮ ਨੇ ਵਾਤਾਵਰਣ ਦੀ ਸਵੱਛਤਾ ਵਿਸ਼ੇ ਅਤੇ 9 ਅਕਤੂਬਰ ਨੂੰ ਅੱਖਾਂ ਦੀ ਸਲਾਮਤੀ ਲਈ ਵਿਸ਼ਵ ਪੱਧਰ 'ਤੇ ਮਨਾਏ ਜਾਂਦੇ ਦ੍ਰਿਸ਼ਟੀ ਦਿਵਸ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਜਿਸ ਤਰ੍ਹਾਂ ਅੱਖਾਂ ਅਤੇ ਮਨੁੱਖੀ ਸਿਹਤ ਲਈ ਚੰਗੀ ਖੁਰਾਕ ਜ਼ਰੂਰੀ ਹੈ ਉਸੇ ਤਰ੍ਹਾਂ ਆਬੋ ਹਵਾ ਦਾ ਵੀ ਸਾਫ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਵੱਧ ਤੋਂ ਵੱਧ ਸਿੱਖਿਅਤ ਹੋ ਕੇ ਵਾਤਾਵਰਣ ਨੂੰ ਪ੍ਰਦੂਸ਼ਤ ਕਰਨ ਵਾਲੀਆਂ ਗਤੀਵਿਧੀਆਂ ਜਿਵੇਂ ਆਤਿਸ਼ਬਾਜ਼ੀ, ਕੂੜਾ-ਕਰਕਟ ਨੂੰ ਅੱਗ ਲਗਾਉਣਾ, ਪਰਾਲੀ ਸਾੜਨਾ ਆਦਿ ਖਾਸ ਤੌਰ 'ਤੇ ਸਰਦ ਰੁੱਤ ਦੀ ਆਮਦ ਮੌਕੇ ਬਹੁਤ ਹੀ ਨੁਕਸਾਨਦੇਹ ਹੁੰਦਾ ਹੈ। ਇਸ ਦੌਰਾਨ ਇਨ੍ਹਾਂ ਗਤੀਵਿਧੀਆਂ ਨਾਲ ਪੈਦਾ ਹੁੰਦੀਆਂ ਜ਼ਹਿਰੀਲੀਆਂ ਗੈਸਾਂ ਸਾਹ ਅਤੇ ਅੱਖਾਂ ਦੀਆਂ ਬਿਮਾਰੀਆਂ ਵਿੱਚ ਵਾਧਾ ਕਰਦੀਆਂ ਹਨ। ਜਿਸ ਨਾਲ ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ ਦਾ ਵੱਡਾ ਨੁਕਸਾਨ ਵੇਖਣ ਨੂੰ ਮਿਲਦਾ ਹੈ। ਕਈ ਵਾਰ ਤਾਂ ਫਸਲਾਂ ਦੀ ਰਹਿੰਦ ਖੂੰਹਦ ਨੂੰ ਲਾਏ ਲਾਂਬੂ ਸੜਕੀ ਦੁਰਘਟਨਾਵਾਂ ਦਾ ਵੀ ਕਾਰਨ ਬਣ ਜਾਂਦੇ ਹਨ। ਪਰਾਲੀ ਨੂੰ ਲਗਾਏ ਲਾਂਬੂ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਘਟਾ ਦਿੰਦੇ ਹਨ। ਇਸ ਲਈ ਸਾਨੂੰ ਸਭ ਨੂੰ ਚਾਹੀਦਾ ਹੈ ਕਿ ਅਜਿਹੀ ਸੋਚ ਪੈਦਾ ਕੀਤੀ ਜਾਵੇ ਜਿਸ ਨਾਲ ਸਾਡੀ ਧਰਤੀ ਅਤੇ ਮਨੁੱਖੀ ਸਿਹਤ ਤੰਦਰੁਸਤ ਰਹਿ ਸਕੇ। ਇਸ ਮੌਕੇ ਸਰਕਲ ਇੰਚਾਰਜ ਰਜਿੰਦਰ ਕੁਮਾਰ ਖੇਤੀਬਾੜੀ ਵਿਸਥਾਰ ਅਫਸਰ ਨੇ ਜਾਣਕਾਰੀ ਦਿੱਤੀ ਕਿ ਪਰਾਲੀ ਪ੍ਰਬੰਧਨ ਲਈ ਸਰਕਾਰ ਵੱਲੋਂ ਸਮੇਂ-ਸਮੇਂ ਤੇ ਕਿਸਾਨਾਂ ਨੂੰ ਸਬਸਿਡੀ 'ਤੇ ਮਸ਼ੀਨਰੀ ਦਿੱਤੀ ਜਾ ਰਹੀ ਹੈ ਜਿਸ ਨੂੰ ਕਿਸਾਨ ਖੁਦ ਖਰੀਦ ਕੇ ਜਾਂ ਕਿਰਾਏ 'ਤੇ ਲਿਆ ਕੇ ਉਪਯੋਗ ਵਿੱਚ ਲਿਆ ਸਕਦੇ ਹਨ। ਇਸ ਮੌਕੇ ਫਾਰਮੇਸੀ ਅਫਸਰ ਨਵਕਿਰਨ ਸਿੰਘ, ਜੋਰਾਵਰ ਸਿੰਘ ਸੁਪਰਵਾਈਜ਼ਰ, ਗੁਰਪ੍ਰੀਤ ਕੌਰ ਆਸ਼ਾ ਫੈਸੀਲੀਟੇਟਰ, ਸਰਬਜੀਤ ਕੌਰ, ਪਰਮਜੀਤ ਸਿੰਘ ਬੀ ਈ ਈ ਅਤੇ ਆਸ਼ਾ ਵਰਕਰ ਵੀ ਹਾਜ਼ਰ ਸਨ।



## ਦੀਵਾਲੀ/ਗੁਰਪੁਰਬ ਦੇ ਤਿਉਹਾਰ ਮੌਕੇ ਪਟਾਕਿਆਂ ਦੀ ਵਿਕਰੀ ਲਈ ਅਸਥਾਈ ਲਾਇਸੰਸ ਜਾਰੀ ਹੋਣਗੇ

ਪੱਟੀ (ਬਲਦੇਵ ਸਿੰਘ ਸੰਧੂ) - ਦੀਵਾਲੀ/ਗੁਰਪੁਰਬ ਦੇ ਤਿਉਹਾਰ ਮੌਕੇ ਜ਼ਿਲ੍ਹਾ ਤਰਨ ਤਾਰਨ ਵਿੱਚ ਪਟਾਕਿਆਂ (ਗਰੀਨ ਕਰੈਕਰਸ) ਦੀ ਵਿਕਰੀ ਲਈ ਅਸਥਾਈ ਲਾਇਸੰਸ ਜਾਰੀ ਕੀਤੇ ਜਾਣਗੇ। ਡਿਪਟੀ ਕਮਿਸ਼ਨਰ ਰਾਹੁਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਮ ਪਬਲਿਕ ਪਟਾਕਿਆਂ ਦੀ ਵਿਕਰੀ ਲਈ ਅਸਥਾਈ ਲਾਇਸਂਸ ਲੈਣ ਲਈ 13 ਅਕਤੂਬਰ ਤੋਂ 15 ਅਕਤੂਬਰ ਤੱਕ ਸੇਵਾ ਕੇਂਦਰ ਤੋਂ ਅਪਲਾਈ ਕਰ ਸਕਦੇ ਹਨ ਅਤੇ ਇਸ ਉਪਰੰਤ 16 ਅਕਤੂਬਰ ਨੂੰ ਡਰਾਅ ਕੱਢਿਆ ਜਾਵੇਗਾ।



ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਮੈਰਿਜ ਪੈਲੇਸਾਂ ਵਿਚ ਵਿਆਹ ਅਤੇ ਹੋਰ ਸਮਾਗਮਾਂ ਦੇ ਮੌਕੇ ਪਟਾਕੇ ਚਲਾਉਣ ਲਈ ਡਿਪਟੀ ਕਮਿਸ਼ਨਰ ਦਫ਼ਤਰ ਪਾਸੋਂ ਲਾਇਸੰਸ ਲੈਣਾ ਹੋਵੇਗਾ। ਜਿਸ ਦੀ ਪੂਰਨ ਤੌਰ 'ਤੇ ਜ਼ਿੰਮੇਵਾਰੀ ਮੈਰਿਜ ਪੈਲੇਸ ਦੇ ਮਾਲਕ ਦੀ ਹੋਵੇਗੀ।

# ਬਿਆਸ 'ਚ ਹੋਏ ਕਤਲ ਮਾਮਲੇ 'ਚ ਇੱਕ ਗ੍ਰਿਫਤਾਰ, ਵਾਰਦਾਤ 'ਚ ਵਰਤੀ ਗੱਡੀ ਬਰਾਮਦ

ਬਿਆਸ (ਪਰਮਜੀਤ ਸਿੰਘ ਰੱਖੜਾ)-ਮਨਿੰਦਰ ਸਿੰਘ ਐਸ ਐਸ ਪੀ ਅੰਮ੍ਰਿਤਸਰ ਦਿਹਾਤੀ, ਅਰੁਣ ਸ਼ਰਮਾ ਡੀ ਐਸ ਪੀ ਬਾਬਾ ਬਕਾਲਾ ਸਾਹਿਬ ਦੀ ਅਗਵਾਈ ਹੇਠ ਪੁਲਸ ਸਟੇਸ਼ਨ ਬਿਆਸ ਦੀ ਟੀਮ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਕਤਲ ਦੇ ਮਾਮਲੇ 'ਚ ਸ਼ਾਮਲ ਇੱਕ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। 4 ਅਕਤੂਬਰ ਨੂੰ ਸਰਕਾਰੀ ਸਕੂਲ ਬਿਆਸ ਤੋਂ ਇੱਕ ਨਾ-ਮਾਲੂਮ ਵਿਅਕਤੀ ਦੀ ਲਾਸ਼ ਬਰਾਮਦ ਹੋਈ ਸੀ। ਮ੍ਰਿਤਕ ਦੀ ਧੌਣ ਦੇ ਇੱਕ ਪਾਸੇ ਬਾਜ਼ ਅਤੇ ਗੋਪੀ ਨਾਂਅ ਦਾ ਟੈਟੂ ਅਤੇ ਦੂਜੇ ਪਾਸੇ ਹੈਪੀ ਨਾਂਅ ਦਾ ਟੈਟੂ ਬਣਿਆ ਹੋਇਆ ਸੀ। ਸ਼ੁਰੂਆਤੀ ਜਾਂਚ ਵਿੱਚ ਪਤਾ ਲੱਗਿਆ ਕਿ ਉਸ ਦੀ ਮੌਤ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਗੋਲੀ ਮਾਰ ਕੇ ਕੀਤੀ ਗਈ ਹੈ। ਇਸ ਸੰਬੰਧੀ ਥਾਣਾ ਬਿਆਸ ਵਿੱਚ ਮੁਕੱਦਮਾ ਦਰਜ ਕਰਕੇ ਤਫਤੀਸ਼ ਸ਼ੁਰੂ ਕੀਤੀ ਗਈ।ਮੁਕੱਦਮੇ ਦੀ ਤਫਤੀਸ਼ ਕਰਦਿਆਂ ਮ੍ਰਿਤਕ ਦੀ ਪਹਿਚਾਣ ਸਤਨਾਮ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਉੱਚਾ ਪਿੰਡ ਥਾਣਾ ਪਤਾਰਾ ਜ਼ਿਲ੍ਹਾ ਜਲੰਧਰ, ਹਾਲ ਵਾਸੀ ਮੋਲਾਵਾਹਦਪੁਰ ਥਾਣਾ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਜੋਂ ਹੋਈ। ਤਫਤੀਸ਼ ਦੌਰਾਨ ਵਾਰਦਾਤ ਵਿੱਚ ਵਰਤੀ ਗਈ ਗੱਡੀ ਕ੍ਰੇਟਾ ਟਰੇਸ ਕੀਤੀ ਗਈ।ਤਫਤੀਸ਼ ਕਰਦਿਆਂ ਇਸ ਮਾਮਲੇ ਵਿੱਚ ਇਸ਼ਵਿੰਦਰ ਕੌਲ ਉਰਫ ਈਸ਼ੂ ਬਾਬਾ ਪੁੱਤਰ ਪਰਮਜੀਤ ਸਿੰਘ ਵਾਸੀ ਉੱਚਾ ਥਾਣਾ ਪਤਾਰਾ ਜ਼ਿਲ੍ਹਾ ਜਲੰਧਰ, ਅਮਨ ਪੁੱਤਰ ਕਰਨੈਲ ਸਿੰਘ ਵਾਸੀ ਜੇਠਪੁਰ ਥਾਣਾ ਪਤਾਰਾ ਜ਼ਿਲ੍ਹਾ ਜਲੰਧਰ, ਬਲਵਿੰਦਰ ਸਿੰਘ ਉਰਫ ਪ੍ਰਿੰਸ ਪੁੱਤਰ ਸਤਨਾਮ ਸਿੰਘ ਵਾਸੀ ਮਹਾਲੋ ਜ਼ਿਲ੍ਹਾ ਨਵਾਂਸ਼ਹਿਰ, ਸੁਖਵਿੰਦਰ ਸਿੰਘ ਉਰਫ ਰੰਗੀ ਪੁੱਤਰ ਪੰਮਾ ਵਾਸੀ ਮਹਾਲੋ ਜ਼ਿਲ੍ਹਾ ਨਵਾਂਸ਼ਹਿਰ ਨੂੰ ਨਾਮਜ਼ਦ ਕੀਤਾ ਗਿਆ। ਜਿਸ ਸੰਬੰਧੀ ਐਸ ਐਚ ਓ ਥਾਣਾ ਬਿਆਸ ਸ਼ਮਸ਼ੇਰ ਸਿੰਘ ਵੱਲੋਂ ਕਾਰਵਾਈ ਕਰਦਿਆਂ ਕਥਿਤ ਮੁਲਜ਼ਮ ਬਲਵਿੰਦਰ ਸਿੰਘ ਉਰਫ ਪ੍ਰਿੰਸ ਪੁੱਤਰ ਸਤਨਾਮ ਸਿੰਘ ਵਾਸੀ ਮਹਾਲੋ ਜ਼ਿਲ੍ਹਾ ਨਵਾਂਸ਼ਹਿਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰ ਮੁਲਜ਼ਮ ਦੇ ਕਬਜ਼ੇ 'ਚੋਂ ਵਾਰਦਾਤ ਵਿੱਚ ਵਰਤੀ ਗਈ ਕ੍ਰੇਟਾ ਗੱਡੀ ਬਰਾਮਦ ਕੀਤੀ ਗਈ ਹੈ।



# ਦੋ ਰੋਜ਼ਾ ਛਿੰਝ ਮੇਲੇ ਦੌਰਾਨ 'ਚ ਪਹਿਲਵਾਨਾਂ ਦਿਖਾਏ ਸਰੀਰਕ ਜੌਹਰ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਜ਼ਿਲ੍ਹਾ ਅੰਮ੍ਰਿਤਸਰ 'ਚ ਪੈਂਦੇ ਇਤਿਹਾਸਕ ਕਸਬਾ ਚਵਿੰਡਾ ਦੇਵੀ ਵਿਖੇ ਬਾਬਾ ਦਲ ਜੀ ਰੰਧਾਵਾ ਦੀ ਯਾਦ 'ਚ ਪੜੇਵੀ ਵਾਲਾ ਖੇਡ ਸਟੇਡੀਅਮ ਵਿਚ ਇਲਾਕੇ ਨਾਲ ਲੱਗਦੇ 22 ਪਿੰਡਾਂ ਦੇ ਸਹਿਯੋਗ ਸਦਕਾ ਦੋ ਰੋਜ਼ਾ ਛਿੰਝ ਮੇਲਾ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋਇਆ। ਇਸ ਦੋ ਰੋਜ਼ਾ ਛਿੰਝ ਮੇਲੇ ਦੇ ਪਹਿਲੇ ਦਿਨ ਦੇਸ਼ ਭਰ 'ਚੋਂ ਵੱਡੀ ਗਿਣਤੀ 'ਚ ਪ੍ਰਸਿੱਧ ਪਹਿਲਵਾਨਾਂ ਨੇ ਪੁੱਜ ਕੇ ਆਪਣੇ ਸਰੀਰਕ ਜੌਹਰ ਵਿਖਾਏ। ਪਹਿਲੇ ਦਿਨ ਦਾ ਪਿੜ ਪਿੰਡ ਚੋਗਾਵਾਂ-ਰੂਪੋਵਾਲੀ ਦੀ ਦੇਖ-ਰੇਖ ਤੇ ਸਰਪੰਚ ਦਰਬਾਰਾ ਸਿੰਘ ਚੋਗਾਵਾਂ, ਸਰਪੰਚ ਹਰਜਿੰਦਰ ਸਿੰਘ ਰੂਪੋਵਾਲੀ ਖੁਰਦ ਅਤੇ ਪੰਚਾਇਤਾਂ ਦੀ ਅਗਵਾਈ ਹੇਠ ਕੁਝ ਨੇੜਲੇ ਪਿੰਡਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਛਿੰਝ ਮੇਲੇ 'ਚ ਸਪੈਸ਼ਲ ਕੁਸ਼ਤੀਆਂ ਪਹਿਲਵਾਨ ਜੱਸਾ ਪੱਟੀ ਤੇ ਮੰਨਾ ਬਾਹੜੋਵਾਲ, ਭੁਪਿੰਦਰ ਅਜਨਾਲਾ ਤੇ ਅਜੇ ਕੈਥਲ, ਪ੍ਰਿੰਸ ਕਹਾਲੀ ਤੇ ਲੱਲੂ ਜੰਮੂ ਕੇਸਰੀ, ਗੌਰਵ ਮਾਛੀਵਾੜਾ ਤੇ ਰੋਸ਼ਨ ਕਿਰਲਗੜ੍ਹ ਦਰਮਿਆਨ ਕਰਵਾਈਆਂ ਗਈਆਂ ਤੋਂ ਇਲਾਵਾ ਕਈ ਵੱਡੀਆਂ ਕਾਂਟੇ ਦੀਆਂ ਇਨਾਮੀ ਕੁਸ਼ਤੀਆਂ ਕਰਵਾਈਆਂ ਗਈਆਂ।ਛਿੰਝ ਮੇਲੇ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਮਜੀਠਾ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਸੰਬੋਧਨ ਕਰਦਿਆਂ ਕਿਹਾ ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪਿੰਡਾਂ ਵਿਚ ਇਹੋ ਜਿਹੇ ਵੱਡੇ ਛਿੰਝ ਮੇਲੇ ਕਰਾਉਣੇ ਸ਼ਲਾਘਾ ਯੋਗ ਉਪਰਾਲਾ ਹੈ। ਇਸ ਮੌਕੇ ਤਲਬੀਰ ਸਿੰਘ ਗਿੱਲ ਵਲੋਂ ਮੇਲਾ ਪ੍ਰਬੰਧਕਾਂ ਨੂੰ ਨਗਦ ਰਾਸ਼ੀ ਦਿੱਤੀ ਗਈ। ਇਸ ਮੌਕੇ ਸਰਪੰਚ ਦਰਬਾਰਾ ਸਿੰਘ ਚੋਗਾਵਾਂ, ਪਹਿਲਵਾਨ ਰਣਜੀਤ ਸਿੰਘ ਰਾਣਾ ਵੰਝ, ਪਹਿਲਵਾਨ ਕੁਲਦੀਪ ਸਿੰਘ ਚੁਗਾਵਾਂ, ਸਵਰਨਜੀਤ ਸਿੰਘ ਕੁਰਾਲੀਆਂ, ਕਾਕਾ ਭੰਡਾਰੀ ਚਵਿੰਡਾ ਦੇਵੀ, ਪਹਿਲਵਾਨ ਪਰਵੀਨ ਚੋਗਾਵਾਂ, ਚੇਅਰਮੈਨ ਪ੍ਰਗਟ ਸਿੰਘ ਚੋਗਾਵਾਂ, ਅਜੇਪਾਲ ਸਿੰਘ ਏ. ਪੀ. ਚਵਿੰਡਾ ਦੇਵੀ, ਸਵਰਨ ਸਿੰਘ ਮੁਨੀਮ, ਪਹਿਲਵਾਨ ਕੁਲਦੀਪ ਸਿੰਘ ਚੋਗਾਵਾਂ, ਸਰਪੰਚ ਜਤਿੰਦਰਪਾਲ ਸਿੰਘ ਸੰਧੂ ਕੱਥੂਨੰਗਲ, ਮਹਿਤਾਬ ਚਵਿੰਡਾ ਦੇਵੀ, ਕੁਲਦੀਪ ਸ਼ਰਮਾ, ਸਰਪੰਚ ਗੁਰਭੇਜ ਸਿੰਘ ਸੋਨਾ ਭੋਵਾ, ਮਨਜੀਤ ਸਿੰਘ ਸੋਹੀ ਅਬਦਾਲ, ਪ੍ਰੇਮ ਸਿੰਘ ਸੋਨੀ ਰੰਧਾਵਾ ਕੱਥੂਨੰਗਲ, ਜਸਪਾਲ ਸਿੰਘ ਭੋਆ, ਪਹਿਲਵਾਨ ਦੂਦਾ ਭੋਵਾਂ, ਪਹਿਲਵਾਨ ਚੀਪੂ ਚੋਗਾਵਾਂ, ਨੰਬਰਦਾਰ ਅਵਤਾਰ ਸਿੰਘ ਸਮੇਤ ਵੱਡੀ ਗਿਣਤੀ ਇਲਾਕਾ ਨਿਵਾਸੀ ਅਤੇ ਪਹਿਲਵਾਨ ਹਾਜ਼ਰ ਸਨ।



## ਐੱਚ ਡੀ ਐੱਫ ਸੀ ਬੈਂਕ ਨੇ 'ਮਾਈ ਬਿਜ਼ਨਸ ਕਿਊ ਆਰ' ਲਾਂਚ ਕੀਤਾ

**ਜਲੰਧਰ** : ਐਚ ਡੀ ਐਫ ਸੀ ਬੈਂਕ ਨੇ ਗਲੋਬਲ ਫਿਨਟੈਕ ਫੈਸਟ (ਜੀ ਐਫ ਐਫ) 2025 ਵਿੱਚ 'ਮਾਈ ਬਿਜ਼ਨਸ ਕਿਊ ਆਰ' ਦੇ ਲਾਂਚ ਦੀ ਘੋਸ਼ਣਾ ਕੀਤੀ। 'ਮਾਈ ਬਿਜ਼ਨਸ ਕਿਊ ਆਰ' ਛੋਟੇ ਕਾਰੋਬਾਰਾਂ ਲਈ ਭਾਰਤ ਦਾ ਪਹਿਲਾ ਕਾਮਰਸ ਆਈਡੈਂਟਿਟੀ ਕਿਊ ਆਰ ਹੈ।

ਇਸ ਬੈਂਕ ਦੀ ਪ੍ਰਸਿੱਧ ਸਮਾਰਟਹਬ ਵਪਾਰ ਵਪਾਰਕ ਐਪ ਦੇ ਵਿਸਤਾਰ ਦੇ ਰੂਪ ਵਿੱਚ ਵਪਾਰੀਫਾਈ ਦੇ ਨਾਲ ਸਾਂਝੇ ਵਿੱਚ ਲਾਂਚ ਕੀਤਾ ਗਿਆ ਹੈ, ਜਿਸ ਦਾ ਉਪਯੋਗ ਦੇਸ਼ ਵਿੱਚ 20 ਲੱਖ ਤੋਂ ਵੱਧ ਵਪਾਰੀ ਹਨ। ਐਚ ਡੀ ਐਫ ਸੀ ਬੈਂਕ ਦੇ ਪ੍ਰਮੁੱਖ ਭੁਗਤਾਨ ਅਤੇ ਪ੍ਰਤੱਖ ਬੈਂਕਿੰਗ ਚੈਨਲ, ਰਜਨੀਸ਼ ਪ੍ਰਭੂ ਨੇ ਇਸ ਅਫਸਰ 'ਤੇ ਬੋਲਦੇ ਹੋਏ ਕਿਹਾ: ਐਚ ਡੀ ਐਫ ਸੀ ਬੈਂਕ ਵਿੱਚ, ਸਾਡੀ ਵਿਜ਼ਨ ਹਰ ਵਪਾਰੀ ਦੀ ਸਹਾਇਤਾ ਲਈ ਸਹਾਇਤਾ ਕਰਦਾ ਹੈ ਅਤੇ ਗਾਹਕਾਂ ਦਾ ਵਿਸ਼ਵਾਸ ਵਧਾਉਂਦਾ ਹੈ। ਵਪਾਰਕ ਐਪ ਦੇ ਨਾਲ ਅਸੀਂ ਵਪਾਰੀਆਂ ਲਈ ਡਿਜੀਟਲ ਭੁਗਤਾਨ ਸਵਿਕ੍ਰਿਤੀ ਨੂੰ ਸਧਾਰਨ ਬਣਾਇਆ ਹੈ।

# ਭਾਜਪਾ ਦੇ ਸਰਗਰਮ ਵਰਕਰ ਸਿੱਕੀ ਦੀ ਅਗਵਾਈ ਹੇਠ ਕਾਂਗਰਸ 'ਚ ਸ਼ਾਮਲ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਇਤਿਹਾਸਿਕ ਕਸਬੇ ਖਡੂਰ ਸਾਹਿਬ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਪਾਰਟੀ ਦੇ ਸੀਨੀਅਰ ਤੇ ਸਰਗਰਮ ਵਰਕਰ ਪਰਮਜੀਤ ਸਿੰਘ ਮਾਨ ਆਪਣੇ ਸਾਥੀਆਂ ਸੁਮਿੰਦਰ ਸਿੰਘ, ਇੰਦਰਜੀਤ ਸਿੰਘ, ਜਸਵੰਤ ਸਿੰਘ, ਸੁਰਜੀਤ ਸਿੰਘ, ਨਵਜੋਤ ਸਿੰਘ, ਪ੍ਰਭਦੀਪ ਸਿੰਘ, ਅਮਨਦੀਪ ਸਿੰਘ ਆਦਿ ਆਪਣੀ ਪਾਰਟੀ ਨੂੰ ਪੱਕੇ ਤੌਰ 'ਤੇ ਅਲਵਿਦਾ ਕਹਿ ਕੇ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੇ ਗ੍ਰਹਿ ਪਿੰਡ ਰੈਸ਼ੀਆਣਾ ਵਿਖੇ ਜੈਕਾਰਿਆਂ ਤੇ ਨਾਅਰਿਆਂ ਦੀ ਗੂੰਜ ਵਿੱਚ ਕਾਂਗਰਸ ਪਾਰਟੀ 'ਚ ਸ਼ਾਮਲ ਹੋ ਗਏ।ਜਿੱਥੇ ਉਨ੍ਹਾਂ ਨੂੰ ਸਿੱਕੀ ਨੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਤੇ ਵਿਸ਼ਵਾਸ ਦਿੱਤਾ ਕਿ ਸਮਾਂ ਆਉਣ 'ਤੇ ਇਹਨਾਂ ਮਿਹਨਤੀ ਵਰਕਰਾਂ ਨੂੰ ਕਾਂਗਰਸ ਪਾਰਟੀ 'ਚ ਵੱਡੀ ਜਿਜ਼ਮੇਵਾਰੀ ਸੌਂਪ ਕੇ ਬਣਦਾ ਮਾਣ ਸਤਿਕਾਰ ਕੀਤਾ ਜਾਵੇਗਾ। ਇਸ ਮੌਕੇ ਸਿੱਕੀ ਨੇ ਕਿਹਾ ਕਿ ਅੱਜ ਕੇਂਦਰ ਸਰਕਾਰ ਦੀਆਂ ਗਲਤ ਤੇ ਲੋਕ ਮਾਰੂ ਨੀਤੀਆਂ ਤੋਂ ਦੁਖੀ ਹੋ ਕੇ ਲੋਕ ਕਾਂਗਰਸ ਪਾਰਟੀ 'ਚ ਆ ਰਹੇ ਹਨ।ਪੰਜਾਬ ਦੇ ਸੂਝਵਾਨ ਤੇ ਬਹਾਦਰ ਵੋਟਰ 2027 'ਚ ਮੁੜ ਆਪਣੀ ਕਾਂਗਰਸ ਪਾਰਟੀ ਦੀ ਆਪਣੀ ਸਰਕਾਰ ਲਿਆ ਕੇ ਮੁੜ ਪੰਜਾਬ ਚੋਂ ਰੁਕੇ ਸਾਰੇ ਵਿਕਾਸ ਕਾਰਜ ਮੁਕੰਮਲ ਕਰਨਗੇ। ਇਸ ਮੌਕੇ ਉਨਾਂ ਨਾਲ ਖਡੂਰ ਸਾਹਿਬ ਤੋ ਸੀਨੀਅਰ ਕਾਂਗਰਸ ਆਗੂ ਕਸਮੀਰ ਸਿੰਘ ਸ਼ਾਹ, ਚੇਅਰਮੈਨ ਅਮਰਜੀਤ ਸਿੰਘ ਖਡੂਰ ਸਾਹਿਬ, ਰਣਜੀਤ ਸਿੰਘ ਪਵਾਰ ਸਿਆਸੀ ਸਕੱਤਰ ਸਾਬਕਾ ਵਿਧਾਇਕ ਸਿੱਕੀ,ਸਰਪੰਚ ਜਗਰੂਪ ਸਿੰਘ ਖਵਾਸਪੁਰ, ਵਿਜੇ ਪਾਲ ਬਾਊ ਮੀਡੀਆ ਇੰਚਾਰਜ, ਨਿਸ਼ਾਨ ਸਿੰਘ ਢੋਟੀ, ਸਰਪੰਚ ਮਨਪ੍ਰੀਤ ਸਿੰਘ ਗੁਲਾਲੀਪੁਰ ਆਦਿ ਹਲਕੇ ਦੇ ਸੀਨੀਅਰ ਕਾਂਗਰਸੀ ਆਗੂ ਹਾਜ਼ਰ ਸਨ।



# ਖੇਤੀਬਾੜੀ ਵਿਭਾਗ ਵੱਲੋਂ ਕਿਸਾਨ ਜਾਗਰੂਕਤਾ ਸਿਖਲਾਈ ਕੈਂਪ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ਼ਾਕਸੀ ਸਾਹਨੀ ਦੇ ਦਿਸ਼ਾ ਨਿਰਦੇਸ਼ਾਂ, ਡਾ. ਬਲਜਿੰਦਰ ਸਿੰਘ ਭੁੱਲਰ ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਅਤੇ ਡਾ. ਹਰਪ੍ਰੀਤ ਸਿੰਘ ਖੇਤੀਬਾੜੀ ਅਫਸਰ ਵੇਰਕਾ ਦੀ ਯੋਗ ਅਗਵਾਈ ਹੇਠ ਪਿੰਡ ਮੀਰਾਂਕੋਟ ਕਲਾਂ ਵਿਖੇ ਪਰਾਲੀ ਨੂੰ ਅੱਗ ਨਾ ਲਗਾਉਣ ਸੰਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਕਿਸਾਨ ਜਾਗਰੂਕਤਾ ਸਿਖਲਾਈ ਕੈਂਪ ਆਯੋਜਨ ਕੀਤਾ ਗਿਆ। ਕੈਂਪ ਸਮੇਂ ਝੋਨੇ ਦੀ ਪਰਾਲੀ ਨੂੰ ਜ਼ਮੀਨ ਵਿੱਚ ਗਾਲਣ ਲਈ ਬਾਇਓ ਡੀ ਕੰਪੋਜ਼ਰ ਦੀ ਵਰਤੋਂ ਕਰਨ ਸਬੰਧੀ ਜਾਗਰੂਕ ਕਰਨ ਦੇ ਨਾਲ ਨਾਲ ਕਿਸਾਨਾਂ ਨੂੰ ਬੇਲਰ ਨਾਲ ਗੰਢਾਂ ਬਣਾਉਣ ਅਤੇ ਹੋਰ ਸੰਦਾਂ ਦੀ ਵਰਤੋਂ ਕਰਨ ਸੰਬੰਧੀ ਵੀ ਦੱਸਿਆ ਗਿਆ। ਖੇਤੀਬਾੜੀ ਸੰਦਾਂ 'ਤੇ ਚੱਲ ਰਹੀ ਸਬਸਿਡੀ ਅਤੇ ਕਣਕ 'ਤੇ ਸਬਸਿਡੀ ਲੈਣ ਲਈ ਆਨਲਾਈਨ ਅਪਲਾਈ ਕਰਨ ਦੀ ਜਾਣਕਾਰੀ ਵੀ ਦਿੱਤੀ ਗਈ। ਇਸ ਮੌਕੇ ਕਿਸਾਨਾਂ ਨੇ ਵਿਸ਼ਵਾਸ ਦਿਵਾਇਆ ਕਿ ਇਸ ਵਾਰ ਮਹਿਕਮੇ ਦੇ ਕਹਿਣ ਅਨੁਸਾਰ ਹੀ ਦਵਾਈਆਂ ਅਤੇ ਖਾਦਾਂ ਦੀ ਵਰਤੋਂ ਕਰਨਗੇ। ਇਸ ਕਿਸਾਨ ਕੈਂਪ ਸਮੇਂ ਖੇਤੀਬਾੜੀ ਵਿਸਥਾਰ ਅਫਸਰ ਪ੍ਰਭਜੋਤ ਸਿੰਘ ਈਸਾਪੁਰ, ਵਿਸਥਾਰ ਅਫਸਰ ਪ੍ਰਭਦੀਪ ਸਿੰਘ ਗਿੱਲ, ਪ੍ਰਦੀਪ ਸਿੰਘ, ਮਨਦੀਪ ਸਿੰਘ, ਹਰਗੁਰਨਾਦ ਸਿੰਘ ਏ ਡੀ ਓ, ਗੁਰਜੀਤ ਸਿੰਘ ਏ ਡੀ ਓ, ਹਰਮੀਤ ਸਿੰਘ , ਬੀ ਟੀ ਐਮ ਰਜਨੀ ਬਿਸ਼ਟ ਏ ਐਸ ਆਈ ਸੰਜੀਵ ਕੱਕੜ, ਸੰਦੀਪ ਕੁਮਾਰ , ਯੋਗੇਸ਼ ਅਤੇ ਹਰਿੰਦਰ ਸਿੰਘ ਹਾਜ਼ਰ ਸਨ। ਕੈਂਪ ਸਮੇਂ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਡਾਕਟਰ ਆਸਥਾ, ਡਾਕਟਰ ਰਮਿੰਦਰ ਕੌਰ ਨੇ ਕਿਸਾਨਾਂ ਨੂੰ ਕੁਦਰਤੀ ਖੇਤੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ, ਅਗਾਂਹਵਧੂ ਕਿਸਾਨ ਲਖਵਿੰਦਰ ਸਿੰਘ ਜਹਾਂਗੀਰ ਨੇ ਕਿਸਾਨਾਂ ਨਾਲ ਨੁਕਤੇ ਸਾਂਝੇ ਕੀਤੇ। ਅਖੀਰ ਵਿੱਚ ਸਰਪੰਚ ਮੀਰਾਂਕੋਟ ਕਲਾਂ ਜਸਪਾਲ ਸਿੰਘ ਸੰਧੂ ਨੇ ਸਾਰੇ ਆਏ ਹੋਏ ਅਧਿਕਾਰੀਆਂ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ।



## ਬਲਾਕ ਪ੍ਰਧਾਨ ਸਤਨਾਮ ਸਿੰਘ ਕਾਜੀਕੋਟ ਦਾ ਦੇਹਾਂਤ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਮਜੀਠਾ ਹਲਕੇ ਦੇ ਪਿੰਡ ਕਾਜੀਕੋਟ ਦੇ ਸਾਬਕਾ ਸਰਪੰਚ ਤੇ ਪ੍ਰਧਾਨ ਬਲਾਕ ਕਾਂਗਰਸ ਕਮੇਟੀ ਮਜੀਠਾ-2 ਸਤਨਾਮ ਸਿੰਘ ਕਾਜੀਕੋਟ ਦਾ ਵੀਰਵਾਰ ਅਚਾਨਕ ਦੇਹਾਂਤ ਹੋ ਗਿਆ। ਇਸ ਦੁੱਖ ਦੀ ਘੜੀ ਵਿੱਚ ਕਾਂਗਰਸ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਭਗਵੰਤਪਲ ਸਿੰਘ ਸੱਚਰ, ਸਾਬਕਾ ਵਿਧਾਇਕ ਸਵਿੰਦਰ ਸਿੰਘ ਕੱਥੂਨੰਗਲ, ਗੁਰਜੀਤ ਸਿੰਘ ਔਜਲਾ ਮੈਂਬਰ ਪਾਰਲੀਮੈਂਟ, ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ, ਹਰਜਿੰਦਰ ਸਿੰਘ ਸੰਧੂ ਡੀ ਡੀ ਪੀ ਓ, ਸਾਬਕਾ ਚੇਅਰਮੈਨ ਗੁਰਮੀਤ ਸਿੰਘ ਰਾਜੂ, ਸੀਨੀਅਰ ਕਾਂਗਰਸੀ ਆਗੂ ਝਿਲਮਲ ਸਿੰਘ ਸਾਧਪੁਰ, ਗੁਰਮੁੱਖ ਸਿੰਘ ਅਰਜਨ ਮਾਂਗਾ, ਤਜਿੰਦਰ ਸਿੰਘ ਸ਼ਾਹ ਤਰਫਾਨ, ਬਲਜਿੰਦਰ ਸਿੰਘ ਸਿੱਧੂ, ਸੁਰਜੀਤ ਸਿੰਘ ਭੀਲੋਵਾਲ, ਪਰਮਜੀਤ ਸਿੰਘ ਟਾਹਲੀ ਸਾਹਿਬ ਆਸਟ੍ਰੇਲੀਆ, ਸਰਪੰਚ ਬਲਵਿੰਦਰ ਸਿੰਘ ਸਿਆਲਕਾ, ਸਰਬਜੀਤ ਸਿੰਘ ਉਦੋਕੇ, ਡਾ. ਅਵਤਾਰ ਸਿੰਘ ਸਿੱਧੂ ਹਸਪਤਾਲ ਟਾਹਲੀ ਸਾਹਿਬ, ਰਣਜੀਤ ਸਿੰਘ ਰਾਣਾ ਬਾਬੋਵਾਲ, ਸਤਪਾਲ ਸਿੰਘ ਢੱਡੇ ਆਦਿ ਆਗੂਆਂ ਨੇ ਸਰਪੰਚ ਸਤਨਾਮ ਸਿੰਘ ਕਾਜੀਕੋਟ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਅਸਿਹ ਤੇ ਅਕਿਹ ਭਾਣਾ ਮੰਨਣ ਦਾ ਬੱਲ ਬਖਸ਼ਣ। ਉਹਨਾਂ ਦਾ ਅੰਤਿਮ ਸਸਕਾਰ ਅੱਜ ਪਿੰਡ ਕਾਜੀਕੋਟ ਵਿਖੇ ਕਰ ਦਿੱਤਾ ਗਿਆ ਜਿਸ ਵਿਚ ਇਲਾਕੇ ਵਿਚੋਂ ਵੱਡੀ ਗਿਣਤੀ ਵਿਚ ਸਰਪੰਚ, ਪੰਚ ਅਤੇ ਸਿਆਸੀ, ਧਾਰਮਿਕ, ਅਤੇ ਹੋਰ ਆਗੂ ਹਾਜ਼ਰ ਸਨ ।



# ਸੈਸ਼ਨ ਜੱਜ ਨੇ ਕੈਦੀਆਂ ਦੀਆਂ ਸਮੱਸਿਆਵਾਂ ਸੁਣੀਆਂ

ਪਠਾਨਕੋਟ (ਦਵਿੰਦਰ ਸਿੰਘ)- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਚੇਅਰਮੈਨ ਕਮ ਡਿਸਟ੍ਰਿਕ ਐਂਡ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਵੱਲੋਂ ਸਬ ਜੇਲ੍ਹ ਪਠਾਨਕੋਟ ਦਾ ਦੌਰਾ ਕੀਤਾ ਗਿਆ ਅਤੇ ਕੈਦੀਆਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ।



ਇਸ ਮੌਕੇ ਸੈਸ਼ਨ ਜੱਜ ਵੱਲੋਂ ਕੈਦੀਆਂ ਦੀਆਂ ਬੈਰਕਾਂ ਦੀ ਜਾਂਚ ਕੀਤੀ ਗਈ, ਜਿਹਨਾਂ ਹਵਾਲਾਤੀਆਂ ਕੋਲ ਵਕੀਲ ਨਹੀਂ ਸਨ ਉਹਨਾਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਟੀ ਵੱਲੋਂ ਮੁਫ਼ਤ ਵਿੱਚ ਵਕੀਲ ਮੁਹੱਈਆ ਕਰਵਾਏ ਗਏ।

ਜ਼ਿਲ੍ਹਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਨੇ ਕਿਹਾ ਕਿ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਹਰ ਕੈਦੀ ਅਤੇ ਹਵਾਲਾਤੀ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦਾ ਅਧਿਕਾਰ ਹੈ, ਜਿਸ ਦੇ ਮੱਦੇਨਜ਼ਰ ਅੱਜ ਉਨ੍ਹਾਂ ਵੱਲੋਂ ਸਬ ਜੇਲ੍ਹ ਪਠਾਨਕੋਟ ਦਾ ਦੌਰਾ ਕੀਤਾ ਗਿਆ ਤਾਂ ਜੋ ਹਰ ਕੈਦੀ ਤੇ ਹਵਾਲਾਤੀ ਇਨਸਾਫ ਤੋਂ ਵਾਂਝਾ ਨਾ ਰਹਿ ਸਕੇ। ਇਸ ਮੌਕੇ ਸੀ ਜੇ ਐਮ ਰੁਪਿੰਦਰ ਸਿੰਘ, ਜੇਲ੍ਹ ਸੁਪਰਡੈਂਟ ਹਿਮਾਂਸ਼ੂ ਗੋਇਲ ਆਦਿ ਸ਼ਾਮਲ ਸਨ।

# ਨਸ਼ਾ ਸਮੱਗਲਰ ਦੀ ਗੈਰ ਕਾਨੂੰਨੀ ਜਾਇਦਾਦ ਢਾਹੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ/ਕੰਵਲਜੀਤ ਸਿੰਘ/ਨਰਿੰਦਰਜੀਤ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਿੱਚੋਂ ਨਸ਼ੇ ਦੇ ਖਾਤਮੇ ਲਈ ਸ਼ੁਰੂ ਕੀਤੇ ਗਏ ਯੁੱਧ ਨਸ਼ੇ ਵਿਰੁੱਧ ਤਹਿਤ ਕਾਰਵਾਈ ਕਰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਨੇ ਪੁਲਸ ਦੀ ਮਦਦ ਨਾਲ ਗਲੀ ਨੰਬਰ 5 ਅੰਨਗੜ੍ਹ ਵਿਖੇ ਨਸ਼ਾ ਸਮੱਗਲਰ ਚਾਂਦ ਪੁੱਤਰ ਲਾਭ ਸਿੰਘ ਅਤੇ ਉਸ ਦਾ ਭਰਾ ਜਸਬੀਰ ਸਿੰਘ ਜੋ ਕਤਲ, ਹਥਿਆਰਾਂ ਦੀ ਤਸਕਰੀ, ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਰਿਹਾ ਹੈ ਉਸ ਦੇ ਖਿਲਾਫ਼ ਐਨੀ.ਡੀ.ਪੀ.ਐਸ. ਐਕਟ ਅਤੇ ਆਈ.ਪੀ.ਸੀ. ਤਹਿਤ ਕਈ ਮਾਮਲੇ ਦਰਜ ਹਨ, ਦੇ ਘਰ ਨੂੰ ਢਾਹ ਦਿੱਤਾ ਗਿਆ। ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਦੋਸ਼ੀ ਚਾਂਦ ਵਿਰੁੱਧ ਪਹਿਲਾਂ ਤੋਂ 8 ਮੁਕੱਦਮੇ ਦਰਜ ਹਨ, ਜਦਕਿ ਉਸ ਦੇ ਭਰਾ ਜਸਬੀਰ ਸਿੰਘ ਉੱਤੇ 37 ਮੁਕੱਦਮੇ ਦਰਜ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਇਹ ਕਾਰਵਾਈ ਰਾਜ ਸਰਕਾਰ ਦੀ ਜ਼ੀਰੋ ਟਾਲਰੈਂਸ ਦੀ ਨੀਤੀ ਦੇ ਤਹਿਤ ਕੀਤੀ ਹੈ ਤਾਂ ਜੋ ਨਸ਼ਾ ਤਸਕਰੀ ਦੇ ਜਾਲ ਨੂੰ ਪੂਰੀ ਤਰ੍ਹਾਂ ਤੋੜਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਜਰਮਾਂ ਵਲੋਂ ਨਸ਼ਿਆਂ ਦਾ ਕਾਰੋਬਾਰ ਕਰਕੇ ਨਸ਼ਿਆਂ ਦੀ ਕਾਲੀ ਕਮਾਈ ਨਾਲ ਇਹ ਘਰ ਬਣਾਇਆ ਹੋਇਆ ਸੀ, ਜਿਸ ਨੂੰ ਕਿ ਅੱਜ ਢਾਹ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਇਨ੍ਹਾਂ ਵਰਗੇ ਹੋਰ ਨਸ਼ਾ ਤਸਕਰਾਂ ਨੂੰ ਇਹ ਸਖਤ ਤਾੜਨਾ ਹੈ ਕਿ ਉਹ ਜਾਂ ਤਾਂ ਮਾੜੇ ਕੰਮ ਛੱਡ ਕੇ ਮੁੱਖ ਧਾਰਾ ਵਿੱਚ ਸ਼ਾਮਲ ਹੋ ਕੇ ਆਮ ਜ਼ਿੰਦਗੀ ਬਤੀਤ ਕਰਨ ਨਹੀਂ ਤਾਂ ਜੇਲ ਜਾਣ ਲਈ ਤਿਆਰ ਰਹਿਣ।ਇਸ ਮੌਕੇ ਆਲਮ ਵਿਜੇ ਸਿੰਘ ਡੀ ਸੀ ਪੀ ਅਤੇ ਵਿਸ਼ਾਲਜੀਤ ਸਿੰਘ ਏ ਡੀ ਸੀ ਪੀ ਵੀ ਹਾਜ਼ਰ ਸਨ।



# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਪਟਾਕਿਆਂ ਦੀ ਵੇਚ/ਖ਼ਰੀਦ ਲਈ ਥਾਵਾਂ ਨਿਰਧਾਰਤ

**ਗੁਰਦਾਸਪੁਰ (ਜਨਕ ਮਹਾਜਨ)**- ਹਰਜਿੰਦਰ ਸਿੰਘ ਬੇਦੀ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ 20 ਅਕਤੂਬਰ (ਦੀਵਾਲੀ ਦੇ ਦਿਨ) ਰਾਤ 8 ਤੋਂ ਰਾਤ 10 ਵਜੇ ਤੱਕ (ਗੁਰਪੁਰਬ ਦੇ ਦਿਨ) ਸਵੇਰੇ 4 ਵਜੇ ਤੋਂ ਸਵੇਰੇ 5 ਵਜੇ ਤੱਕ ਅਤੇ ਰਾਤ 9 ਵਜੇ ਤੋਂ ਰਾਤ 10 ਵਜੇ ਤੱਕ, ਕ੍ਰਿਸਮਸ ਅਤੇ ਨਵੇਂ ਸਾਲ ਵਾਲੇ ਦਿਨ, ਰਾਤ ਨੂੰ 11-55 ਵਜੇ ਤੋਂ ਸਵੇਰੇ 12-30 ਤੱਕ ਦੇ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿਚ ਆਤਿਸ਼ਬਾਜ਼ੀ ਚਲਾਉਣ/ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਵਿਚ ਸਾਈਲੈਂਸ ਜ਼ੋਨ, ਜਿਵੇਂ ਸਰਕਾਰੀ ਦਫ਼ਤਰਾਂ, ਜੰਗਲਾਤ, ਹਸਪਤਾਲਾਂ, ਵਿੱਦਿਅਕ ਸੰਸਥਾਵਾਂ, ਅਦਾਲਤਾਂ, ਧਾਰਮਿਕ ਸੰਸਥਾਵਾਂ ਜਾਂ ਕੋਈ ਏਰੀਆ ਜਿਹੜਾ ਕਿ ਸਮਰੱਥ ਅਧਿਕਾਰੀ ਵੱਲੋਂ ਸਾਈਲੈਂਸ ਜ਼ੋਨ ਐਲਾਨਿਆ ਗਿਆ ਹੋਵੇ, ਦੇ 100 ਮੀਟਰ ਦੇ ਘੇਰੇ ਵਿਚ ਆਤਿਸ਼ਬਾਜ਼ੀ/ਪਟਾਕਿਆਂ ਨੂੰ ਚਲਾਉਣ 'ਤੇ ਵੀ ਮੁਕੰਮਲ ਪਾਬੰਦੀ ਲਗਾਈ ਗਈ ਹੈ। ਜਾਰੀ ਕੀਤੇ ਹੁਕਮਾਂ ਵਿਚ ਜ਼ਿਲ੍ਹਾ ਗੁਰਦਾਸਪੁਰ ਅੰਦਰ ਪਟਾਕਿਆਂ ਦੀ ਵੇਚ/ਖ਼ਰੀਦ ਲਈ ਥਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ। ਗੁਰਦਾਸਪੁਰ ਵਿਖੇ, ਗਰਾਊਂਡ, ਸਾਹਮਣੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ ਗੁਰਦਾਸਪੁਰ। ਬਟਾਲਾ ਵਿਖੇ ਪਸ਼ੂ ਮੰਡੀ, ਬਟਾਲਾ, ਦੀਨਾਨਗਰ ਵਿਖੇ ਦਸਹਿਰਾ ਗਰਾਊਂਡ ਦੀਨਾਨਗਰ। ਡੇਰਾ ਬਾਬਾ ਨਾਨਕ/ਕਲਾਨੌਰ ਲਈ ਦਾਣਾ ਮੰਡੀ, ਡੇਰਾ ਬਾਬਾ ਨਾਨਕ ਵਿਖੇ ਅਤੇ ਫ਼ਤਿਹਗੜ੍ਹ ਚੂੜੀਆਂ, ਰੇਲਵੇ ਰੋਡ ਖੇਡ ਸਟੇਡੀਅਮ ਫ਼ਤਿਹਗੜ੍ਹ ਚੂੜੀਆਂ ਵਿਖੇ ਥਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ। ਹੁਕਮਾਂ ਵਿਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ, ਉਦਯੋਗ ਅਤੇ ਕਾਮਰਸ ਵਿਭਾਗ ਚੰਡੀਗੜ੍ਹ ਵੱਲੋਂ ਐਕਸਪਲੋਸਿਵ ਰੂਲ 2008 ਸਬੰਧੀ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਪਟਾਕੇ ਵੇਚਣ ਦਾ ਸਮਾਂ ਸਵੇਰੇ 10 ਵਜੇ ਤੋਂ ਸ਼ਾਮ 7:30 ਵਜੇ ਤੱਕ ਨਿਰਧਾਰਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵੱਲੋਂ ਦਿੱਤੇ ਹੁਕਮਾਂ ਅਨੁਸਾਰ ਦੁਕਾਨਦਾਰਾਂ ਨੂੰ ਪਟਾਕੇ ਵੇਚਣ ਸਬੰਧੀ ਲਾਇਸੈਂਸ ਕੁਲ ਪ੍ਰਾਪਤ ਹੋਈਆਂ ਦਰਖਾਸਤਾਂ ਵਿਚੋਂ 20 ਪ੍ਰਤੀਸ਼ਤ ਦੇ ਹਿਸਾਬ ਨਾਲ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਕੱਢਿਆ ਜਾਵੇਗਾ। ਦੀਵਾਲੀ ਤੇ ਪਟਾਕੇ ਰਾਤ 8 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ, ਕ੍ਰਿਸਮਸ ਤੇ ਨਵੇਂ ਸਾਲ ਵਾਲੇ ਦਿਨ ਰਾਤ 11.55 ਤੋਂ ਸਵੇਰੇ 12.30 ਵਜੇ ਤੱਕ, ਗੁਰਪੁਰਬ ਤੇ ਸਵੇਰੇ 4 ਵਜੇ ਤੋਂ ਸਵੇਰੇ 5 ਵਜੇ ਤੱਕ ਰਾਤ ਨੂੰ 9 ਵਜੇ ਤੋਂ ਰਾਤ 10 ਵਜੇ ਤੱਕ ਹੀ ਆਤਿਸ਼ਬਾਜ਼ੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਨ੍ਹਾਂ ਹੁਕਮਾਂ ਅਨੁਸਾਰ ਉਕਤ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿਚ ਆਤਿਸ਼ਬਾਜ਼ੀ ਚਲਾਉਣ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਹੋਵੇਗੀ। ਉਕਤ ਨਿਰਧਾਰਤ ਥਾਵਾਂ ਪਰ ਪਟਾਕਿਆਂ ਦੀ ਵਿੱਕਰੀ ਸਵੇਰੇ 10 ਵਜੇ ਤੋਂ ਸ਼ਾਮ 7-30 ਵਜੇ ਤੱਕ ਕੀਤੀ ਜਾਵੇਗੀ ਅਤੇ ਇਸ ਤੋਂ ਇਲਾਵਾ ਜ਼ਿਲ੍ਹਾ ਗੁਰਦਾਸਪੁਰ ਅੰਦਰ ਹੋਰ ਕਿਸੇ ਵੀ ਥਾਂ ਦੀ ਵਰਤੋਂ ਪਟਾਕੇ ਅਤੇ ਆਤਿਸ਼ਬਾਜ਼ੀ ਦੀ ਖ਼ਰੀਦ/ਵਿੱਕਰੀ ਲਈ ਨਹੀਂ ਕੀਤੀ ਜਾ ਸਕੇਗੀ। ਉਕਤ ਥਾਵਾਂ ਨੂੰ ਨਾਨ-ਸਮੋਕਿੰਗ ਏਰੀਆ ਘੋਸ਼ਿਤ ਕੀਤਾ ਜਾਂਦਾ ਹੈ। ਸਾਇਲੰਸ ਜ਼ੋਨ ਜਿਵੇਂ ਕਿ ਵਿੱਦਿਅਕ ਸੰਸਥਾਵਾਂ, ਹਸਪਤਾਲਾਂ, ਕੋਰਟ, ਧਾਰਮਿਕ ਥਾਵਾਂ ਆਦਿ ਦੇ ਨਜ਼ਦੀਕ ਪਟਾਕੇ ਅਤੇ ਆਤਿਸ਼ਬਾਜ਼ੀ ਚਲਾਉਣ 'ਤੇ ਪੂਰਨ ਪਾਬੰਦੀ ਰਹੇਗੀ। ਇਹ ਪਾਬੰਦੀ ਦੇ ਹੁਕਮ 8 ਅਕਤੂਬਰ ਤੋਂ 1 ਜਨਵਰੀ, 2026 ਤੱਕ ਲਾਗੂ ਹੋਵੇਗਾ।

# ਮਿਲਖਾ ਸਿੰਘ ਭਿੱਖੀਵਿੰਡ ਭਾਕਿਯੂ ਅੰਬਾਵਤਾ ਦੇ ਬਲਾਕ ਪ੍ਰਧਾਨ ਨਿਯੁਕਤ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਾਰਤੀ ਕਿਸਾਨ ਯੂਨੀਅਨ (ਅੰਬਾਵਤਾ) ਦੀ ਮੀਟਿੰਗ ਜ਼ਿਲ੍ਹਾ ਤਰਨ ਤਾਰਨ ਦੇ ਮੁੱਖ ਦਫ਼ਤਰ ਮਾੜੀ ਕੰਬੋਕੇ ਵਿਖੇ ਜ਼ਿਲ੍ਹਾ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਪਹੁੰਚੇ ਸਮੂਹ ਕਿਸਾਨ ਆਗੂਆਂ ਦੀ ਹਾਜ਼ਰੀ ਵਿੱਚ ਸਭਾ ਦੇ ਕੌਮੀ ਪ੍ਰਧਾਨ ਚੌਧਰੀ ਰਿਸ਼ੀਪਾਲ (ਅੰਬਾਵਤਾ ) ਅਤੇ ਪੰਜਾਬ ਪ੍ਰਧਾਨ ਬਲਦੇਵ ਸਿੰਘ ਮੁਹਰੇਵਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਮਿਲਖਾ ਸਿੰਘ ਭਿੱਖੀਵਿੰਡ ਨੂੰ ਬਲਾਕ ਭਿੱਖੀਵਿੰਡ ਤੋਂ ਪ੍ਰਧਾਨ ਨਿਯੁਕਤ ਕੀਤਾ ਗਿਆ।

ਇਸ ਮੌਕੇ ਪੰਜਾਬ ਸਿੰਘ ਕੰਬੋਕੇ ਨੇ ਜਥੇਬੰਦੀ 'ਚ ਸ਼ਾਮਲ ਹੋਣ 'ਤੇ ਮਿਲਖਾ ਸਿੰਘ ਨੂੰ ਜੀ ਆਇਆਂ ਆਖਦਿਆਂ ਕਿਸਾਨ-ਮਜ਼ਦੂਰਾਂ ਦੇ ਹੱਕਾਂ ਲਈ ਲੜਨ ਲਈ ਪ੍ਰੇਰਿਆ। ਇਸ ਮੌਕੇ ਮਿਲਖਾ ਸਿੰਘ ਭਿੱਖੀਵਿੰਡ ਨੇ ਕਿਹਾ ਕਿ ਜਥੇਬੰਦੀ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਉਹ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਗੁਰਦੇਵ ਸਿੰਘ ਕੰਬੋਕੇ, ਗੁਰਜੰਟ ਸਿੰਘ ਅਲਗੋਂ, ਸਿਕੰਦਰ ਸਿੰਘ ਦਰਾਜਕੇ,ਹਰਜਿੰਦਰ ਸਿੰਘ ਪਹਿਲਵਾਨਕੇ, ਸੁਖਦੇਵ ਸਿੰਘ ਸੁੱਖ ਮਾੜੀਮੇਘਾ, ਲਖਵਿੰਦਰ ਸਿੰਘ ਕੋਟ ਸਿਵੀਆਂ, ਬਾਬਾ ਨਿਸ਼ਾਨ ਸਿੰਘ ਮਾੜੀ ਮੇਘਾ, ਰਾਣਾਪ੍ਰਤਾਪ ਸਿੰਘ ਦਰਾਜਕੇ, ਵਿਕਰਮਜੀਤ ਸਿੰਘ ਭਿੱਖੀਵਿੰਡ, ਸੁਖਪ੍ਰੀਤ ਸਿੰਘ ਮਾੜੀ ਸਮਰਾ, ਗੁਰਜੰਟ ਸਿੰਘ ਅਲਗੋਂ, ਜਸਵੰਤ ਸਿੰਘ ਨੰਬਰਦਾਰ ਮਾਣੋਚਾਹਲ, ਨਛੱਤਰ ਸਿੰਘ ਮਾਣੋਚਾਹਲ, ਹਰਚਰਨ ਸਿੰਘ ਖਾਲੜਾ, ਹਰਜੀਤ ਕੁਮਾਰ ਖਾਲੜਾ, ਮਾਸਟਰ ਸਕੱਤਰ ਸਿੰਘ ਕੰਬੋਕੇ, ਡਾਕਟਰ ਸਤਨਾਮ ਸਿੰਘ ਕੰਬੋਕੇ, ਹਰਿੰਦਰ ਸਿੰਘ ਰੋਹੀ ਵਾਲਾ, ਮਾਸਟਰ ਗੁਰਬੀਰ ਸਿੰਘ ਕੰਬੋਕੇ ਆਦਿ ਆਗੂ ਹਾਜ਼ਰ ਸਨ।



# ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਦਾ ਕੌਮੀ ਅਜਲਾਸ ਅੱਜ ਤੋਂ 12 ਜਲੰਧਰ ਵਿਖੇ

**ਜਲੰਧਰ (ਨ.ਜ਼.ਸ.)**- ਪਿਛਲੇ ਦੋ ਦਹਾਕਿਆਂ ਤੋਂ ਸਿੱਖਿਆ ਅਧਿਕਾਰ ਨੂੰ ਬਚਾਉਣ ਲਈ, ਸਿੱਖਿਆ ਦੇ ਨਿੱਜੀਕਰਨ, ਭਗਵਾਂਕਰਨ ਅਤੇ ਵਪਾਰੀਕਰਨ ਖਿਲਾਫ ਸੰਘਰਸ਼ ਜਾਰੀ ਹੈ। ਇਸ ਸੰਘਰਸ਼ ਨੂੰ ਦੇਸ਼ ਪੱਧਰ 'ਤੇ ਅਗਵਾਈ ਦੇ ਰਹੀ ਜਥੇਬੰਦੀ ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਦਾ ਕੌਮੀ ਅਜਲਾਸ 10 ਤੋਂ 12 ਅਕਤੂਬਰ ਨੂੰ ਸ਼ਹੀਦ ਬਰਕਤ ਉੱਲਾ ਯਾਦਗਾਰ ਹਾਲ/ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਕਮੇਟੀ ਦੇ ਆਗੂਆਂ ਨਰਿੰਦਰ, ਕੰਵਲਜੀਤ ਖੰਨਾ, ਅਮਨਦੀਪ ਦਿਓਲ ਨੇ ਦੱਸਿਆ ਕਿ ਇਸ ਅਜਲਾਸ ਵਿੱਚ ਕੌਮੀ ਸਿੱਖਿਆ ਨੀਤੀ 2020 ਰਾਹੀਂ ਸਿੱਖਿਆ ਦੇ ਨਿੱਜੀਕਰਨ, ਭਗਵਾਂਕਰਨ ਅਤੇ ਵਪਾਰੀਕਰਨ ਦੇ ਮੁੱਦਿਆਂ 'ਤੇ ਦੇਸ਼ ਭਰ 'ਚੋਂ ਪਹੁੰਚ ਰਹੇ ਬੁੱਧੀਜੀਵੀ ਵਿਚਾਰ-ਚਰਚਾ 'ਚ ਭਾਗ ਲੈਣਗੇ। ਉਨ੍ਹਾਂ ਦੱਸਿਆ ਕਿ ਸਿੱਖਿਆ ਦੇ ਮੌਲਿਕ ਅਧਿਕਾਰ ਨੂੰ ਬਹੁਗਿਣਤੀ ਲੋਕਾਂ ਤੋਂ ਖੋਹਿਆ ਜਾ ਰਿਹਾ ਹੈ, ਸਿੱਖਿਆ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਕੀਤੀ ਜਾ ਰਹੀ ਹੈ। ਇਸ ਗੰਭੀਰ ਮੁੱਦੇ 'ਤੇ ਗਹਿਰੇ ਮੰਥਨ ਉਪਰੰਤ ਦੇਸ਼ ਪੱਧਰੇ ਸੰਘਰਸ਼ ਦੀ ਰੂਪਰੇਖਾ ਉਲੀਕੀ ਜਾਵੇਗੀ। ਉਨ੍ਹਾਂ ਦੱਸਿਆ ਕਿ ਦੇਸ਼ ਭਰ 'ਚ ਸਿੱਖਿਆ ਅਮੀਰ ਵਰਗ ਦੀ ਬਪੌਤੀ ਬਣਾਈ ਜਾ ਰਹੀ ਹੈ। ਮਹਿੰਗੀ ਸਿੱਖਿਆ ਦਾ ਬੋਝ ਰੋਟੀ-ਰੋਜ਼ੀ ਤੋਂ ਆਤੁਰ ਲੋਕਾਂ ਲਈ ਮਹਿਜ਼ ਸੁਪਨਾ ਬਣ ਕੇ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਕਿਰਤੀ ਵਰਗ ਨੂੰ ਵਿੱਦਿਆ ਦੇ ਅਧਿਕਾਰ ਤੋਂ ਵਾਂਝਾ ਕਰਨ ਦੀਆਂ ਮੋਦੀ ਸਰਕਾਰ ਦੀਆਂ ਫਾਸ਼ੀ ਨੀਤੀਆਂ ਦਾ ਮਸਲਾ ਇੱਕ ਵੱਡੀ ਚੁਣੌਤੀ ਹੈ, ਇਸ ਦਾ ਦੂਜਿਆਂ ਮੁੱਦਿਆਂ ਤੋਂ ਵੀ ਵਧ ਕੇ ਟਾਕਰਾ ਕਰਨਾ ਸਮੇਂ ਦੀ ਅਹਿਮ ਲੋੜ ਹੈ। ਉਨ੍ਹਾਂ ਕਿਸਾਨ-ਮਜ਼ਦੂਰ ਜਥੇਬੰਦੀਆਂ ਨੂੰ ਸਿੱਖਿਆ ਦੇ ਅਧਿਕਾਰ ਦਾ ਮਸਲਾ ਆਪਣੇ ਏਜੰਡੇ 'ਤੇ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ 10 ਅਕਤੂਬਰ ਨੂੰ ਸਵੇਰੇ 10 ਵਜੇ ਅਜਲਾਸ ਦਾ ਪਲੇਠਾ ਸੈਸ਼ਨ ਸ਼ੁਰੂ ਹੋ ਜਾਵੇਗਾ।



# ਕੇਜਰੀਵਾਲ ਤੇ ਭਗਵੰਤ ਮਾਨ ਵੱਲੋਂ ਐੱਲ ਪੀ ਯੂ ਦੇ 'ਵਨ ਇੰਡੀਆ 2025' ਫੈਸਟੀਵਲ ਦਾ ਉਦਘਾਟਨ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਆਪਣੇ ਸਾਲਾਨਾ ਮੇਗਾ ਸੱਭਿਆਚਾਰਕ ਤਿਉਹਾਰ, 'ਵਨ ਇੰਡੀਆ 2025' ਦੇ ਸ਼ਾਨਦਾਰ ਉਦਘਾਟਨ ਨਾਲ ਭਾਰਤੀ ਸੱਭਿਆਚਾਰ ਅਤੇ ਵਿਰਾਸਤ ਦੇ ਇੱਕ ਜੀਵੰਤ ਚਿੱਤਰ ਵਿੱਚ ਬਦਲ ਗਈ। ਇਸ ਪ੍ਰੋਗਰਾਮ ਦਾ ਉਦਘਾਟਨ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਨੇ ਕੀਤਾ। ਡਾ. ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ, ਐਲ ਪੀ ਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਤੇ ਅਤੇ ਲਵਲੀ ਗਰੁੱਪ ਦੇ ਚੇਅਰਮੈਨ ਰਮੇਸ਼ ਮਿੱਤਲ ਮੌਜੂਦ ਸਨ। ਇਕੱਠ ਨੂੰ ਸੰਬੋਧਨ ਕਰਦੇ ਹੋਏ ਅਰਵਿੰਦ ਕੇਜਰੀਵਾਲ ਨੇ ਕਿਹਾ, 'ਇਹ ਮਹਿਸੂਸ ਹੁੰਦਾ ਹੈ ਕਿ ਭਾਰਤ ਦਾ ਇੱਕ ਸ਼ਾਨਦਾਰ ਜਸ਼ਨ ਚੱਲ ਰਿਹਾ ਹੈ। ਨੌਜਵਾਨਾਂ ਕੋਲ ਸ਼ਾਨਦਾਰ ਊਰਜਾ ਹੈ।' ਮੁੱਖ ਮੰਤਰੀ ਭਗਵੰਤ ਮਾਨ ਨੇ ਭਾਰਤ ਦੀ ਵਿਭਿੰਨਤਾ ਦੇ ਇਸ ਜੀਵੰਤ ਚਿੱਤਰਣ ਲਈ ਐਲਪੀਯੂ ਦੀ ਸ਼ਲਾਘਾ ਕਰਦੇ ਹੋਏ ਕਿਹਾ, 'ਤਾਮਿਲਨਾਡੂ ਤੋਂ ਲੱਦਾਖ, ਤ੍ਰਿਪੁਰਾ ਤੋਂ ਓਡੀਸ਼ਾ ਅਤੇ ਹਰਿਆਣਾ ਤੋਂ ਪੰਜਾਬ ਤੱਕ, ਹਰ ਪੇਸ਼ਕਾਰੀ ਸਾਡੇ ਰਾਸ਼ਟਰ ਦੀ ਸੁੰਦਰਤਾ ਅਤੇ ਏਕਤਾ ਨੂੰ ਦਰਸਾਉਂਦੀ ਹੈ। ਇੱਕ ਭਾਰਤ ਵਰਗੀਆਂ ਪਹਿਲਕਦਮੀਆਂ ਏਕਤਾ ਦੀ ਇਸ ਭਾਵਨਾ ਨੂੰ ਵਧਾਉਂਦੀਆਂ ਹਨ ਅਤੇ ਇੱਕ ਵਿਸ਼ਵ ਗੁਰੂ (ਵਿਸ਼ਵ ਨੇਤਾ) ਵਜੋਂ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਮਜ਼ਬੂਤ ਕਰਦੀਆਂ ਹਨ।

# ਸਹੋਦਿਆ ਇੰਟਰ ਸਕੂਲ ਰੋਲ ਪਲੇ ਮੁਕਾਬਲੇ 'ਚ ਗੁਰਸਹਿਜ ਸਿੰਘ ਦੀ ਸ਼ਾਨਦਾਰ ਪ੍ਰਾਪਤੀ



**ਗੁਰਾਇਆ (ਬਿੰਦਰ ਸੁਮਨ)**- ਗ੍ਰੇਡ ਤੀਸਰੀ ਦੇ ਵਿਦਿਆਰਥੀ ਗੁਰਸਹਿਜ ਸਿੰਘ ਨੇ ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ, ਗੁਰਾਇਆ ਦਾ ਨਾਂਅ ਰੌਸ਼ਨ ਕਰਦਿਆਂ ਸਹੋਦਿਆ ਇੰਟਰਸਕੂਲ ਰੋਲ ਪਲੇ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ। ਇਹ ਪ੍ਰਤੀਯੋਗਿਤਾ ਲਾ ਬਲੋਸਮ ਸਕੂਲ ਜਲੰਧਰ ਵਿੱਚ ਆਯੋਜਿਤ ਹੋਈ 'ਜਦੋਂ ਅਜਾਇਬਘਰ ਜੀਵੰਤ ਹੋ ਜਾਂਦੇ ਹਨ' ਵਿਸ਼ੇ 'ਤੇ ਆਧਾਰਿਤ ਇਸ ਮੁਕਾਬਲੇ ਵਿੱਚ ਗਰੁੱਪ ਦੇ 36 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਗੁਰਸਹਿਜ ਨੇ ਭਗਵਾਨ ਬੁੱਧ ਦਾ ਰੂਪ ਧਾਰ ਕੇ ਕਰੁਣਾ ਅਤੇ ਦਇਆ ਦਾ ਪ੍ਰਤੀਕ ਬਣਦਿਆਂ ਇਹ ਸੰਦੇਸ਼ ਦਿੱਤਾ ਕਿ ਕਿਵੇਂ ਇੱਕ ਸ਼ਾਂਤਮਈ ਅਤੇ ਸੋਚਵਿਚਾਰ ਵਾਲਾ ਨਜ਼ਰੀਆ ਲੋਕਾਂ ਦੇ ਦੁੱਖਾਂ ਨੂੰ ਘਟਾ ਸਕਦਾ ਹੈ। ਉਸ ਦੀ ਭਾਵਨਾਤਮਕ ਅਤੇ ਪ੍ਰਭਾਵਸ਼ਾਲੀ ਪ੍ਰਸਤੁਤੀ ਨੇ ਦਰਸ਼ਕਾਂ ਅਤੇ ਜੱਜਾਂ ਦੋਵਾਂ ਨੂੰ ਪ੍ਰਭਾਵਿਤ ਕੀਤਾ। ਇਸ ਸਫਲਤਾ ਪਿੱਛੇ ਮਿਸ ਵੰਦਨਾ ਅਤੇ ਮਿਸ ਸ਼ਿੰਕੀ ਦੀ ਰਹਿਨੁਮਾਈ ਅਤੇ ਮਿਹਨਤ ਕਾਬਿਲ-ਏ-ਤਾਰੀਫ਼ ਹੈ। ਪ੍ਰਿੰਸੀਪਲ ਆਰਤੀ ਸੋਬਤੀ ਨੇ ਗੁਰਸਿਹਜ ਨੂੰ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ਅਤੇ ਉਸਦੇ ਜਜ਼ਬੇ ਅਤੇ ਆਤਮਵਿਸ਼ਵਾਸ ਦੀ ਸਰਾਹਣਾ ਕੀਤੀ।

# ਗਦਰੀ ਬਾਬਿਆਂ ਦੇ ਮੇਲੇ ਦੀਆਂ ਤਿਆਰੀਆਂ ਲਈ ਮੀਟਿੰਗ ਭਲਕੇ

**ਜਲੰਧਰ (ਨ ਜ ਸ)**- ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਗਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ (1925-2025) ਨੂੰ ਸਮਰਪਿਤ 34ਵੇਂ ਗਦਰੀ ਬਾਬਿਆਂ ਦੇ ਮੇਲੇ ਦੀਆਂ ਸਫ਼ਲ ਤਿਆਰੀਆਂ ਉਪਰ ਮੋੜਵੀਂ ਝਾਤ ਮਾਰਨ, ਹਰ ਪੱਖੋਂ ਤਸੱਲੀਬਖ਼ਸ਼ ਤਿਆਰੀ ਕਰਨ ਅਤੇ ਹਫ਼ਲੇ ਕਾਰਜ ਨੇਪਰੇ ਚਾੜ੍ਹਨ, ਗਦਰੀ ਬਾਬਿਆਂ ਦੇ ਮੇਲੇ ਤੇ ਵੱਖ-ਵੱਖ ਕਲਾ ਵਨਗੀਆਂ ਦੇ ਮੁਕਾਬਲਿਆਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਸਬੰਧਿਤ ਕਮੇਟੀਆਂ ਦੇ ਸਹਿਯੋਗੀਆਂ ਦੀਆਂ ਕਮੇਟੀਆਂ ਦੀ ਅਹਿਮ ਮੀਟਿੰਗ 11 ਅਕਤੂਬਰ ਸਵੇਰੇ ਠੀਕ 11:00 ਵਜੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸੱਭਿਆਚਾਰਕ ਵਿੰਗ ਵੱਲੋਂ ਬੁਲਾਈ ਗਈ ਹੈ। ਉਹਨਾਂ ਦੱਸਿਆ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ ਸਮੇਤ ਸਮੂਹ ਕਮੇਟੀਆਂ ਦੇ ਮੈਂਬਰਾਂ ਅਤੇ ਸੰਗੀ ਸਾਥੀਆਂ ਨੂੰ ਸਮੇਂ ਸਿਰ ਮੀਟਿੰਗ 'ਚ ਸ਼ਾਮਲ ਹੋਣ ਅਤੇ ਅਗਲੇ ਦਿਨ ਮੇਲੇ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਰਾਖਵੇਂ ਕਰਨ ਦੀ ਅਪੀਲ ਕੀਤੀ ਹੈ।

# ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਨਗਰ ਕੀਰਤਨ ਸੰਬੰਧੀ ਸਮੀਖਿਆ ਮੀਟਿੰਗ 'ਚ ਪ੍ਰਬੰਧਾਂ ਦਾ ਜਾਇਜ਼ਾ




**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਸ੍ਰੀ ਗੁਰੂ ਤੇਗ ਬਹਾਦਰ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ ਤਹਿਤ ਕੱਢੇ ਜਾਣ ਵਾਲੇ ਵਿਸ਼ਾਲ ਨਗਰ ਕੀਰਤਨ ਦੀ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪਹੁੰਚ ਨੂੰ ਲੈ ਕੇ ਕੀਤੇ ਜਾਣ ਵਾਲੇ ਅਗੇਤੇ ਪ੍ਰਬੰਧਾਂ ਸਬੰਧੀ ਇਕ ਸਮੀਖਿਆ ਮੀਟਿੰਗ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਵਿਖੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਅਤੇ ਸਕੱਤਰ ਡਾ. ਅਭਿਨਵ ਤ੍ਰਿਖਾ ਤੋਂ ਇਲਾਵਾ ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਜਸਵੀਰ ਸਿੰਘ ਰਾਜਾ ਗਿੱਲ, ਕਰਮਬੀਰ ਸਿੰਘ ਘੁੰਮਣ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵਲੋਂ ਆਈਆਂ ਸਮੂਹ ਸ਼ਖਸੀਅਤਾਂ ਦਾ ਸਵਾਗਤ ਕੀਤਾ ਗਿਆ। ਮੀਟਿੰਗ ਦੌਰਾਨ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਨੂੰ ਪੰਜਾਬ ਸਰਕਾਰ ਵਲੋਂ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵੱਖ-ਵੱਖ ਸਮਾਗਮ ਉਲੀਕੇ ਗਏ ਹਨ। ਇਸੇ ਤਹਿਤ ਵੱਖ-ਵੱਖ ਸਥਾਨਾਂ ਤੋਂ ਵਿਸ਼ਾਲ ਨਗਰ ਕੀਰਤਨ ਕੱਢੇ ਜਾਣੇ ਹਨ। ਇਨ੍ਹਾਂ ਵਿਚੋਂ ਹੀ ਇਕ ਨਗਰ ਕੀਰਤਨ 19 ਨਵੰਬਰ 2025 ਨੂੰ ਸ੍ਰੀਨਗਰ ਤੋਂ ਚੱਲ ਕੇ 20 ਨਵੰਬਰ ਨੂੰ ਪਠਾਨਕੋਟ ਹੁੰਦਾ ਹੋਇਆ 21 ਨਵੰਬਰ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪਹੁੰਚੇਗਾ। ਮੁਕੇਰੀਆਂ, ਦਸੂਹਾ ਤੋਂ ਹੁੰਦੇ ਹੋਏ ਗੁਰਦੁਆਰਾ ਰਾਮਪੁਰ ਖੇੜਾ ਵਿਖੇ ਨਗਰ ਕੀਰਤਨ ਦਾ ਰਾਤ ਦਾ ਠਹਿਰਾਅ ਹੋਵੇਗਾ। 22 ਨਵੰਬਰ ਨੂੰ ਕਸਬਾ ਹਰਿਆਣਾ ਤੋਂ ਹੁੰਦੇ ਹੋਏ ਹੁਸ਼ਿਆਰਪੁਰ ਸ਼ਹਿਰ ਪਹੁੰਚਣ 'ਤੇ ਨਗਰ ਕੀਰਤਨ ਨੂੰ ਸ਼ਾਨਦਾਰ 'ਗਾਰਡ ਆਫ ਆਨਰ' ਦਿੱਤਾ ਜਾਵੇਗਾ। ਉਸ ਤੋਂ ਬਾਅਦ ਚੱਬੇਵਾਲ, ਮਾਹਿਲਪੁਰ, ਸੈਲਾ ਖੁਰਦ ਅਤੇ ਗੜ੍ਹਸ਼ੰਕਰ ਤੋਂ ਹੁੰਦੇ ਹੋਏ ਇਹ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਵੇਗਾ।

# ਰਿਆਤ ਬਾਹਰਾ ਪ੍ਰੋਫੈਸ਼ਨਲ 'ਵਰਸਿਟੀ 'ਚ ਖ਼ੂਨਦਾਨ ਕੈਂਪ

## 200 ਵਿਦਿਆਰਥੀਆਂ ਤੇ ਅਧਿਆਪਕਾਂ ਨੇ ਕੀਤਾ ਖ਼ੂਨਦਾਨ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ ਐਲਾਇਡ ਐਂਡ ਹੈਲਥ ਕੇਅਰ ਸਾਇੰਸਿਜ ਵੱਲੋਂ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਕੈਂਪ ਵਾਈਸ ਚਾਂਸਲਰ ਡਾ. ਚੰਦਰ ਮੋਹਨ ਦੀ ਰਹਿਨੁਮਾਈ ਤੇ ਵਿਭਾਗ ਮੁਖੀ ਡਾ. ਸੁਖਮੀਤ ਬੇਦੀ ਦੀ ਦੇਖਰੇਖ ਹੇਠ ਕਰਵਾਇਆ ਗਿਆ। ਕੈਂਪ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਕੁੱਲ 200 ਯੂਨਿਟ ਖ਼ੂਨਦਾਨ ਕੀਤਾ। ਡਾ. ਸੁਖਮੀਤ ਬੇਦੀ ਨੇ ਕਿਹਾ ਕਿ ਖ਼ੂਨਦਾਨ ਮਹਾਦਾਨ ਹੈ, ਜਿਸ ਨਾਲ ਅਨੇਕਾਂ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਵਿੱਚ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਯੂਨੀਵਰਸਿਟੀ ਦਾ ਮੁੱਖ ਉਦੇਸ਼ ਹੈ। ਵਾਈਸ ਚਾਂਸਲਰ ਡਾ. ਚੰਦਰ ਮੋਹਨ ਨੇ ਖ਼ੂਨਦਾਤਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਆਯੋਜਨ ਨੌਜਵਾਨਾਂ ਨੂੰ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਪ੍ਰੇਰਣਾ ਦਿੰਦੇ ਹਨ। ਉਨ੍ਹਾਂ ਨੇ ਸਾਰੇ ਖ਼ੂਨਦਾਤਿਆਂ ਅਤੇ ਆਯੋਜਨ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ ਤੇ ਰਜਿਸਟ੍ਰਾਰ ਡਾ. ਜਸਦੀਪ ਕੌਰ ਧਾਮੀ ਨੇ ਕਿਹਾ ਕਿ ਖ਼ੂਨਦਾਨ ਇੱਕ ਮਹਾਨ ਕੰਮ ਹੈ, ਜੋ ਨਾ ਸਿਰਫ਼ ਕਿਸੇ ਲੋੜਵੰਦ ਦੀ ਜ਼ਿੰਦਗੀ ਬਚਾਉਂਦਾ ਹੈ, ਸਗੋਂ ਸਮਾਜ ਵਿੱਚ ਮਨੁੱਖਤਾ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ। ਇਸ ਮੌਕੇ ਤੇ ਪ੍ਰਿੰਸੀਪਲ ਡਾ. ਮੀਨਾਕਸ਼ੀ , ਡਾ. ਆਰ. ਐਨ. ਸਿੰਘ , ਡੀਨ ਡਾ. ਅਤੁਲ ਖਜੂਰੀਆ, ਡੀਨ ਡਾ. ਕੁਲਦੀਪ ਵਾਲੀਆ, ਪ੍ਰੋ. ਸਾਕਿਬ, ਪ੍ਰੋ. ਪੂਜਾ, ਪ੍ਰੋ. ਅਦਿਤੀ, ਪ੍ਰੋ. ਹਮੈਰਾ, ਪ੍ਰੋ. ਇਰਸ਼ਾਦ, ਪ੍ਰੋ. ਆਕਾਸ਼, ਪ੍ਰੋ. ਮੁੱਦਸਰ, ਪ੍ਰੋ. ਆਸ਼ੀਸ਼, ਪ੍ਰੋ. ਪ੍ਰਭਦੀਪ, ਪ੍ਰੋ. ਰਾਜਦੀਪ, ਡਾ. ਕ੍ਰਿਤੀ, ਪ੍ਰੋ. ਅਰਸਲਾਨ, ਪ੍ਰੋ. ਸ਼ਾਕਿਰ ਅਤੇ ਨਵਨੀਤ ਆਦਿ ਮੌਜੂਦ ਸਨ।

# ਸੰਤ ਸਮਾਗਮ, ਕੀਰਤਨ ਦਰਬਾਰ ਤੇ ਅੰਮ੍ਰਿਤ ਸੰਚਾਰ ਭਲਕ ਤੋਂ



**ਨਕੋਦਰ (ਮਨਜੀਤ ਮਾਨ)**— ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਪਾਰ ਕਿਰਪਾ ਸਦਕਾ ਬਾਬਾ ਜਤਿੰਦਰ ਸਿੰਘ ਢੱਡਿਆ ਵੱਲੋਂ ਸਮੂਹ ਦੇਸ਼ ਵਿਦੇਸ਼ ਦੀਆਂ ਸੰਗਤਾਂ ਤੇ ਪ੍ਰਵਾਸੀ ਵੀਰਾਂ ਤੇ ਨੌਜੁਆਨ ਸਭਾ ਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਪਹਿਲਾ ਮਹਾਨ ਸੰਤ ਸਮਾਗਮ, ਕੀਰਤਨ ਦਰਬਾਰ ਤੇ ਅੰਮ੍ਰਿਤ ਸੰਚਾਰ ਪਿੰਡ ਖਾਨ ਪੁਰ ਢੱਡਾ ਜ਼ਿਲ੍ਹਾ ਜਲੰਧਰ ਵਿਖੇ 11,12,13 ਅਕਤੂਬਰ ਨੂੰ ਸ਼ਾਮ 6 ਵਜੇ ਤੋਂ ਰਾਤ 11 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਸਮਾਗਮ ਦੇ ਮੁੱਖ ਪ੍ਰਬੰਧਕ ਬਾਬਾ ਜਤਿੰਦਰ ਸਿੰਘ ਢੱਡਿਆ ਵਾਲਿਆਂ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਸੰਤ ਜਗਜੀਤ ਸਿੰਘ ਹਰਖੋਵਾਲ ਵਾਲੇ, ਸੰਤ ਰਣਜੀਤ ਸਿੰਘ ਰਾੜਾ ਸਾਹਿਬ ਢੀਂਗੀ ਵਾਲੇ ਤੇ ਸੰਤ ਬਲਬੀਰ ਸਿੰਘ ਸੀਚੇਵਾਲ ਸਮੇਤ ਹੋਰ ਸੰਤ ਮਹਾ ਪੁਰਖ ਸਮਾਗਮ ਵਿੱਚ ਪਹੁੰਚ ਕੇ ਸੰਗਤਾਂ ਨਾਲ ਪ੍ਰਵਚਨ ਕਰਨਗੇ। 13 ਅਕਤੂਬਰ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਦਮਦਮੀ ਟਕਸਾਲ ਤੋਂ ਪੰਜ ਪਿਆਰੇ ਪਹੁੰਚ ਕੇ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾਉਣਗੇ।

# ਜਵੰਦਾ ਦੀ ਮੌਤ ਪੰਜਾਬੀ ਸੰਗੀਤ ਤੇ ਫ਼ਿਲਮ ਜਗਤ ਲਈ ਵੱਡਾ ਘਾਟਾ : ਦੇਵਗੁਣ, ਸ਼ਾਹਕੋਟੀ, ਡਾ. ਜੌਹਨ

**ਸ਼ਾਹਕੋਟ (ਗਿਆਨ ਸੈਦਪੁਰੀ)**- ਪ੍ਰਸਿੱਧ ਪੰਜਾਬੀ ਗਾਇਕ ਤੇ ਅਦਾਕਾਰ ਰਾਜਵੀਰ ਜਵੰਦਾ ਦੀ ਬੇਵਕਤੀ ਮੌਤ ਉਨ੍ਹਾਂ ਦੇ ਪਰਵਾਰ ਦੇ ਨਾਲ ਨਾਲ ਪੰਜਾਬੀ ਸੰਗੀਤ ਤੇ ਫ਼ਿਲਮ ਜਗਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਸ ਦੀ ਮੌਤ ਨਾਲ ਪੰਜਾਬੀ ਸੰਗੀਤ ਤੇ ਫ਼ਿਲਮ ਜਗਤ ਪੂਰੀ ਤਰ੍ਹਾਂ ਸ਼ੋਕਗ੍ਰਸਤ ਹੈ। ਗਾਇਕ ਜਵੰਦਾ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸੁਰਤਾਲ ਸੰਗੀਤ ਵਿਦਿਆਲਾ ਸ਼ਾਹਕੋਟ ਦੇ ਸੰਚਾਲਕ ਸੁਖਪਾਲ ਸਿੰਘ ਦੇਵਗੁਣ, ਉੱਘੇ ਸੂਫ਼ੀ ਗਾਇਕ ਕੁਲਵਿੰਦਰ ਸ਼ਾਹਕੋਟੀ ਅਤੇ ਮਸੀਹੀ ਭਾਈਚਾਰੇ ਦੇ ਸੂਬਾ ਆਗੂ ਡਾ. ਵਿਲੀਅਮ ਜੌਹਨ ਨੇ ਕਿਹਾ ਕਿ ਜਵੰਦਾ ਹਰਦਿਲ ਅਜੀਜ਼ ਗਾਇਕ ਸੀ ਤੇ ਉਸ ਦੀ ਮੌਤ ਨਾਲ ਪੰਜਾਬ ਇੱਕ ਹੋਣਹਾਰ ਹੀਰੇ ਤੋਂ ਵਾਂਝਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਜਵੰਦਾ ਦੀ ਗਾਇਕੀ ਅਤੇ ਅਦਾਕਾਰੀ ਦਾ ਪੰਜਾਬੀ ਜਗਤ ਵਿਚ ਡੰਕਾ ਵੱਜਦਾ ਸੀ। ਅਜਿਹੇ ਸਮੇਂ ਉਸ ਦਾ ਤੁਰ ਜਾਣਾ ਪੰਜਾਬੀਆਂ ਦੇ ਦਿਲਾਂ ਨੂੰ ਵਲੂੰਧਰ ਕੇ ਰੱਖ ਗਿਆ ਹੈ।



# ਹਲਕਾ ਚੱਬੇਵਾਲ ਅੰਦਰ ਸੜਕਾਂ ਦੇ ਨਿਰਮਾਣ 'ਤੇ ਖ਼ਰਚੇ ਜਾ ਰਹੇ 35.93 ਕਰੋੜ : ਇਸ਼ਾਂਕ ਕੁਮਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**- ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਅੰਦਰ ਪਿੰਡਾਂ-ਸ਼ਹਿਰਾਂ ਨੂੰ ਜੋੜਨ ਵਾਲੀਆਂ ਸੜਕਾਂ ਦੇ ਕੀਤੇ ਜਾ ਰਹੇ ਨਵੀਨੀਕਰਨ ਤਹਿਤ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਚੱਬੇਵਾਲ ਦੀਆਂ ਸੜਕਾਂ ਲਈ 35.93 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਗਈ ਹੈ। ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਅੱਗੇ ਕਿਹਾ ਕਿ ਇਸ ਤੋਂ ਪਹਿਲਾ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਤਹਿਤ ਜ਼ਿਲ੍ਹੇ ਦੇ ਬਾਕੀ ਹਲਕਿਆਂ ਸਮੇਤ ਚੱਬੇਵਾਲ ਹਲਕੇ ਦੀਆਂ ਕਈ ਵੱਡੀਆਂ ਸੜਕਾਂ ਦਾ ਨਿਰਮਾਣ ਕਰਵਾਇਆ ਜਾ ਚੁੱਕਾ ਹੈ ਅਤੇ ਹੁਣ ਜਿਹੜੀਆਂ ਸੜਕਾਂ ਦਾ ਨਿਰਮਾਣ ਕਰਵਾਇਆ ਜਾਣਾ ਹੈ। ਇਸ ਨਾਲ ਚੱਬੇਵਾਲ ਹਲਕੇ ਅੰਦਰ ਸੜਕਾਂ ਦਾ ਇਕ ਮਜ਼ਬੂਤ ਨੈੱਟਵਰਕ ਸਥਾਪਿਤ ਹੋਵੇਗਾ, ਜਿਸ ਨਾਲ ਲੋਕਾਂ ਨੂੰ ਇਕ ਤੋਂ ਦੂਜੀ ਥਾਂ ਜਾਣ ਵਿਚ ਜਿਥੇ ਆਸਾਨੀ ਹੋਵੇਗੀ, ਉਥੇ ਹੀ ਸਮੇਂ ਦੀ ਬੱਚਤ ਅਤੇ ਗੱਡੀਆਂ ਦੇ ਰੱਖ-ਰਖਾਅ ਵਿਚ ਸਹੂਲਤ ਮਿਲੇਗੀ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਵਿੱਤੀ ਸਾਲ 2025-26 ਦੌਰਾਨ 840 ਕਿਲੋਮੀਟਰ ਲੰਬਾਈ ਦੀ ਸੜਕਾਂ ਦੀ ਉਸਾਰੀ 'ਤੇ 663 ਕਰੋੜ ਖ਼ਰਚ ਕਰਨ ਦੀ ਯੋਜਨਾ ਹੈ, ਜਿਸ ਵਿਚੋਂ 342 ਕਿਲੋਮੀਟਰ ਦੀ ਉਸਾਰੀ ਦਾ ਕੰਮ ਪੂਰਾ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿੱਤੀ ਸਾਲ 2025-26 ਦੌਰਾਨ ਸੜਕਾਂ ਤੇ ਪੁਲਾਂ ਦੀ ਉਸਾਰੀ 'ਤੇ 190 ਕਰੋੜ ਖ਼ਰਚ ਕਰਨ ਦੀ ਯੋਜਨਾ ਹੈ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਸੜਕਾਂ ਵਾਂਗ ਹਲਕੇ ਅੰਦਰ ਵਿਕਾਸ ਦੇ ਦੂਸਰੇ ਕਾਰਜ ਵੀ ਤੇਜ਼ ਗਤੀ ਨਾਲ ਕਰਵਾਏ ਜਾ ਰਹੇ ਹਨ।



# ਸੰਤ ਬਾਬਾ ਬਿਸ਼ਨ ਸਿੰਘ ਦੀ ਬਰਸੀ ਸੰਬੰਧੀ ਰਾਤਰੀ ਦੀਵਾਨਾਂ ਦੀ ਆਰੰਭਤਾ ਅੱਜ ਤੋਂ

**ਅੱਡਾ ਸਰਾਂ (ਜਸਵੀਰ ਕਾਜਲ)**- ਧੰਨ-ਧੰਨ ਸੰਤ ਬਾਬਾ ਬਿਸ਼ਨ ਸਿੰਘ ਜੀ ਨੂੰ ਸਮਰਪਿਤ 125ਵਾਂ ਸਾਲਾਨਾ ਸਮਾਗਮ ਅਤੇ ਕੀਰਤਨ ਦਰਬਾਰ 12 ਅਕਤੂਬਰ ਦਿਨ ਐਤਵਾਰ ਨੂੰ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਜੀ ਪਿੰਡ ਕੰਧਾਲਾ ਜੱਟਾਂ ਵਿਖੇ ਕਰਵਾਇਆ ਜਾ ਰਿਹਾ ਹੈ। ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਬਰਸੀ ਸਮਾਗਮ ਵਿੱਚ ਰਾਤਰੀ ਦੇ ਦੀਵਾਨਾਂ ਦੀ ਆਰੰਭਤਾ ਅੱਜ ਰਾਤ 10 ਅਕਤੂਬਰ ਨੂੰ ਹੋ ਜਾਵੇਗੀ। ਅੱਜ ਦੇ ਦੀਵਾਨਾਂ ਵਿੱਚ ਭਾਈ ਹਰਭਜਨ ਸਿੰਘ ਜੀ ਸੋਤਲੇ ਵਾਲੇ , ਭਾਈ ਗੁਰਜਿੰਦਰ ਸਿੰਘ ਚੰਬਾ ਕਥਾਵਾਚਕ, 11 ਅਕਤੂਬਰ ਨੂੰ ਭਾਈ ਹਰਜੀਤ ਸਿੰਘ ਸੋਹਲਪੁਰ ਵਾਲਿਆਂ ਦਾ ਢਾਡੀ ਜਥਾ ਅਤੇ ਭਾਈ ਮਨਜੀਤ ਸਿੰਘ ਬਾਬਕ ਕੀਰਤਨੀ ਜਥਾ, ਕਥਾ ਵਿਚਾਰਾਂ ਅਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। 12 ਅਕਤੂਬਰ ਅੰਤਿਮ ਦਿਨ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦੀਵਾਨ ਦੀ ਆਰੰਭਤਾ ਹੋਵੇਗੀ। ਜਿਸ ਵਿਚ ਸਿੱਖ ਪੰਥ ਦੇ ਮਹਾਨ ਕਵੀਸ਼ਰ ਭਾਈ ਚਾਨਣ ਸਿੰਘ ਜੀ ਬੀਏ ਸੁਰਵਿੰਡ ਹਜ਼ੂਰੀ ਕਵੀਸ਼ਰੀ ਜਥਾ, ਭਾਈ ਸੁਖਬੀਰ ਸਿੰਘ ਜੀ ਇੰਟਰਨੈਸ਼ਨਲ ਕਵੀਸ਼ਰੀ ਜਥਾ, ਗਿਆਨੀ ਗੁਰਪ੍ਰਤਾਪ ਸਿੰਘ ਪਦਮ ਇੰਟਰਨੈਸ਼ਨਲ ਢਾਡੀ ਜਥਾ, ਭਾਈ ਕਮਲਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਮਹਿਤਾਬ ਸਿੰਘ ਜੀ ਜਲੰਧਰ ਵਾਲੇ ਇੰਟਰਨੈਸ਼ਨਲ ਕੀਰਤਨੀ ਜਥਾ, ਬੀਬੀ ਕਿਰਨਦੀਪ ਕੌਰ ਖਾਲਸਾ ਇੰਟਰਨੈਸ਼ਨਲ ਢਾਡੀ ਜਥਾ, ਗਿਆਨੀ ਜਤਿੰਦਰ ਪਾਲ ਸਿੰਘ ਜੋਧ ਹਜ਼ੂਰੀ ਢਾਡੀ ਮਿਸਲ ਸ਼ਹੀਦਾਂ ਤਰਨਾ ਦਲ, ਗਿਆਨੀ ਮੇਜਰ ਸਿੰਘ ਇੰਟਰਨੈਸ਼ਨਲ ਢਾਡੀ ਜਥਾ, ਸੰਤ ਬਾਬਾ ਮੱਖਣ ਸਿੰਘ ਜੀ ਦਰੀਆ, ਭਾਈ ਦਾਤਾਰ ਸਿੰਘ ਦਾਤਾ ਢਾਡੀ ਜਥਾ ਕੰਧਾਲਾ ਜੱਟਾਂ, ਭਾਈ ਗੁਰਮੁੱਖ ਸਿੰਘ ਕੰਧਾਲਾ ਜੱਟਾਂ ਕੀਰਤਨੀ ਜਥਾ , ਭਾਈ ਹਰਚਰਨ ਸਿੰਘ ਕੰਧਾਲਾ ਜੱਟਾਂ ਵਾਲੇ, ਬਾਬਾ ਬਿਸ਼ਨ ਸਿੰਘ ਜੀ ਕੀਰਤਨ ਵਿਦਿਆਲਾ ਕੰਧਾਲਾ ਜੱਟਾਂ ਦੇ ਬੱਚੇ ਅਤੇ ਹੋਰ ਬਹੁਤ ਸਾਰੇ ਕੀਰਤਨੀ ਜਥੇ ਪਹੁੰਚ ਕੇ ਆਈਆਂ ਹੋਈਆਂ ਸੰਗਤਾਂ ਨੂੰ ਕੀਰਤਨ ਗੁਰਬਾਣੀ ਕਥਾ ਰਾਹੀਂ ਨਿਹਾਲ ਕਰਨਗੇ। 11 ਅਕਤੂਬਰ ਨੂੰ ਸਵੇਰੇ 11 ਵਜੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤ ਸੰਚਾਰ ਵੀ ਕਰਵਾਇਆ ਜਾਵੇਗਾ, ਜਿਨਾਂ ਵੀ ਪ੍ਰਾਣੀਆਂ ਨੇ ਅੰਮ੍ਰਿਤ ਸੰਚਾਰ ਦੀ ਦਾਤ ਲੈਣੀ ਹੋਵੇ ਉਹ ਆਪਣਾ ਨਾਮ 10 ਅਕਤੂਬਰ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਰਜ ਕਰਵਾ ਸਕਦੇ ਹਨ। ਅੰਮ੍ਰਿਤ ਸੰਚਾਰ ਵਿੱਚ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਜਾਣਗੇ। ਇਸ ਸਾਰੇ ਸਮਾਗਮ ਦੌਰਾਨ ਚਾਹ ਪਕੌੜੇ, ਕੌਫੀ , ਮਠਿਆਈਆਂ, ਫਲਾਂ ਦੇ ਲੰਗਰ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਜਾਣਕਾਰੀ ਦੇਣ ਮੌਕੇ ਅੰਮ੍ਰਿਤਪਾਲ ਸਿੰਘ ਪ੍ਰਧਾਨ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਜੀ, ਕੈਪਟਨ ਸੁਰਿੰਦਰ ਸਿੰਘ ਸੀ ਏ, ਮਨਜੀਤ ਸਿੰਘ ਖਜਾਨਚੀ, ਇੰਦਰਜੀਤ ਸਿੰਘ ਉੱਪ ਪ੍ਰਧਾਨ, ਤਜਿੰਦਰ ਸਿੰਘ ਉੱਪ ਖਜਾਨਚੀ, ਸੁਰਿੰਦਰ ਸਿੰਘ, ਸੁੱਖਨਿੰਦਰ ਸਿੰਘ, ਦਰਸ਼ਨ ਸਿੰਘ, ਗੁਰਮੇਲ ਸਿੰਘ, ਇੰਦਰਜੀਤ ਸਿੰਘ, ਅਜੀਤ ਸਿੰਘ, ਮੁੱਖ ਗ੍ਰੰਥੀ ਬਾਬਾ ਰਣਜੀਤ ਸਿੰਘ, ਬਾਬਾ ਅਵਤਾਰ ਸਿੰਘ ਜੀ ਗ੍ਰੰਥੀ ਸਿੰਘ, ਹਰਵਿੰਦਰ ਸਿੰਘ ਬਿੱਟਾ, ਗੁਰਮੀਤ ਸਿੰਘ, ਪਰਮਜੀਤ ਸਿੰਘ ਯੂ ਏ ਈ , ਕਮਲਜੀਤ ਸਿੰਘ ਕੰਬਾ, ਮਹਿੰਦਰ ਸਿੰਘ ਸ਼ਾਹ, ਵਰਿੰਦਰ ਸਿੰਘ ਪੰਚ, ਮਨਜੀਤ ਸਿੰਘ ਸੈਕਟਰੀ, ਮਨਜੀਤ ਸਿੰਘ ਧਾਲੀਵਾਲ , ਅਤੇ ਹੋਰ ਨਗਰ ਦੀਆਂ ਸੰਗਤਾਂ ਹਾਜ਼ਰ ਸਨ।



# ਡਾ. ਰਵਜੋਤ ਨੇ ਪਿੰਡ ਤਲਵੰਡੀ ਕਾਨੂੰਗੋ 'ਚ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਸਥਾਨਕ ਸਰਕਾਰਾਂ ਮੰਤਰੀ ਪੰਜਾਬ ਡਾ. ਰਵਜੋਤ ਸਿੰਘ ਪਿੰਡ ਤਲਵੰਡੀ ਕਾਨੂੰਗੋ ਪਹੁੰਚੇ, ਜਿਥੇ ਉਨ੍ਹਾਂ ਪਿੰਡ ਵਾਸੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਜ਼ਰੂਰਤਾਂ ਨੂੰ ਗੰਭੀਰਤਾ ਨਾਲ ਸੁਣਿਆ। ਇਸ ਦੌਰਾਨ ਪਿੰਡ ਨੇ ਕੈਬਨਿਟ ਮੰਤਰੀ ਨੂੰ ਪਾਣੀ ਦੀ ਨਿਕਾਸੀ, ਸੜਕਾਂ ਦੀ ਸਾਂਭ-ਸੰਭਾਲ, ਸਟਰੀਟ ਲਾਈਟਾਂ ਦੀ ਮੁਰੰਮਤ ਅਤੇ ਸਫਾਈ ਪ੍ਰਣਾਲੀ ਨਾਲ ਸਬੰਧਤ ਕਈ ਜਨਹਿੱਤ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ। ਡਾ. ਰਵਜੋਤ ਸਿੰਘ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਜਨਤਕ ਸਹੂਲਤਾਂ ਨੂੰ ਮਜ਼ਬੂਤ ਕਰਨਾ ਸਰਕਾਰ ਦੀ ਪਹਿਲੀ ਤਰਜ਼ੀਹ ਹੈ।

# ਪ੍ਰਵਾਸੀ ਭਾਰਤੀ ਪਰਵਾਰ ਨੇ ਸਕੂਲ ਦੀ ਬਿਹਤਰੀ ਲਈ ਭੇਟ ਕੀਤੇ 22,500 ਰੁਪਏ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਪ੍ਰਵਾਸੀ ਭਾਰਤੀ ਨਰਿੰਦਰ ਕੁਮਾਰ ਯੂ ਐਸ ਏ. ਨੇ ਆਪਣੇ ਪਿਤਾ ਸਵ. ਗੁਰਬਖਸ਼ ਰਾਮ ਅਤੇ ਮਾਤਾ ਸਵ. ਨਿਰਮਲ ਕੌਰ ਦੀ ਯਾਦ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਵਜੀਦੋਵਾਲ ਦੀ ਬਿਹਤਰੀ ਲਈ 22 ਹਜਾਰ 500 ਰੁਪਏ ਅਤੇ ਪਿੰਡ ਦੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਲਈ 5100 ਰੁਪਏ ਭੇਟ ਕੀਤੇ। ਸਰਪੰਚ ਰਿੰਪਲ ਕੁਮਾਰ ਨੇ ਪ੍ਰਵਾਸੀ ਭਾਰਤੀ ਨਰਿੰਦਰ ਕੁਮਾਰ ਅਤੇ ਉਹਨਾਂ ਦੀ ਧਰਮ ਪਤਨੀ ਸੀਮਾ ਰਾਣੀ ਦੀ ਇਸ ਉਪਰਾਲੇ ਲਈ ਸ਼ਲਾਘਾ ਕੀਤੀ। ਉਹਨਾਂ ਦੱਸਿਆ ਕਿ ਐਨ ਆਰ ਆਈ ਪਰਵਾਰਾਂ ਵਲੋਂ ਪਿੰਡ ਵਜੀਦੋਵਾਲ ਦੇ ਵਿਕਾਸ ਤੋਂ ਇਲਾਵਾ ਧਾਰਮਿਕ ਅਤੇ ਸਮਾਜਿਕ ਖੇਤਰਾਂ ਵਿੱਚ ਹਮੇਸ਼ਾ ਵਡਮੁੱਲਾ ਸਹਿਯੋਗ ਪਾਇਆ ਜਾਂਦਾ ਹੈ। ਉਹਨਾਂ ਸਮੂਹ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪੰਚਾਇਤ ਵਲੋਂ ਪਿੰਡ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਸਰਪੰਚ ਰਿੰਪਲ ਕੁਮਾਰ ਵਲੋਂ ਪ੍ਰਵਾਸੀ ਭਾਰਤੀ ਪਰਿਵਾਰ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਆਰਿਅਨ ਢੰਡਾ, ਮਨਜੀਤ ਕੌਰ, ਸੁਨੀਤਾ ਰਾਣੀ, ਸੀਮਾ, ਸ਼ਿੰਦੋ ਰਾਣੀ ਤੇ ਮਨਵੀਰ ਸਿੰਘ ਆਦਿ ਹਾਜ਼ਰ ਸਨ।

# ਰਾਹਤ ਪੈਕੇਜ ਦੇ ਨਾਂਅ 'ਤੇ ਗੁੰਮਰਾਹ ਕਰ ਰਹੀ ਹੈ ਭਾਜਪਾ : ਨੀਲ ਗਰਗ

**ਚੰਡੀਗੜ੍ਹ** : ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਪੰਜਾਬ ਵਿੱਚ ਹੜ੍ਹਾਂ ਨਾਲ ਹੋਏ ਨੁਕਸਾਨ ਨੂੰ ਲੈ ਕੇ ਕੇਂਦਰ ਸਰਕਾਰ ਅਤੇ ਪੰਜਾਬ ਭਾਜਪਾ ਦੀ ਲੀਡਰਸ਼ਿਪ 'ਤੇ ਤਿੱਖਾ ਹਮਲਾ ਕੀਤਾ ਹੈ। ਨੀਲ ਗਰਗ ਨੇ ਦੋਸ਼ ਲਾਇਆ ਕਿ ਕੇਂਦਰ ਨੇ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਨੂੰ ਰਾਹਤ ਪੈਕੇਜ ਦੇਣ ਦੀ ਬਜਾਏ ਝੂਠ ਬੋਲ ਕੇ ਅਤੇ ਗੁੰਮਰਾਹ ਕਰਕੇ ਪੰਜਾਬ ਦੇ ਜ਼ਖਮਾਂ 'ਤੇ ਨਮਕ ਛਿੜਕਣ ਦਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਝੂਠ ਬੋਲਿਆ ਕਿ ਪੰਜਾਬ ਦੇ ਹੜ੍ਹ ਮਾਨ ਸਰਕਾਰ ਦੀ ਦੇਣ ਹਨ। ਗਰਗ ਨੇ ਸਵਾਲ ਕਰਦਿਆਂ ਪੁੱਛਿਆ ਕਿ ਜੇਕਰ ਅਜਿਹਾ ਹੈ ਤਾਂ ਹਿਮਾਚਲ, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਵਿੱਚ ਆਈ ਤਬਾਹੀ ਲਈ ਕੌਣ ਜ਼ਿੰਮੇਵਾਰ ਹੈ। ਨੀਲ ਗਰਗ ਨੇ ਭਾਜਪਾ ਵੱਲੋਂ ਵਾਰ-ਵਾਰ ਕੀਤੇ ਜਾ ਰਹੇ 12 ਹਜ਼ਾਰ ਕਰੋੜ ਰੁਪਏ ਦੇ ਰਾਹਤ ਫੰਡ ਦੇ ਦਾਅਵੇ ਨੂੰ ਪੂਰੀ ਤਰ੍ਹਾਂ ਨਕਾਰਿਆ। ਗਰਗ ਨੇ ਸਪੱਸ਼ਟ ਕੀਤਾ ਕਿ ਜਦੋਂ ਤੋਂ ਆਫਤ ਫੰਡ ਬਣਿਆ ਹੈ, ਕੇਂਦਰ ਨੇ ਹੁਣ ਤੱਕ ਸਿਰਫ਼ 6000 ਕਰੋੜ ਰੁਪਈਆ ਹੀ ਦਿੱਤਾ ਹੈ, ਜਿਸ ਵਿੱਚੋਂ 4800 ਕਰੋੜ ਖਰਚ ਹੋ ਚੁੱਕਾ ਹੈ ਅਤੇ ਪੰਜਾਬ ਸਰਕਾਰ ਕੋਲ ਅਸਲ ਵਿੱਚ ਸਿਰਫ 1200 ਕਰੋੜ ਰੁਪਈਆ ਹੀ ਬਚਿਆ ਹੈ, ਜਿਸ ਨੂੰ ਭਾਜਪਾ ਵਧਾ-ਚੜ੍ਹਾ ਕੇ ਪੇਸ਼ ਕਰ ਰਹੀ ਹੈ।

# ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਨੇ ਕਬੱਡੀ ਟੂਰਨਾਮੈਂਟ 'ਚ ਟਰਾਫੀ ਆਪਣੇ ਨਾਂਅ ਕੀਤੀ

**ਫਿਲੌਰ (ਨਿਰਮਲ)**- 69ਵਾਂ ਜ਼ਿਲ੍ਹਾ ਪੱਧਰੀ ਕਬੱਡੀ ਟੂਰਨਾਮੈਂਟ (ਲੜਕੀਆਂ ਅੰਡਰ-19) 22 ਸਤੰਬਰ 2025 ਨੂੰ ਦੋਆਬਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਜਲੰਧਰ ਵਿਖੇ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵੱਲੋਂ ਜੋਸ਼ ਭਰਪੂਰ ਭਾਗੀਦਾਰੀ ਅਤੇ ਸ਼ਾਨਦਾਰ ਪ੍ਰਦਰਸ਼ਨ ਦੇਖਣ ਨੂੰ ਮਿਲਿਆ। ਇੱਕ ਰੋਮਾਂਚਕ ਫਾਈਨਲ ਮੈਚ ਵਿੱਚ, ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਫਿਲੌਰ ਨੇ ਅਸਾਧਾਰਨ ਟੀਮ ਵਰਕ, ਦ੍ਰਿੜ ਇਰਾਦੇ ਦਾ ਪ੍ਰਦਰਸ਼ਨ ਕੀਤਾ। ਇਸ ਜਿੱਤ ਨੇ ਸਕੂਲ ਨੂੰ ਬਹੁਤ ਮਾਣ ਦਿਵਾਇਆ ਕਿਉਂਕਿ ਉਨ੍ਹਾਂ ਨੇ ਸੈਕੰਡਰੀ ਪੁਜ਼ੀਸ਼ਨ ਹਾਸਲ ਕੀਤੀ ਅਤੇ ਅੰਡਰ-17 ਕੁੜੀਆਂ ਨੇ ਸਰਕਲ ਸਟਾਈਲ ਕਬੱਡੀ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਅੰਡਰ-19 ਟੀਮ ਨੇ ਸਰਕਲ ਸਟਾਈਲ ਕਬੱਡੀ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਮੁਸਕਾਨ ਅਤੇ ਅੰਜਲੀ ਨੇ ਅੰਡਰ-14 ਕੁੜੀਆਂ ਦੀ ਰਾਸ਼ਟਰੀ ਸਟਾਈਲ ਕਬੱਡੀ ਵਿੱਚ ਹਿੱਸਾ ਲਿਆ ਅਤੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਅੰਡਰ-17 ਕੁੜੀਆਂ ਵਿੱਚ ਮਨਪ੍ਰੀਤ ਅਤੇ ਤਾਨੀਆ ਨੇ ਰਾਸ਼ਟਰੀ ਸਟਾਈਲ ਕਬੱਡੀ ਟੂਰਨਾਮੈਂਟ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਟੂਰਨਾਮੈਂਟ ਨੇ ਨਾ ਸਿਰਫ਼ ਨੌਜਵਾਨ ਖਿਡਾਰੀਆਂ ਦੀ ਖੇਡ ਭਾਵਨਾ ਨੂੰ ਉਜਾਗਰ ਕੀਤਾ ਸਗੋਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਤੰਦਰੁਸਤੀ ਅਤੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਨੂੰ ਵੀ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਤਿਰਲੋਕ ਤੇ ਸ੍ਰੀ ਹਰੀ ਕ੍ਰਿਸ਼ਨ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਿਲੌਰ ਦੇ ਕਾਰਜਕਾਰੀ ਇੰਚਾਰਜ ਨੇ ਜੇਤੂ ਟੀਮ ਅਤੇ ਉਨ੍ਹਾਂ ਦੇ ਸਲਾਹਕਾਰ ਨੂੰ ਸਕੂਲ ਦਾ ਨਾਂਅ ਰੌਸ਼ਨ ਕਰਨ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਅਕਾਦਮਿਕ ਅਤੇ ਖੇਡਾਂ ਦੋਵਾਂ ਵਿੱਚ ਉੱਤਮਤਾ ਲਈ ਯਤਨਸ਼ੀਲ ਰਹਿਣ ਲਈ ਪ੍ਰੇਰਿਤ ਕੀਤਾ ਜੇਤੂ ਟੀਮ ਅਤੇ ਉਨ੍ਹਾਂ ਦੇ ਸਲਾਹਕਾਰ ਨੂੰ ਸਕੂਲ ਦਾ ਨਾਮ ਰੌਸ਼ਨ ਕਰਨ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਅਕਾਦਮਿਕ ਅਤੇ ਖੇਡਾਂ ਦੋਵਾਂ ਵਿੱਚ ਉੱਤਮਤਾ ਲਈ ਯਤਨਸ਼ੀਲ ਰਹਿਣ ਲਈ ਪ੍ਰੇਰਿਤ ਕੀਤਾ।



# ਭਗਵਾਨ ਵਾਲਮੀਕਿ ਦਾ ਪ੍ਰਕਾਸ਼ ਪੁਰਬ ਮਨਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਇੰਦਰਾ ਕਲੋਨੀ, ਪਿੰਡ ਧੀਣਾ ਵਿਖੇ ਭਗਵਾਨ ਵਾਲਮੀਕਿ ਮਹਾਰਾਜ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ ਇਸ ਮੌਕੇ ਭਗਵਾਨ ਵਾਲਮੀਕਿ ਦੀ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਗਈ। ਪੰਜਾਬੀ ਗਾਇਕ ਅਮਰੀਕ ਮਾਈਕਲ , ਇੰਟਰਨੈਸ਼ਨਲ ਕੀਰਤਨੀ ਜੱਥਾ ਭਾਈ ਅਜੇ ਵੀਰ ਮਾਓਵਾਲ ਵਾਲੇ ਤੇ ਅਮਰਜੀਤ ਖੇੜਾ ਨੇ ਭਗਵਾਨ ਵਾਲਮੀਕਿ ਦੀ ਮਹਿਮਾ ਦਾ ਗੁਣਗਾਨ ਕੀਤਾ। ਹਲਕਾ ਇੰਚਾਰਜ ਬਚਿੱਤਰ ਸਿੰਘ ਕੁਲਾਰ ਆਮ ਆਦਮੀ ਪਾਰਟੀ ਜਲੰਧਰ ਕੈਂਟ ਅਤੇ ਐੱਮ ਸੀ 15 ਨੰਬਰ ਵਾਰਡ ਜਲੰਧਰ ਕੈਂਟ ਸਮਾਗਮ ਵਿੱਚ ਸ਼ਾਮਿਲ ਹੋਏ। ਇੰਦਰਾ ਕਲੋਨੀ ਪਿੰਡ ਧੀਣਾ ਦੇ ਮੰਦਿਰ ਵਿਚ ਵੀ ਸੂਫ਼ੀ ਗਾਇਕਾ ਰੀਨਾ ਨੂਰਪੁਰੀ , ਜਸਵਿੰਦਰ ਗੁਲਾਮ , ਪੰਜਾਬੀ ਲੋਕ ਗਾਇਕ ਅਮਰੀਕ ਮਾਈਕਲ, ਸਰਬਜੀਤ ਕਲਿਆਣ, ਬੀ ਕੇ ਰਾਹੀ, ਬਲਵੀਰ ਕੁਮਾਰ , ਜੱਗੀ ਸਹੋਤਾ ਨੇ ਗਾ ਕੇ ਹਾਜ਼ਰੀ ਲਗਾਈ। ਇਸ ਮੌਕੇ ਭਗਵਾਨ ਵਾਲਮੀਕਿ ਮੰਦਿਰ ਦੇ ਮੁੱਖ ਸੇਵਾਦਾਰ ਜੋਗੀ ਲਾਲ ਦੱਤ , ਪ੍ਰਧਾਨ ਅਸ਼ੋਕ ਕੁਮਾਰ ਗਣਾ , ਜਸਵਿੰਦਰ ਲਾਡੀ , ਸਨੀ ਕੁਮਾਰ, ਕਾਲਾ , ਪ੍ਰਧਾਨ ਗੀਟਾ ਦੱਤ ਅਤੇ ਹੋਰ ਮੈਂਬਰਾਂ ਵੱਲੋਂ ਸਮਗਾਮ ਵਿੱਚ ਪੁਜੀਆਂ ਸਖਸ਼ੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।



# ਮੋਹਾਲੀ ਵਿਖੇ ਅੰਤਰ-ਜ਼ਿਲ੍ਹਾ ਸਕੂਲ ਖੇਡਾਂ 13 ਤੋਂ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਖੇਡ ਅਫ਼ਸਰ ਰੁਪੇਸ਼ ਬੇਗੜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 69ਵੀਆਂ ਅੰਤਰ-ਜ਼ਿਲ੍ਹਾ ਸਕੂਲ ਖੇਡਾਂ (ਵਾਲੀਬਾਲ ਅੰਡਰ-14 ਲੜਕੇ) ਮਿਤੀ 13 ਅਕਤੂਬਰ ਤੋਂ 15 ਅਕਤੂਬਰ ਤੱਕ ਮਲਟੀਪਰਪਜ਼ ਸਟੇਡੀਅਮ, ਸੈਕਟਰ 63, ਮੋਹਾਲੀ ਵਿਖੇ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਮੁਕਾਬਲਿਆਂ ਵਿੱਚ ਪੰਜਾਬ ਦੇ 23 ਜ਼ਿਲ੍ਹਿਆਂ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ, ਜਿਨ੍ਹਾਂ ਵਿੱਚ ਲਗਭਗ 300 ਖਿਡਾਰੀ ਸ਼ਾਮਲ ਹੋਣਗੇ। ਖਿਡਾਰੀ 12 ਅਕਤੂਬਰ 2025 ਨੂੰ ਐਸ.ਏ.ਐਸ. ਨਗਰ ਵਿੱਚ ਪਹੁੰਚਣਗੇ। ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕਿ ਇਹ ਖੇਡਾਂ ਸਕੂਲੀ ਪੱਧਰ 'ਤੇ ਖੇਡ ਪ੍ਰਤਿਭਾਵਾਂ ਨੂੰ ਉਭਾਰਨ ਅਤੇ ਉਨ੍ਹਾਂ ਨੂੰ ਰਾਜ ਤੇ ਕੌਮੀ ਪੱਧਰ ਤੱਕ ਲੈ ਜਾਣ ਲਈ ਮਹੱਤਵਪੂਰਨ ਮੰਚ ਸਾਬਤ ਹੋਣਗੀਆਂ।



ਸ. ਵਿਕਰਮਜੀਤ ਸਿੰਘ ਚੌਧਰੀ ਐੱਮ ਐੱਲ ਏ ਹਲਕਾ ਫਿਲੌਰ ਵੱਲੋਂ ਆਪਣੇ ਹਲਕੇ ਵਿੱਚ ਚਲਾਈ ਜਾ ਰਹੀ 'ਵੋਟ ਚੋਰ ਗੱਦੀ ਛੋੜ ਦਸਤਖ਼ਤ' ਮੁਹਿੰਮ ਨੂੰ ਲੱਕੜ ਮੰਡੀ ਫਿਲੌਰ ਵਿੱਚ ਆਪਣੇ ਸਾਥੀਆਂ ਨਾਲ ਅੱਗੇ ਵਧਾਉਂਦੇ ਹੋਏ ਡਾ. ਅਸ਼ਵਨੀ ਕੁਮਾਰ ਆਸ਼ੂ ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ ਕਮੇਟੀ ਜਲੰਧਰ ਦਿਹਾਤੀ, ਪੀਯੂਸ਼, ਵਿਕਾਸ, ਅਸ਼ੋਕ ਬਤਰਾ ਅਤੇ ਪੰਡਿਤ ਰਾਜੇਸ਼। (ਫੋਟੋ ਤੇ ਵੇਰਵਾ ਨਿਰਮਲ ਫਿਲੌਰ)

# ਕਾਮਰੇਡ ਗੁਰਮੇਲ ਸਿੰਘ ਦੀ ਯਾਦ 'ਚ ਸਿਧਾਂਤਕ ਸਕੂਲ ਦੀ ਸ਼ੁਰੂਆਤ

**ਜਲੰਧਰ /ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ/ਰਾਜੇਸ਼ ਥਾਪਾ)**- ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਅਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਵੱਲੋਂ ਕਾਮਰੇਡ ਗੁਰਮੇਲ ਸਿੰਘ ਮੋਗਾ ਦੀ ਯਾਦ ਵਿੱਚ ਤਿੰਨ ਰੋਜ਼ਾ 21ਵੇ ਸਿਧਾਂਤਕ ਸਕੂਲ ਦੀ ਸ਼ੁਰੂਆਤ ਖ਼ਜ਼ੀਆਰ ( ਹਿਮਾਚਲ ਪ੍ਰਦੇਸ਼) ਵਿਖੇ ਹੋਈ। ਜਥੇਬੰਦੀ ਦੇ ਸੂਬਾ ਪ੍ਰਧਾਨ ਦੀਦਾਰ ਸਿੰਘ ਮੰਡ ਅਤੇ ਜਨਰਲ ਸਕੱਤਰ ਗੁਰਜੰਟ ਸਿੰਘ ਕੋਕਰੀ, ਪੰਜਾਬ ਪੈਨਸ਼ਨਰ ਯੂਨੀਅਨ ਦੇ ਸੂਬਾਈ ਚੇਅਰਮੈਨ ਅਵਤਾਰ ਸਿੰਘ ਗੱਗੜਾ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਅਤੇ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਦੱਸਿਆ ਕਿ ਇਸ ਸਿਧਾਂਤਕ ਸਕੂਲ ਵਿੱਚ 18 ਡਿੱਪੂਆਂ ਦੇ ਰੈਗੂਲਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਵੱਡੀ ਗਿਣਤੀ ਸ਼ਮੂਲੀਅਤ ਕੀਤੀ। ਉਹਨਾਂ ਅੱਗੇ ਦੱਸਿਆ ਕਿ ਇਸ ਸਕੂਲ ਵਿੱਚ ਕਾਮਰੇਡ ਜਗਰੂਪ ਸਿੰਘ ਮੁੱਖ ਸਲਾਹਕਾਰ ਰੋਜ਼ਗਾਰ ਪ੍ਰਾਪਤੀ ਚੇਤਨਾ ਮੁਹਿੰਮ ਕਾਮਰੇਡ ਵਰਿੰਦਰ ਖੁਰਾਣਾ ਪਟਿਆਲਾ, ਕਾਮਰੇਡ ਚਰਨਜੀਤ ਜਲਾਲਾਬਾਦ ਐਡਵੋਕੇਟ ਨੇ ਬਤੌਰ ਅਧਿਆਪਕ ਵੱਖ ਵੱਖ ਵਿਸ਼ਿਆਂ ਤੇ ਹਾਜ਼ਰ ਡੇਲੀਗੇਟਾ ਨਾਲ ਵਿਚਾਰ ਸਾਂਝੇ ਕੀਤੇ। ਜਿਸ ਵਿੱਚ ਫਲਸਫਾ ਕੀ ਹੈ ? ਅਤੇ ਮਾਰਕਸਵਾਦ ਦੀ ਵਿਆਖਿਆ ਵਿਸ਼ੇ ਸਬੰਧੀ ਰੋਸ਼ਨੀ ਪਾਈ ਅਤੇ ਕਿਹਾ ਕਿ ਮਾਰਕਸਵਾਦ ਦਾ ਸਿਧਾਂਤ ਸਮਾਜ ਦੇ ਹਿੱਤਾਂ ਦੀ ਰੱਖਿਆ ਕਰਦਾ ਹੈ ਅਤੇ ਕੰਮ ਦੇ ਅਨੁਸਾਰ ਉਜ਼ਰਤਾਂ ਦੇਣ ਦਾ ਸੁਨੇਹਾ ਦਿੰਦਾ ਹੈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਆਗੂ ਸੁਰਿੰਦਰ ਸਿੰਘ ਬਰਾੜ, ਨਵਦੀਪ ਸਿੰਘ ਤਰਨਤਾਰਨ, ਗੁਰਚਰਨ ਕੌਰ ਮੋਗਾ, ਪੈਨਸ਼ਨਰ ਆਗੂ ਇਕਬਾਲ ਸਿੰਘ ਪਠਾਨਕੋਟ, ਜਗਤਾਰ ਸਿੰਘ ਭੁੰਗਰਨੀ, ਹਰਜਿੰਦਰ ਸਿੰਘ ਸੀਲੋਂ, ਨਸੀਬ ਸਿੰਘ ਰੋਪੜ, ਦਰਸ਼ਨ ਸਿੰਘ ਥਰੀਕੇ , ਸੰਤੋਖ ਸਿੰਘ ਜਲੰਧਰ, ਸੰਦੀਪ ਸਿੰਘ ਪ੍ਰਧਾਨ ਜਲੰਧਰ, ਬਲਵੀਰ ਸਿੰਘ, ਰਮੇਸ਼ ਚੰਦ ਸਾਬਕਾ ਪਟਵਾਰੀ, ਪਰਮਜੀਤ ਸਿੰਘ ਨਡਾਲੋ ,ਤਰਸੇਮ ਨਰੂਲਾ ਫਰੀਦਕੋਟ, ਸੁਰੇਸ਼ ਕੁਮਾਰ ਪਠਾਨਕੋਟ ਆਦਿ ਹਾਜ਼ਰ ਸਨ।



# ਅੱਖਾਂ ਦਾ ਮੁਫਤ ਜਾਂਚ ਕੈਂਪ ਤੇ ਜਾਗਰੂਕਤਾ ਮੁਹਿੰਮ

**ਜਲੰਧਰ (ਸ਼ੈਲੀ ਐਲਬਰਟ)**- ਬੋਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰਸਟ ਦੀ 'ਦਿਸ਼ਾ-ਐਨ ਇਨੀਸ਼ਿਏਟਿਵ' ਦੇ ਤਹਿਤ 'ਲਵ ਯੂਵਰ ਆਇਜ਼' ਨਾਮਕ ਜਾਗਰੂਕਤਾ ਮੁਹਿੰਮ 'ਵਰਲਡ ਸਾਈਟ ਡੇ' ਮਨਾਉਣ ਲਈ ਸ਼ੁਰੂ ਕੀਤੀ ਗਈ। ਇਸ ਮੁਹਿੰਮ ਵਜੋਂ ਅੱਖਾਂ ਦੀ ਸਿਹਤ , ਬਚਾਵ ਅਤੇ ਦੇਖਭਾਲ ਦੇ ਤਰੀਕਿਆਂ ਨੂੰ ਉਤਸ਼ਾਹਿਤ ਕਰਨ ਲਈ ਮੁਫ਼ਤ ਅੱਖਾਂ ਦੀ ਜਾਂਚ ਕੈਂਪ ਅਤੇ ਜਾਗਰੂਕਤਾ ਸੈਸ਼ਨ ਆਯੋਜਿਤ ਕੀਤੇ ਗਏ। ਇੰਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਟਿਊਸ਼ਨਜ਼, ਲੋਹਾਰਾਂ ਵਿਖੇ ਇਹ ਕੈਂਪ ਡਾ. ਰੋਹਨ ਬੋਰੀ (ਐੱਮ ਬੀ ਬੀ ਐੱਸ, ਐੱਮ ਐੱਸ ਆਫਥੈਮੋਲੋਜੀ, ਐੱਫ ਪੀ ਆਰ ਐੱਸ.) ਆਈ ਸਪੈਸ਼ਲਿਸਟ ਅਤੇ ਡਿਪਟੀ ਡਾਇਰੈਕਟਰ, ਹੈਲਥ ਸਰਵਿਸਿਜ਼, ਇੰਨੋਸੈਂਟ ਹਾਰਟਸ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਲਈ ਵਿਸਤ੍ਰਿਤ ਅੱਖਾਂ ਦੀ ਜਾਂਚ ਕੀਤੀ ਗਈ, ਜਿਸ ਵਿੱਚ ਦ੍ਰਿਸ਼ਟੀ ਸੰਬੰਧੀ ਸਮੱਸਿਆਵਾਂ ਦੀ ਸ਼ੁਰੂਆਤੀ ਪਹਿਚਾਣ ਤੇ ਨਿਯਮਿਤ ਅੱਖਾਂ ਦੀ ਜਾਂਚ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਦੇ ਨਾਲ ਹੀ ਇੰਨੋਸੈਂਟ ਹਾਰਟਸ ਸਕੂਲਾਂ ਦੇ ਸਾਰੇ ਕੈਂਪਸਾਂ—ਗ੍ਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ-ਜੰਡਿਆਲਾ ਰੋਡ, ਨੂਰਪੁਰ ਰੋਡ ਅਤੇ ਕਪੂਰਥਲਾ ਰੋਡ-'ਤੇ ਜਾਗਰੂਕਤਾ ਗੱਲਬਾਤਾਂ ਦਾ ਆਯੋਜਨ ਕੀਤਾ ਗਿਆ। ਹੈਲਥ ਐਂਡ ਵੈੱਲਨੈੱਸ ਕਲੱਬ ਦੇ ਐਂਬੈਸਡਰਾਂ ਨੇ ਜਾਣਕਾਰੀ ਭਰਪੂਰ ਸੈਸ਼ਨਾਂ ਦੀ ਅਗਵਾਈ ਕੀਤੀ, ਜਿਨ੍ਹਾਂ ਵਿੱਚ ਅੱਖਾਂ ਦੀ ਦੇਖਭਾਲ ਦੀ ਮਹੱਤਤਾ ਬਾਰੇ ਜ਼ੋਰ ਦਿੱਤਾ ਗਿਆ ਅਤੇ ਚੰਗੀ ਦ੍ਰਿਸ਼ਟੀ ਅਤੇ ਅੱਖਾਂ ਦੀ ਸਫ਼ਾਈ ਬਰਕਰਾਰ ਰੱਖਣ ਲਈ ਲਾਭਦਾਇਕ ਸੁਝਾਅ ਸਾਂਝੇ ਕੀਤੇ।




ਵਰ੍ਹੇਗੰਢ ਮੁਬਾਰਕ



ਸੰਦੀਪ ਵਰਮਾ ਅਤੇ ਰਿਤੂ ਵਰਮਾ ਵਾਸੀ ਮਾਲੇਰਕੋਟਲਾ ਨੂੰ ਵਿਆਹ ਦੀ ਵਰ੍ਹੇਗੰਢ ਦੀਆਂ ਮੁਬਾਰਕਾਂ।



ਜੋਗਿੰਦਰ ਸਿੰਘ ਅਤੇ ਜਸਵੀਰ ਕੌਰ ਨੂੰ ਵਿਆਹ ਦੀ 39ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।



ਵਿਜੇ ਪਾਲ ਅਤੇ ਰੀਨਾ ਦੇਵੀ ਵਾਸੀ ਬੈਂਜ ਬਾਜਾ ਨੂੰ ਵਿਆਹ ਦੀ 47ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।